INTERNATIONAL MAGAZINE
RNI No. 61816/95

Postal Regd. No. CHD/0081/2018-20

Date of Publishing : 23/05/2019
Page No. From 1 to 68
Date of Posting
Last Date of Every Month
Posted by MBU

30/-

ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥

# ਆਤਮ ਮਾਰਗ

ਜੂਨ 2019

## ਗੁਰੁ ਅਰਜੁਨੁ ਪਰਤਖੁ ਹਰਿ॥



# ਇੰਗਲੈਂਡ – ਗੁਰਮਤਿ ਸਮਾਗਮ

## 17 ਮਈ ਤੋਂ 3 ਜੂਨ 2019 ਤੱਕ

### ਵੱਲੋਂ : ਸੰਤ ਬਾਬਾ ਲਖਬੀਰ ਸਿੰਘ ਜੀ

(ਮੌਜੂਦਾ ਮੁੱਖੀ ਟਰਸਟ ਰਤਵਾੜਾ ਸਾਹਿਬ)



ਸੰਤਖੰਡਵਾਸੀ
ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ
ਰਤਵਾੜਾ ਸਾਹਿਬ

### : ਪ੍ਰੋਗਰਾਮ :

1. Place : Sri Guru Singh Sabha Gurdwara, Icknield Way, Letchworth SG6 1EF
   Date : Sat 18 May
   Time : 10.45am.

2. Place : Guru Nanak Gurdwara, High Street, Smethwick,B66 3AP
   Date : Sat 18 May
   Time : 7pm to 8.30pm

3. Place : Guru Nanak Gurdwara, : Dallow Road, Luton LU1 1LY
   Date : Sun 19 May
   Time : 11.15am to 12.45pm

4. Place : Great Denham, Bedford
   Date : Sun 19 May
   : 6.30pm -

5. Place : Kempston. Bedford
   Date : Mon 20 May
   Time : 6.30pm

6. Place : Guru Amar Dass Gurdwara Southall.
   Date : Sat 25th May
   Time : 11.30am

7. Place : Guru Nanak Gurdwara, Old Ford End Road, Bedford MK40 4JX
   Date : Sun 26 May
   Time : 11am to 12.15pm

8. Place : Karamsar Gurdwara, High Road, Ilford, IG1 1TL
   Date : Sun 26 May
   Time : 7pm to 8.15pm:

9. Place : Karamsar Gurdwara, High Road, Ilford, IG1 1TL
   Date : Mon 27 May
   Time : 7pm to 8.15pm

10. Place : Gurdwara Guru Nanak Parkash, Harnall Lane W, Coventry CV1 4FBÀ
    Date : Weds 29 May
    Time : 7pm to 8.30pm:

11. : Guru Panth Parkash Gurdwara, Ashford Road, Leicester LE2 6AA
    Date : Fri 31 May
    Time : 7pm to 8.30pm

12. Place : Guru Panth Parkash Gurdwara, Ashford Road, Leicester LE2 6AA
    Date : Sat 1st June
    Time : 7pm to 8.30 pm

13. Place : Bedford
    Date : 2nd June

14. Place : Bedford
    Date : 3rd June

**FOR FURTHER INFORMATION PLEASE CONTACT :**

**Bhai Jatinder Singh**
**0 785 048 9499**

**Bhai Gurmukh Singh**
**0 798 954 0033**

**Bhai Manraj Singh (Midlands)**
**0 789 697 2725**



ਸੰਤ ਬਾਬਾ ਲਖਬੀਰ ਸਿੰਘ ਜੀ
ਰਤਵਾੜਾ ਸਾਹਿਬ

# ਆਤਮ ਮਾਰਗ

ਸਾਲ-ਪੱਚੀਵਾਂ, ਮਹੀਨਾ - ਜੂਨ, 2019

ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ

ਸੰਚਾਲਕ

ਸੱਚਖੰਡ ਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ

ਸੰਤ ਮਾਤਾ (ਬੀਜੀ) ਰਣਜੀਤ ਕੌਰ ਜੀ

| ਚੇਅਰਮੈਨ | ਐਡੀਟਰ-ਇਨ-ਚੀਫ |
|---|---|
| ਸੰਤ ਬਾਬਾ ਲਖਬੀਰ ਸਿੰਘ ਜੀ | ਬਾਬਾ ਹਰਪਾਲ ਸਿੰਘ ਜੀ |
| ਮੈਨੇਜਿੰਗ ਐਡੀਟਰ | ਚੀਫ ਐਡੀਟਰ |
| ਭਾਈ (ਡਾ.) ਸੁਖਵਿੰਦਰ ਸਿੰਘ | ਡਾ. ਜਗਜੀਤ ਸਿੰਘ |


## ਮੈਗਜ਼ੀਨ ਸਬੰਧੀ ਹਰ ਤਰ੍ਹਾਂ ਦੀ ਪੁੱਛਗਿੱਛ

ਜੇਕਰ ਆਪ ਜੀ ਨੂੰ ਮਹੀਨੇ ਦੀ 15 ਤਾਰੀਖ ਤੱਕ ਮੈਗਜ਼ੀਨ ਨਹੀਂ ਪਹੁੰਚਦਾ ਅਤੇ ਮੈਗਜ਼ੀਨ ਸਬੰਧੀ ਹਰ ਤਰ੍ਹਾਂ ਦੀ ਪੁੱਛਗਿੱਛ ਲਈ ਹੇਠ ਲਿਖੇ ਨੰਬਰਾਂ ਤੇ ਦਫਤਰੀ ਸਮਾਂ ਸਵੇਰੇ 10.00 ਵਜੇ ਤੋਂ ਸ਼ਾਮ 5.00 ਵਜੇ ਤੱਕ ਫੋਨ ਕਰਨ ਦੀ ਕ੍ਰਿਪਾਲਤਾ ਕਰੋ ਜੀ।


ਫੋਨ :- 94172-14391, 84378-12900, 94172-14379,

Email :atammarg1@yahoo.co.in



Postal Address for any Enquiry, Money Order, Cheque and drafts :

'ATAM MARG' MAGAZINE

Gurdwara Ishar Parkash, Ratwara Sahib (New Chandigarh) P.o. Mullanpur Garibdas, Teh. Kharar, Distt. S.A.S Nagar (MOHALI) - 140901, Pb. India


**SUBSCRIPTION - ਚੰਦਾ - (ਦੇਸ਼)**

| ਸਾਲਾਨਾ | ਜੀਵਨ ਕਾਲ | ਫੀ ਕਾਪੀ |
|---|---|---|
| 300/- | 3000/- | 30/- |
| 320/- | 3020/- (For outstation cheques) | |

**SUBSCRIPTION FOREIGN (ਵਿਦੇਸ਼)**

| | Annual | Life |
|---|---|---|
| U.S.A. | 60 US$ | 600 US$ |
| U.K. | 40 £ | 400 £ |
| Canada | 80 Can $ | 800 Can $ |
| Australia | 80 Aus $ | 800 Aus $ |


ਪ੍ਰਕਾਸ਼ਕ ਦੇ ਸਭ ਹੱਕ ਰਾਖਵੇਂ ਹਨ।



ਪ੍ਰਿੰਟਰ, ਪਬਲਿਸ਼ਰ ਤੇ ਐਡੀਟਰ ਬਾਬਾ ਹਰਪਾਲ ਸਿੰਘ ਰਤਵਾੜਾ ਸਾਹਿਬ ਨੇ 'ਆਤਮ ਮਾਰਗ' ਜੈ ਆਫਸੈਟ ਪ੍ਰਿੰਟਰਜ਼, 905 ਇੰਡਸਟਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਮੁੱਖ ਦਫਤਰ 'ਆਤਮ ਮਾਰਗ', ਰਤਵਾੜਾ ਸਾਹਿਬ, ਡਾਕਖਾਨਾ ਮੁੱਲਾਂਪੁਰ ਗਰੀਬਦਾਸ, ਤਹਿਸੀਲ ਖਰੜ, ਜ਼ਿਲ੍ਹਾ - ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਪੰਜਾਬ ਤੋਂ ਪ੍ਰਕਾਸ਼ਿਤ ਕੀਤਾ।



Please visit us on internet at :-

For Atam Marg Email : atammarg1@yahoo.co.in,

Website & Live video -

www.ratwarasahib.in
www.ratwarasahib.org } (Every sunday)

Email :sratwarasahib.in@gmail.com


## ਵਿਦੇਸ਼ ਵਿਚ ਆਤਮ ਮਾਰਗ ਦੇ ਕੇਂਦਰ

ਅਮਰੀਕਾ - ਭਾਈ ਅਮਰਦੀਪ ਸਿੰਘ ਅਟਵਾਲ 001-408-263-1844

ਕਨੇਡਾ - ਭਾਈ ਸਰਮੁਖ ਸਿੰਘ ਪਨੂੰ, ਵੈਨਕੂਵਰ 001-604-433-0408

ਭਾਈ ਤਰਸੇਮ ਸਿੰਘ ਬੈਂਸ 001-604-862-9525

ਭਾਈ ਜਸਬੀਰ ਸਿੰਘ ਰਾਣੂ 001-604-589-9189

ਇੰਗਲੈਂਡ - ਬੀਬੀ ਗੁਰਬਖਸ਼ ਕੌਰ ਅਤੇ ਭਾਈ ਜਗਤਾਰ ਸਿੰਘ ਜੱਗੀ 0044-121-200-2818

ਭਾਈ ਅਰਵਿੰਦਰ ਸਿੰਘ (ਰਾਜ) 0044-7968734058

ਆਸਟਰੇਲੀਆ- ਬੀਬੀ ਜਸਪ੍ਰੀਤ ਕੌਰ : 0061-406619858

## ਰਤਵਾੜਾ ਸਾਹਿਬ ਵਿਖੇ ਅਦਾਰਿਆਂ ਦੇ ਸੰਪਰਕ

1. ਆਤਮ ਮਾਰਗ ਮੈਗਜ਼ੀਨ (ਪੰਜਾਬੀ ਅਤੇ ਹਿੰਦੀ) 9417214391, 84378-12900, 9417214379,
2. ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਸ.ਸ.ਸਕੂਲ (CBSE) 0160-2255003
3. ਮਾਤਾ ਸਾਹਿਬ ਕੌਰ ਸਿਲਾਈ ਸੈਂਟਰ : 96461-01996
4. ਸੰਤ ਵਰਿਆਮ ਸਿੰਘ ਮੈਮੋਰੀਅਲ ਸ.ਸ.ਸਕੂਲ (P.B.) 95920-55581
5. ਸੰਤ ਵਰਿਆਮ ਸਿੰਘ ਚੈਰੀਟੇਬਲ ਹਸਪਤਾਲ : 92176-93845
6. ਇੰਟਰਨੈਸ਼ਨਲ ਡੀਵਾਇਨ ਸਕੂਲ ਆਫ ਨਰਸਿੰਗ 94172-14382
7. ਇੰਟਰਨੈਸ਼ਨਲ ਡੀਵਾਇਨ ਕਾਲਜ ਆਫ ਐਜੂਕੇਸ਼ਨ 94172-14382
8. ਅਕਾਲ ਬਿਰਧ ਆਸ਼ਰਮ : 98157-28220

## ਵਿਸ਼ੇਸ਼ ਜਾਣਕਾਰੀ ਲਈ

| | | |
|---|---|---|
| ਸ਼੍ਰੀ ਮਾਨ ਜੀ | - | 98551-32009 |
| ਸ਼੍ਰੀ ਅਖੰਡਪਾਠ ਸਾਹਿਬ ਸੇਵਾ | - | 94647-12900 |
| ਆਡੀਓ-ਵੀਡੀਓ ਲਾਇਬ੍ਰੇਰੀ | - | 98728-14385 |
| | | 98555-28517 |
| ਕੇਬਲ ਟੀ.ਵੀ ਨੈਟਵਰਕ | - | 94172-14385 |

ਹੋਰ ਸੰਪਰਕ ਨੰਬਰ

98889-10777, 96461-01996, 9417214381

# ਤੱਤਕਰਾ


| | | |
|---|---|---|
| 1. | ਸੰਪਾਦਕੀ | 5 |
| | *(ਡਾ.) ਭਾਈ ਸੁਖਵਿੰਦਰ ਸਿੰਘ* | |
| 2. | ਬਾਰਹ ਮਾਹਾ | 7 |
| | *ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ* | |
| 3. | ਸ੍ਰੀ ਗੁਰੂ ਅਰਜਨ ਦੇਵ ਜੀ, ਯੋਗੀਰਾਜ ਨੂੰ ਉਪਦੇਸ਼ | 10 |
| | *ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ* | |
| 4. | ਭਾਈ ਜਮਾਲ ਜੀ ਨੂੰ ਗੁਰੂ ਹਰਿਗੋਬਿੰਦ ਸਾਹਿਬ ਜੀ ਪਾਸੋਂ ਅਨੁਭਵੀ ਮਾਰਗ ਦਰਸ਼ਨ | 19 |
| | *ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ* | |
| 5. | ਬਾਬਾਣੀਆਂ ਕਹਾਣੀਆਂ | 30 |
| | *ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ* | |
| 6. | ਜਨਮ ਮਰਣ ਦੁਹਹੂ ਮਹਿ ਨਾਹੀ | 34 |
| | *ਸੰਤ ਬਾਬਾ ਹਰਪਾਲ ਸਿੰਘ ਜੀ* | |
| 7. | ਨੂਰਾਨੀ ਜੀਵਨ ਦੀ ਇਕ ਝਲਕ (ਪਿਆਰੇ ਮਹਾਂਪੁਰਸ਼ਾਂ ਦੇ ਜਨਮ ਦਿਵਸ ਤੇ ਵਿਸ਼ੇਸ਼) | 38 |
| | *ਭਾਈ (ਡਾ.) ਸੁਖਵਿੰਦਰ ਸਿੰਘ* | |
| 8. | ਗੁਰੂ ਅਰਜੁਨ ਪਰਤਖੁ ਹਰਿ | 45 |
| | *ਡਾ. ਜਗਜੀਤ ਸਿੰਘ* | |
| 9. | ਗੁਰਬਾਣੀ ਅਰਥ-ਭੰਡਾਰ | 49 |
| | *ਸੰਤ ਹਰੀ ਸਿੰਘ ਜੀ ਰੰਧਾਵੇ ਵਾਲੇ* | |
| 10. | ਵਾਰਾਂ ਭਾਈ ਗੁਰਦਾਸ ਜੀ | 51 |
| | *ਡਾ. ਭਾਈ ਵੀਰ ਸਿੰਘ* | |
| 11. | ਸੁਆਮੀ ਰਾਮ ਜੀ ਦੇ ਪ੍ਰੇਰਨਾਤਮਕ ਵਿਚਾਰ | 53 |
| | *ਡਾ. ਸਵਾਮੀ ਰਾਮ ਜੀ* | |
| 12. | ਵਿਸ਼ੇਸ਼ ਜਾਣਕਾਰੀ :- ਅਸਥਾਨ 'ਤੇ ਪ੍ਰੋਗਰਾਮ, ਇੰਟਰਨੈਟ ਵੈਬਸਾਈਟ, ਕੀਰਤਨ ਲਾਈਵ ਟੈਲੀਕਾਸਟ, ਬੈਂਕ ਅਕਾਊਂਟ, ਆਤਮ ਮਾਰਗ ਮੈਂਬਰਸ਼ਿਪ ਫਾਰਮ, ਹਸਪਤਾਲ ਅਤੇ ਪੁਸਤਕ ਸੂਚੀ | 55 |

# ਸੰਪਾਦਕੀ

*(ਡਾ.) ਭਾਈ ਸੁਖਵਿੰਦਰ ਸਿੰਘ*

*ਹਰਿ ਕਾ ਭਾਣਾ ਮੰਨਹਿ ਸੇ ਜਨ ਪਰਵਾਣੁ ॥*
*ਗੁਰ ਕੈ ਸਬਦਿ ਨਾਮ ਨੀਸਾਣੁ ॥ ਅੰਗ- ੧੧੨੯*

ਦੁਨੀਆਂ ਦੇ ਇਤਿਹਾਸ ਦੇ ਅੰਦਰ ਅਨੇਕਾਂ ਘਟਨਾਵਾਂ ਵਾਪਰੀਆਂ ਹਨ। ਇਹਨਾਂ ਵਾਪਰ ਚੁਕੀਆਂ ਘਟਨਾਵਾਂ ਵਿਚੋਂ ਕੁਝ ਕੁ ਐਸੀਆਂ ਹਨ ਜੋ ਮਾਨਵਤਾ ਲਈ ਸੇਧਕ, ਪ੍ਰੇਰਕ ਤੇ ਪੱਥ ਪ੍ਰਦਰਸ਼ਕ ਹਨ। ਇਸੇ ਤਰ੍ਹਾਂ ਜੂਨ ਦਾ ਮਹੀਨਾ ਸਮੁੱਚੀ ਮਾਨਵਤਾ ਲਈ ਵਿਸ਼ੇਸ਼ ਸੰਦੇਸ਼ ਲੈ ਕੇ ਆਉਂਦਾ ਹੈ। ਇਸ ਮਹੀਨੇ ਨਿਰੰਕਾਰ ਦੀ ਪੰਜਵੀਂ ਜੋਤਿ ਸ਼ਹੀਦਾਂ ਦੇ ਸਿਰਤਾਜ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਐਸੀ ਕਰਨੀ ਕੀਤੀ ਕਿ ਆਉਣ ਵਾਲੀਆਂ ਨਸਲਾਂ, ਮਜ਼੍ਹਬਾਂ ਤੇ ਆਤਮ ਮਾਰਗ ਦੇ ਜਗਿਆਸੂ ਜਨਾਂ ਲਈ ਪ੍ਰੇਰਨਾ ਦਾ ਸਰੋਤ ਬਣੀ ਰਹੇਗੀ। ਭਾਵੇਂ ਸਮੁੱਚਾ ਸਿੱਖ ਇਤਿਹਾਸ ਐਸੀਆਂ ਵਿਲੱਖਣ ਘਟਨਾਵਾਂ ਨਾਲ ਭਰਿਆ ਪਿਆ ਹੈ ਜਿਨ੍ਹਾਂ ਰਾਹੀਂ ਸਿੱਖ ਕੌਮ ਦੀ ਮੂੰਹ ਬੋਲਦੀ ਤਸਵੀਰ ਪ੍ਰਗਟ ਹੁੰਦੀ ਹੈ। ਗੁਰਮਤਿ ਦਾ ਇਹ ਇਕ ਵਿਸ਼ੇਸ਼ ਸਿਧਾਂਤ ਹੈ ਕਿ ਜੋ ਕੁਝ ਦੂਜਿਆਂ ਨੂੰ ਪ੍ਰੇਰਿਆ ਜਾਣ ਵਾਲਾ ਹੋਵੇ, ਪਹਿਲਾਂ ਉਸ 'ਤੇ ਆਪ ਵਿਹਾਰਿਕ ਰੂਪ ਵਿਚ ਚੱਲ ਕੇ ਦਿਖਾਇਆ ਜਾਵੇ। ਨਿਰੰਕਾਰੀ ਇਲਾਹੀ ਗੁਰੂ ਜੋਤਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਰੂਪ ਵਿਚ ਪਹਿਲੇ ਜਾਮੇ ਵਿਚ ਪ੍ਰਗਟ ਹੁੰਦੀ ਹੈ। 10 ਜਾਮੇ ਪਵਿੱਤਰ ਸਰੀਰਾਂ ਦੇ ਧਾਰਨ ਕਰਨ ਉਪਰੰਤ ਹੁਣ 11ਵੇਂ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਹੀਂ ਲੋਕਾਈ, ਦਾ ਉਧਾਰ ਕਰ ਰਹੇ ਹਨ। ਹਰ ਤਰ੍ਹਾਂ ਦੀਆਂ ਬਖਸ਼ਿਸ਼ਾਂ ਕਰ ਰਹੇ ਹਨ। ਭਾਵੇਂ ਗੁਰੂ ਸਰੀਰ ਨਹੀਂ, ਜੋਤਿ ਹੈ। ਫਿਰ ਵੱਖ-ਵੱਖ ਜਾਮਿਆਂ ਵਿਚ ਇਕੋ ਜੋਤਿ ਨੇ ਵੱਖ-ਵੱਖ ਕਾਰਜ ਕੀਤੇ ਹਨ। ***''ਇਕਾ ਬਾਣੀ ਇਕੁ ਗੁਰੁ ਸਬਦੁ ਵੀਚਾਰਿ ॥'(ਅੰਗ-646)*** ਇਹਨਾਂ ਕੀਤੇ ਗਏ ਸਮੁੱਚੇ ਕਾਰਜਾਂ ਦਾ ਸਿਧਾਂਤ ਇਕੋ ਹੈ। ਪਰ ਸਮੇਂ-ਸਮੇਂ ਸਿਰ ਸਤਿਗੁਰਾਂ ਨੇ ਜੋ ਕੁਝ ਲੋਕਾਈ ਨੂੰ ਬਖਸ਼ਿਸ਼ ਕਰਨਾ ਸੀ, ਪ ਹਿਲਾਂ ਉਸ ਤੇ ਆਪ ਚਲ ਕੇ ਗਾਡੀ ਰਾਹ ਬਣਾਇਆ। ਆਪ ਕਰਕੇ ਦਿਖਾਇਆ ਤੇ ਅਗਾਂਹਾਂ ਵਾਸਤੇ ਪੂਰਨੇ ਪਾ ਕੇ ਦਿਤੇ। ਸਿੱਖ ਫੁਲਵਾੜੀ ਨੇ ਲੋਕਾਈ ਨੂੰ ਖੁਸ਼ਬੋ ਦੇਣੀ ਸੀ। ਗੁਣਾਂ ਰੂਪੀ ਗੁਲਦਸਤੇ ਨੇ ਖੁਸ਼ਬੋ ਵੰਡਣੀ ਸੀ। ਇਸ ਖੁਸ਼ਬੋ ਦੇ ਪਾਸਾਰ ਲਈ ਇਸ ਵਿਚ ਵੱਖ-ਵੱਖ ਰੰਗਾਂ ਦੇ ਫੁੱਲ ਖਿਲਾਉਣੇ ਜ਼ਰੂਰੀ ਸਨ। ਇਸ ਬਗੀਚੇ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਕਰ ਕਮਲਾਂ ਨਾਲ ਲਾਇਆ ਤੇ ਬਾਅਦ ਵਾਲੇ ਸਤਿਗੁਰਾਂ ਨੇ ਇਸ ਨੂੰ ਪ੍ਰਫੁਲਤ ਕਰਨ ਲਈ ਵੱਖ-ਵੱਖ ਤਰ੍ਹਾਂ ਦੇ ਫੁੱਲ ਅਤੇ ਖੁਰਾਕ ਇਸ ਨੂੰ ਪ੍ਰਦਾਨ ਕੀਤੀ। ਪੰਜਵੇਂ ਸਤਿਗੁਰੂ ਨੇ ਇਸ ਨੂੰ ਸ਼ਹੀਦੀ ਦਾ ਖੂਨ ਪਾ ਕੇ ਸਿੰਜਿਆ। ਸ਼ਹੀਦੀ ਦੇ ਅਰਥਾਂ ਤੋਂ ਸਪਸ਼ਟ ਹੁੰਦਾ ਹੈ ਕਿ 'ਸੱਚ ਦੀ ਗਵਾਹੀ' ਸੱਚ ਦੀ ਐਸੀ ਮਿਸਾਲ ਕਾਇਮ ਕੀਤੀ ਕਿ ਇਹ ਸੱਚ ਰਹਿੰਦੀ ਦੁਨੀਆਂ ਤਕ ਗਵਾਹੀ ਦੇ ਰੂਪ ਵਿਚ ਵਿਲੱਖਣ ਤੇ ਨਿਵੇਕਲਾ ਰਹੇਗਾ। ਸੱਚੇ ਪਾਤਸ਼ਾਹ ਪੰਜਵੇਂ ਗੁਰੂ ਨਾਨਕ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਸ਼ਹੀਦੀ ਦੇ ਭਾਵੇਂ ਅਨੇਕਾਂ ਕਾਰਨ ਘਰੇਲੂ ਅਤੇ ਰਾਜਸੀ ਹੋ ਸਕਦੇ ਹਨ ਪਰ ਵਿਸ਼ੇਸ਼ ਕਾਰਨ ਸੱਚ ਨੂੰ ਸਦ ਜੀਵਤ ਸਦ ਚਿਰੰਜੀਵ ਰੱਖਣਾ ਸੀ। ਜਹਾਂਗੀਰ ਬਾਦਸ਼ਾਹ ਦੀ ਸਵੈ ਜੀਵਨੀ ਵਿਚੋਂ ਇਤਿਹਾਸ ਅੰਦਰ ਇਹ ਗੱਲ ਸਪੱਸ਼ਟ ਹੈ ਕਿ ਉਸ ਨੂੰ ਇਸ ਸੱਚ ਰੂਪੀ ਫੁੱਲਾਂ ਦੀ ਪਟਾਰੀ ਤੋਂ ਖਿਝ ਸੀ। ਇਹ ਸੱਚ ਦਾ ਮਾਰਗ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਸ਼ੁਰੂ ਹੋ ਕੇ ਪੰਜਵੀਂ ਜੋਤਿ ਤੱਕ ਪਹੁੰਚ ਚੁਕਿਆ ਸੀ। ਮਾਨਵਤਾ ਨੂੰ ਪਿਆਰ ਕਰਨ ਵਾਲੇ, ਪ੍ਰਮੇਸ਼ਰ ਦੇ ਪਿਆਰੇ ਇਸ ਮਾਰਗ ਦੇ ਸੰਗਤ ਰੂਪ ਵਿਚ ਪਾਂਧੀ ਬਣ ਚੁੱਕੇ ਸਨ। ਦੂਜਾ ਵਿਸ਼ੇਸ਼ ਪੱਖ ਸੀ ਕਿ 'ਧੁਰ ਕੀ ਬਾਣੀ' ਆਦਿ ਗ੍ਰੰਥ ਸਾਹਿਬ ਦੇ ਰੂਪ ਵਿਚ ਪ੍ਰਕਾਸ਼ਮਾਨ ਹੋ ਕੇ ਲੋਕਾਈ ਦੇ ਉਧਾਰ ਦਾ ਵਸੀਲਾ ਬਣ ਚੁੱਕੀ ਸੀ। ਜਹਾਂਗੀਰ ਦੇ ਕਥਨਾਂ ਮੁਤਾਬਿਕ ਉਹ ਇਸ ਸੱਚ ਦੇ ਪ੍ਰਕਾਸ਼ ਨੂੰ ਹਨ੍ਹੇਰੇ ਵਿਚ ਬਦਲਣਾ ਚਾਹੁੰਦਾ ਸੀ। ਸੂਰਜ ਚੜ੍ਹਿਆ ਦੇਖ ਕੇ ਉੱਲੂ ਘਬਰਾਵੈ। ਇਸ ਨੂੰ ਹਨ੍ਹੇਰੇ ਵਿਚ ਬਦਲਣ ਲਈ ਉਸ ਨੇ ਹਰ ਤਰ੍ਹਾਂ ਦੇ ਹੀਲੇ ਵਸੀਲੇ ਵਰਤਣੇ ਸ਼ੁਰੂ ਕੀਤੇ। ਅਖੀਰ ਪੰਜਵੇਂ ਪਾਤਸ਼ਾਹ ਨੇ ਸ਼ਹੀਦੀ ਦੇ ਕੇ ਇਸ ਸੱਚ ਦੇ ਪ੍ਰਕਾਸ਼ ਨੂੰ ਸਦ ਜੀਵਤ ਕਰ ਦਿਤਾ। ਸ਼ਹੀਦੀ ਦਾ ਪ੍ਰਭਾਵ ਐਸਾ ਪਿਆ ਕਿ ਹੋਰ ਵੀ ਹਨ੍ਹੇਰ ਕੋਠੜੀਆਂ ਤਕ ਇਹ ਪ੍ਰਕਾਸ਼ ਪਹੁੰਚਣਾ ਸ਼ੁਰੂ ਹੋਇਆ। ਛੇਵੇਂ ਪਾਤਸ਼ਾਹ ਰਾਹੀਂ ਮੀਰੀ-ਪੀਰੀ, ਸੰਤ ਸਿਪਾਹੀ ਦਾ ਸਿਧਾਂਤ ਪ੍ਰਗਟ ਹੋਣਾ ਸ਼ੁਰੂ ਹੋ ਗਿਆ। ਸੱਚ ਨੂੰ ਜਿੰਨਾਂ ਵੀ ਕੋਈ ਢਕਣ ਦੀ ਕੋਸ਼ਿਸ਼ ਕਰਦਾ ਹੈ, ਇਹ ਉਤਨਾ ਹੀ ਫੈਲਦਾ ਹੈ। ਇਹ ਸੱਚ ਸ੍ਰੀ ਗੁਰੂ ਨਾਨਕ ਸਾਹਿਬ ਤੋਂ ਫੈਲਣਾ ਸ਼ੁਰੂ ਹੋਇਆ ਤੇ ਅੱਜ ਤਕ ਫੈਲਦਾ ਆ ਰਿਹਾ ਹੈ, ਰਹਿੰਦੀ ਦੁਨੀਆਂ ਤੱਕ ਇਸ ਨੇ ਫੈਲਦੇ ਹੀ ਰਹਿਣਾ ਹੈ

–

*ਸਚੁ ਪੁਰਾਣਾ ਨਾ ਥੀਐ ਨਾਮੁ ਨ ਮੈਲਾ ਹੋਇ ॥ ਅੰਗ-੧੨੪੮*

*ਸਾਹਿਬੁ ਮੇਰਾ ਨੀਤ ਨਵਾ ਸਦਾ ਸਦਾ ਦਾਤਾਰੁ ॥ਅੰਗ- ੬੬੦*

ਇਕ ਤਾਂ ਇਹ ਸੁਨੇਹਾ ਸੀ ਜੋ ਸੱਚੇ ਪਾਤਸ਼ਾਹ ਨੇ ਆਪਣੀ ਅਦੁੱਤੀ ਤੇ ਲਾਸਾਨੀ ਸ਼ਹੀਦੀ ਦੇ ਕੇ ਸਦਾ ਲਈ ਇਸ ਸੁਨੇਹੇ ਨੂੰ ਅਮਰ ਕਰ ਦਿਤਾ। ਤਾਂਹੀ ਆਪ ਜੀ ਨੂੰ ਸ਼ਹੀਦਾਂ ਦੇ ਸਿਰਤਾਜ ਕਹਿ ਕੇ ਸਤਿਕਾਰਿਆ ਤੇ ਯਾਦ ਕੀਤਾ ਜਾਂਦਾ ਹੈ। ਦੂਸਰਾ ਪੱਖ ਕਿ ਪ੍ਰਮੇਸ਼ਰ ਦੇ ਭਾਣੇ ਵਿਚੋਂ ਅਨੇਕਾਂ ਬਖਸ਼ਿਸ਼ਾਂ ਨੇ ਪ੍ਰਗਟ ਹੋਣਾ ਹੈ। ਅੰਮ੍ਰਿਤ, ਸੁੱਖ, ਗਿਆਨ ਧਿਆਨ, ਪਰਵਾਣ ਪਦਵੀ, ਹੁਕਮ, ਰਜ਼ਾ ਇਕ ਨਹੀਂ ਅਨੇਕਾਂ ਬਖਸ਼ਿਸ਼ਾਂ ਭਾਣੇ ਵਿਚ ਰਹਿ ਕੇ ਹੀ ਮਿਲਦੀਆਂ ਹਨ –

*ਜਾ ਤਿਸੁ ਭਾਵੈ ਤਾ ਹੁਕਮੁ ਮਨਾਵੈ ॥*
*ਇਸ ਬੇੜੇ ਕਉ ਪਾਰਿ ਲਘਾਵੈ ॥ ਅੰਗ- ੩੩੭*

*ਹਰਿ ਕੈ ਭਾਣੈ ਜਨੁ ਸੇਵਾ ਕਰੈ ਬੂਝੈ ਸਚੁ ਸੋਈ ॥*
*ਹਰਿ ਕੈ ਭਾਣੈ ਸਾਲਾਹੀਐ ਭਾਣੈ ਮੰਨਿਐ ਸੁਖੁ ਹੋਈ ॥*
*ਅੰਗ- ੩੬੫*

*ਤੇਰੇ ਭਾਣੇ ਵਿਚਿ ਅੰਮ੍ਰਿਤੁ ਵਸੈ*
*ਤੂੰ ਭਾਣੈ ਅੰਮ੍ਰਿਤੁ ਪੀਆਵਣਿਆ ॥ ਅੰਗ- ੧੧੯*
*ਜੋ ਤੁਧੁ ਭਾਵੈ ਸੋ ਪਰਵਾਣੁ ॥ ਤੇਰੇ ਭਾਣੇ ਨੋ ਕੁਰਬਾਣੁ ॥*
*ਅੰਗ- ੬੭੬*
*ਭਾਣਾ ਮੰਨੇ ਸੋ ਸੁਖੁ ਪਾਏ ਭਾਣੇ ਵਿਚਿ ਸੁਖੁ ਪਾਇਦਾ ॥*
*ਅੰਗ- ੧੦੬੩*

*ਤੇਰਾ ਕੀਆ ਮੀਠਾ ਲਾਗੈ ॥*
*ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ ॥ ਅੰਗ - ੩੯੪*

ਅਸਲ ਵਿਚ ਗੁਰੂ ਮਹਾਰਾਜ ਨੇ ਆਪ ਭਾਣੇ ਵਿਚ ਰਹਿ ਕੇ ਸਾਂਤਕੀ ਸ਼ਹੀਦੀ ਪ੍ਰਾਪਤ ਕੀਤੀ। ਸਾਡੇ ਵਾਸਤੇ ਪੂਰਨੇ ਪਾ ਕੇ ਦਿਤੇ ਕਿ ਗੁਰੂ ਦਾ ਸਿੱਖ ਕਿਸੇ ਤਰ੍ਹਾਂ ਦੇ ਦੁਖ ਸੁਖ ਨੂੰ ਦੇਖ ਕੇ ਡੋਲਦਾ ਨਹੀਂ '***ਏਹਿ ਭਿ ਦਾਤਿ ਤੇਰੀ ਦਾਤਾਰ ॥' (ਅੰਗ-5)*** ਸਮਝਦਾ ਹੋਇਆ ***'ਜੇ ਸੁਖੁ ਦੇਹਿ ਤ ਤੁਝਹਿ ਅਰਾਧੀ ਦੁਖਿ ਭੀ ਤੁਝੈ ਧਿਆਈ ॥ 2 ॥ ਜੇ ਭੁਖ ਦੇਹਿ ਤ ਇਤ ਹੀ ਰਾਜਾ ਦੂਖ ਵਿਚਿ ਸੂਖ ਮਨਾਈ ॥ ਤਨੁ ਮਨੁ ਕਾਟਿ ਕਾਟਿ ਸਭੁ ਅਰਪੀ ਵਿਚਿ ਅਗਨੀ ਆਪੁ ਜਲਾਈ ॥ ' (ਅੰਗ-757)*** ਇਤਿਆਦਿਕ ਅਨੇਕਾਂ ਪ੍ਰਮਾਣ ਗੁਰਬਾਣੀ ਵਿਚ ਮਿਲਦੇ ਹਨ। ਸੱਚੇ ਪਾਤਸ਼ਾਹ ਦੇ ਸ਼ਹੀਦੀ ਦੇ ਸੰਕਲਪ ਤੇ ਚਲਦਿਆਂ ਸਿੱਖ ਪੰਥ ਅੰਦਰ ਇਕ ਨਹੀਂ ਅਨੇਕਾਂ ਸ਼ਹੀਦੀਆਂ ਹੋਈਆਂ। ਜਾਨ ਤਲੀ ਤੇ ਧਰ ਕੇ ਸੂਰਮੇ, ਆਪ ਮੁਹਾਰੇ ਸ਼ਹੀਦੀਆਂ ਨੂੰ ਪ੍ਰਾਪਤ ਹੋਏ। ਅੱਜ ਉਹ ਸ਼ਹੀਦੀਆਂ ਆਉਣ ਵਾਲੀਆਂ ਨਸਲਾਂ ਲਈ ਚਾਨਣ ਮੁਨਾਰਾ ਹਨ, ਪ੍ਰੇਰਕ ਹਨ, ਸੇਧਕ ਹਨ। ਸੋ ਸੱਚੇ ਪਾਤਸ਼ਾਹ ਨੇ ਕੌਮ ਨੂੰ ਸਦਾ ਲਈ, ਹਰ ਤਰ੍ਹਾਂ ਦੇ ਸਮੇਂ ਚੜ੍ਹਦੀ ਕਲਾ ਵਿਚ ਰੱਖਣ ਲਈ ਤੇ ਸੱਚ ਨੂੰ, ਜੁਗੋ ਜੁਗ ਰੱਖਣ ਲਈ ਆਪ ਸ਼ਹੀਦੀ ਦਿਤੀ ਤੇ ਸ਼ਹੀਦਾਂ ਦੇ ਸਿਰਤਾਜ ਬਣੇ। ਆਪ ਜੀ ਦੀ ਪਵਿੱਤਰ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੁਭਾਇਮਾਨ ਹੈ। ***'ਜਪ੍ਯਉ ਜਿਨ੍ ਅਰਜੁਨ ਦੇਵ ਗੁਰੂ ਫਿਰਿ ਸੰਕਟ ਜੋਨਿ ਗਰਭ ਨ ਆਯਉ ॥(ਅੰਗ-1409)***

ਜਿਨ੍ਹਾਂ ਨੇ ਵੀ ਸੱਚੇ ਪਾਤਸ਼ਾਹ ਤੇ ਪ੍ਰੇਮ ਵੈਰਾਗ ਸ਼ਰਧਾ ਵਾਲਾ ਨਿਸ਼ਚਾ ਰਖਿਆ ਉਹ ਜਨਮ ਮਰਨ ਦੇ ਚੱਕਰਾਂ ਤੋਂ ਖਲਾਸੀ ਪਾ ਗਏ। ਆਪ ਜੀ ਦੀ ਪਵਿੱਤਰ ਬਾਣੀ ਵਿਚੋਂ 'ਸੁਖਮਨੀ ਸਾਹਿਬ' ਦੀ ਬਾਣੀ ਗੁਰਸਿੱਖਾਂ ਦੇ ਨਿਤਨੇਮ ਦਾ ਭਾਗ ਬਣ ਚੁੱਕੀ ਹੈ। ਕਿੰਨੇ ਹੀ ਜਗਿਆਸੂ ਜਨ ਪੜ੍ਹ ਕੇ ਸੁਖ ਸ਼ਾਂਤੀ ਪ੍ਰਾਪਤ ਕਰ ਰਹੇ ਹਨ। ਆਪ ਜੀ ਦੀ ਬਾਣੀ ਅਤੇ ਸ਼ਹੀਦੀ ਤਪਦੇ ਹਿਰਦਿਆਂ ਨੂੰ ਠਾਰ ਗਈ। ਇਸ ਲੋਕਾਈ ਨੂੰ ਸਦੀਵੀ ਠੰਢਕ ਪਹੁੰਚਾਉਣ ਲਈ ਆਪ ਜੀ ਆਪਣੇ ਸਰੀਰ ਤੇ ਗਰਮ ਰੇਤਾ, ਗਰਮ ਪਾਣੀ ਤੇ ਗਰਮ ਤੱਤੀ ਲੋਹ ਦੀ ਤਪਸ਼ ਸਹੀ। ਐਸੀ ਤਪਸ਼ ਸਹੀ ਕਿ ਸਮੁੱਚੀ ਲੋਕਾਈ ਨੂੰ ਸ਼ਾਂਤੀ ਬਖਸ਼ਿਸ਼ ਕਰ ਦਿਤੀ। ਸੰਗਤਾਂ ਸੱਚੇ ਪਾਤਸ਼ਾਹ ਦੀ ਯਾਦ ਵਿਚ ਛਬੀਲਾਂ ਆਦਿ ਲਗਵਾ ਕੇ ਆਪਣੇ ਗੁਰੂ ਨੂੰ ਸ਼ਰਧਾ ਪ੍ਰੇਮ ਪਿਆਰ ਦਾ ਆਕੀਦਾ ਭੇਟ ਕਰਦੀਆਂ ਹਨ।

ਪੰਜਵੇਂ ਪਾਤਸ਼ਾਹ ਦੀ ਸ਼ਹੀਦੀ ਕਾਰਨ ਜੂਨ ਦਾ ਮਹੀਨਾ ਜਿੱਥੇ ਪੂਰੀ ਮਾਨਵਤਾ ਲਈ ਵਿਸ਼ੇਸ਼ ਹੈ ਉਥੇ ਰਤਵਾੜਾ ਸਾਹਿਬ ਨਾਲ ਜੁੜੀ ਹੋਈ ਸੰਗਤ ਲਈ ਹੋਰ ਵੀ ਵਿਸ਼ੇਸ਼ ਹੁੰਦਾ ਹੈ। ਇਸ ਮਹੀਨੇ ਜਿਥੇ ਸੱਚੇ ਪਾਤਸ਼ਾਹ ਦੀ ਯਾਦ ਵਿਚ ਸ਼ਹੀਦੀ ਸਮਾਗਮ ਹੁੰਦੇ ਹਨ ਉਥੇ ਰਤਵਾੜਾ ਸਾਹਿਬ ਟਰੱਸਟ ਦੇ ਬਾਨੀ ਪਿਆਰੇ ਮਹਾਂਪੁਰਸ਼ਾਂ (ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ) ਦਾ ਆਗਮਨ ਦਿਵਸ ਵੀ 17 ਜੂਨ ਨੂੰ ਆ ਰਿਹਾ ਹੈ।

ਇਸ ਦਿਨ ਇਸ ਵਿਸ਼ੇਸ਼ ਗੁਰਮਤਿ ਸਮਾਗਮ ਵਿਚ ਸੰਗਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਚਰਨਾਂ ਵਿਚ ਜੁੜ ਕੇ ਨਾਮ ਬਾਣੀ ਕੀਰਤਨ ਦੇ ਲਾਹੇ ਪ੍ਰਾਪਤ ਕਰਦੀਆਂ ਹਨ। ਸੰਗਤਾਂ ਇਸ ਸਮਾਗਮ ਵਿਚ ਪਹੁੰਚਣ ਦੀ ਕ੍ਰਿਪਾਲਤਾ ਕਰਨ। ਟਰੱਸਟ ਰਤਵਾੜਾ ਸਾਹਿਬ ਦੇ ਮੌਜੂਦਾ ਮੁਖੀ ਸੰਤ ਬਾਬਾ ਲਖਬੀਰ ਸਿੰਘ ਜੀ ਅਤੇ ਸਮੂੰਹ ਟਰੱਸਟ ਮੈਂਬਰਾਂ ਵਲੋਂ ਆਪ ਜੀਆਂ ਨੂੰ ਸਮਾਗਮ ਵਿਚ ਦਰਸ਼ਨ ਦੇਣ ਲਈ ਹਾਰਦਿਕ ਸੱਦਾ ਹੈ।

# ਆਸਾੜ੍ਹ

## (ਆਸਾੜ੍ਹ ਮਹੀਨੇ ਦੀ ਸੰਗਰਾਂਦ ਜੂਨ 15, 2019, ਦਿਨ ਸ਼ਨੀਵਾਰ)

*ਸੰਤ ਵਰਿਆਮ ਸਿੰਘ ਜੀ,*
*ਬਾਨੀ ਵਿ. ਗੁ. ਰੂ. ਮਿਸ਼ਨ।*

**ਰਾਗ ਮਾਝ ਮਹਲਾ ੫ ਘਰੁ ੪**
**ੴ ਸਤਿਗੁਰ ਪ੍ਰਸਾਦਿ**

***ਆਸਾੜੁ ਤਪੰਦਾ ਤਿਸੁ ਲਗੈ ਹਰਿ ਨਾਹੁ ਨ ਜਿੰਨਾ ਪਾਸਿ।।***
***ਜਗਜੀਵਨ ਪੁਰਖੁ ਤਿਆਗਿ ਕੈ ਮਾਣਸ ਸੰਦੀ ਆਸ।।***
***ਦੁਯੈ ਭਾਇ ਵਿਗੁਚੀਐ ਗਲਿ ਪਈਸੁ ਜਮ ਕੀ ਫਾਸ।।***
***ਜੇਹਾ ਬੀਜੈ ਸੋ ਲੁਣੈ ਮਥੈ ਜੋ ਲਿਖਿਆਸੁ।।***
***ਰੈਣਿ ਵਿਹਾਣੀ ਪਛੁਤਾਣੀ ਉਠਿ ਚਲੀ ਗਈ ਨਿਰਾਸ।।***
***ਜਿਨ ਕੌ ਸਾਧੂ ਭੇਟੀਐ ਸੋ ਦਰਗਹ ਹੋਇ ਖਲਾਸੁ।।***
***ਕਰਿ ਕਿਰਪਾ ਪ੍ਰਭ ਆਪਣੀ ਤੇਰੇ ਦਰਸਨ ਹੋਇ ਪਿਆਸ।।***
***ਪ੍ਰਭ ਤੁਧੁ ਬਿਨੁ ਦੂਜਾ ਕੋ ਨਹੀ ਨਾਨਕ ਕੀ ਅਰਦਾਸਿ।।***
***ਆਸਾੜੁ ਸੁਹੰਦਾ ਤਿਸੁ ਲਗੈ ਜਿਸੁ ਮਨਿ ਹਰਿ ਚਰਣ ਨਿਵਾਸ।।***
***ਅੰਗ - 134***

ਜੇਠ ਦੇ ਮਹੀਨੇ ਗੁਰੂ ਮਹਾਰਾਜ ਜੀ ਨੇ ਸਪਸ਼ਟ ਕੀਤਾ ਸੀ ਕਿ ਪ੍ਰਭੂ ਅੱਗੇ ਸਾਰੇ ਖੰਡ-ਬ੍ਰਹਿਮੰਡ, ਦੇਵੀ, ਦੇਵ-ਦਾਨਵ ਨਿਵ ਰਹੇ ਹਨ। ਕੋਈ ਵੀ ਉਸ ਤੋਂ ਆਕੀ ਨਹੀਂ ਹੈ। ਉਸ ਦੇ ਨਾਲ ਅਸਾਨੂੰ ਜੁੜਨਾ ਪ੍ਰੇਮ ਸੁਖਾਂ ਦਾ ਦਾਤਾ ਹੈ। ਵਾਹਿਗੁਰੂ ਜੀ ਤੋਂ ਬਾਹਰ ਕੋਈ ਵੀ ਨਹੀਂ ਹੈ ਭਾਵੇਂ ਕਈ ਧਾਰਮਿਕ ਨਿਸ਼ਚਿਆਂ ਦੇ ਵਿਚ ਇਹ ਗੱਲ ਆਉਂਦੀ ਹੈ ਕਿ ਵਾਹਿਗੁਰੂ ਜੀ ਤੋਂ ਸ਼ੈਤਾਨ ਬਾਗੀ ਹੋ ਗਿਆ ਅਤੇ ਦੁਨੀਆਂ ਨੂੰ ਭਲੇ ਕੰਮਾਂ ਤੋਂ ਭਟਕਾ ਕੇ ਐਸ਼ੋ ਇਸ਼ਰਤ, ਪਾਪਾਂ ਦੇ ਵਿਚ ਪ੍ਰਵਿਰਤ ਕਰਾ ਕੇ ਦੋਜ਼ਕ ਦੀ ਅੱਗ ਵਿਚ ਸੜਨ ਦਾ ਅਧਿਕਾਰੀ ਬਣਾ ਦਿਤਾ। ਉਹ ਨਾ ਤਾਂ ਕੋਈ ਉਪਦੇਸ਼ ਸੁਣਨ ਦਿੰਦਾ ਹੈ ਅਤੇ ਨਾ ਹੀ ਕੋਈ ਜਪ ਤਪ ਕਰਨ ਦਿੰਦਾ ਹੈ, ਉਸਨੂੰ ਸ਼ੈਤਾਨ ਆਖਿਆ ਜਾਂਦਾ ਹੈ। ਇਹ ਫਰਿਸ਼ਤਾ ਖੁਦਾ ਦੇ ਹੁਕਮ ਦੇ ਸਾਮ੍ਹਣੇ ਨਾ ਫੁਰਮਾਨੀ ਵਿਚ ਆ ਗਿਆ, ਇਸਨੂੰ ਰੱਬੀ ਸਭਾ ਵਿਚੋਂ ਕੱਢ ਦਿਤਾ ਗਿਆ ਅਤੇ ਇਸ ਨੇ ਕਿਹਾ ਕਿ ਐ ਖੁਦਾ! ਮੈਂ ਕਿਸੇ ਨੂੰ ਵੀ ਤੇਰੇ ਨਾਲ ਪਿਆਰ ਨਹੀਂ ਕਰਨ ਦੇਵਾਂਗਾ ਅਤੇ ਨਾ ਹੀ ਕਿਸੇ ਨੂੰ ਸੱਚ ਦੇ ਰਾਹ ਤੇ ਤੁਰਨ ਦੇਵਾਂਗਾ। ਜੋ ਤੇਰੇ ਬੰਦੇ ਹਦਾਇਤਾਂ ਕਰਨ ਵਾਲੇ, ਨਸੀਹਤਾਂ ਕਰਨ ਵਾਲੇ ਹੋਣਗੇ, ਉਹ ਵੀ ਮੇਰੇ ਹੀ ਬੰਦੇ ਹੋਣਗੇ, ਉਹ ਮੇਰੀ ਬੋਲੀ ਬੋਲਣਗੇ। ਲੋਕਾਂ ਨੂੰ ਮਦਰਾ, ਮਾਸ ਅਤੇ ਭੋਗ ਵਿਲਾਸਾਂ ਵਿਚ ਲਗਾ ਦੇਵਾਂਗਾ। ਉਹ ਦੂਜਿਆਂ ਨੂੰ ਵੀ ਅਜਿਹਾ ਹੀ ਉਪਦੇਸ਼ ਦੇਣਗੇ। ਬਾਬਾ ਫਰੀਦ ਜੀ ਇਸ ਫਰਿਸ਼ਤੇ ਦੀ ਸ਼ਕਤੀ ਅਨੁਭਵ ਕਰਕੇ ਫੁਰਮਾਨ ਕਰਦੇ ਹਨ ਕਿ -

***ਫਰੀਦਾ ਕੂਕੇਦਿਆ ਚਾਂਗੇਦਿਆ***
***ਮਤੀ ਦੇਦਿਆ ਨਿਤ।।***
***ਜੋ ਸੈਤਾਨਿ ਵੰਞਾਇਆ***
***ਸੇ ਕਿਤ ਫੇਰਹਿ ਚਿਤ।। ਅੰਗ - 1378***

ਏਸੇ ਤਰ੍ਹਾਂ ਨਾਲ ਭਾਰਤੀ ਖਿਆਲ ਵੀ ਹੈ ਕਿ ਹੁਣ ਕਲਜੁਗ ਦਾ ਸਮਾਂ ਚਲ ਰਿਹਾ ਹੈ। ਕਰਮ ਧਰਮ ਨੂੰ ਇਹ ਫਲੀਭੂਤ ਨਹੀਂ ਹੋਣ ਦਿੰਦਾ। ਬੁੱਧ ਧਰਮ ਦੇ ਅਚਾਰੀਆ ਦਾ ਖਿਆਲ ਹੈ ਕਿ ਮਾਰ ਦੇਵਤਾ ਆਦਮੀ ਨੂੰ ਪੁੱਠੇ ਰਾਹ ਪਾਉਂਦਾ ਹੈ, ਇਨ੍ਹਾਂ ਨੂੰ ਪ੍ਰਭੂ ਤੋਂ ਆਕੀ ਦਸਦੇ ਹਨ ਪਰ ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਵਾਹਿਗੁਰੂ ਜੀ ਸਭ ਤੋਂ ਵੱਡੇ ਹਨ ਅਤੇ ਉਸ ਦੇ ਅੱਗੇ ਸਾਰੇ ਨਿਵਦੇ ਹਨ।

ਹੁਣ ਅਸਾੜ ਦੇ ਮਹੀਨੇ ਬਾਰੇ ਫੁਰਮਾਨ ਹੈ ਕਿ ਅਸਾੜ

ਵਿਚ ਅਤਿ ਦੀ ਗਰਮੀ ਹੋਇਆ ਕਰਦੀ ਹੈ ਪਰ ਜਿਨ੍ਹਾਂ ਦੇ ਅੰਦਰ ਵਾਹਿਗੁਰੂ ਜੀ ਦੇ ਪਿਆਰ ਦੀਆਂ ਕਾਂਗਾਂ ਉਠਦੀਆਂ ਹਨ, ਉਨ੍ਹਾਂ ਨੂੰ ਅਸਾੜ ਦੀ ਗਰਮੀ ਪੋਹ ਨਹੀਂ ਸਕਦੀ। ਜਿਹੜੇ ਹਿਰਦੇ ਮਾਇਆ ਅਗਨ ਨੇ ਜਾਲ ਦਿਤੇ ਹਨ, ਉਨ੍ਹਾਂ ਨੂੰ ਇਹ ਮਹੀਨਾ ਤਪਸ਼ ਭਰਿਆ ਲਗਦਾ ਹੈ ਪਰ ਜੋ ਨਾਮ ਨਾਲ ਜੁੜੇ ਹਨ, ਉਨ੍ਹਾਂ ਦਾ ਮਨ ਤੇ ਤਨ ਦੋਵੇਂ ਸੀਤਲ ਹੋਏ ਹੋਏ ਹਨ – ਨਾਮ ਦੀ ਠੰਢਕ ਨਾਲ। ਫੁਰਮਾਨ ਹੈ –

***ਉਠੰਦਿਆ ਬਹਿੰਦਿਆ ਸਵੰਦਿਆ ਸੁਖੁ ਸੋਇ॥***
***ਨਾਨਕ ਨਾਮਿ ਸਲਾਹਿਐ***
***ਮਨੁ ਤਨੁ ਸੀਤਲੁ ਹੋਇ॥ ਅੰਗ – 321***

ਪਿਛਲੇ ਮਹੀਨੇ ਵਿਚ ਗੁਰੂ ਪੰਜਵੇਂ ਪਾਤਸ਼ਾਹ ਜੀ ਲਾਹੌਰ ਦੇ ਅੰਦਰ ਬੁਲਾਏ ਗਏ ਸਨ ਅਤੇ ਆਪ ਨੂੰ ਉਬਲਦੀਆਂ ਦੇਗਾਂ ਵਿਚ ਉਬਾਲਿਆ ਗਿਆ, ਅੱਗ ਵਰਗੀ ਲਾਲ ਹੋਈ ਤਵੀ ਦੇ ਉਪਰ ਬਿਠਾਇਆ ਗਿਆ, ਸੀਸ ਉਤੇ ਅੱਗ ਵਰਗਾ ਰੇਤਾ ਏਸ ਕਰਕੇ ਪਾਇਆ ਗਿਆ ਕਿ ਆਪ ਸੁਰਤ ਨੂੰ ਦਸਵੇਂ ਦੁਆਰ ਵਿਚ ਸਥਿਤ ਨਾ ਕਰ ਲੈਣ ਜਿਥੇ ਦੁਖ-ਸੁਖ, ਭੁਖ, ਪਿਆਸ ਨਹੀਂ ਵਿਆਪਿਆ ਕਰਦੀ ਜਿਵੇਂ ਕਿ ਬਾਣੀ ਅੰਦਰ ਦਸਦੇ ਹਨ –

***ਗੁਰਮੁਖਿ ਅੰਤਰਿ ਸਹਜੁ ਹੈ***
***ਮਨੁ ਚੜਿਆ ਦਸਵੈ ਆਕਾਸਿ॥***
***ਤਿਥੈ ਊਂਘ ਨ ਭੁਖ ਹੈ***
***ਹਰਿ ਅੰਮ੍ਰਿਤ ਨਾਮੁ ਸੁਖ ਵਾਸੁ॥***
***ਨਾਨਕ ਦੁਖੁ ਸੁਖੁ ਵਿਆਪਤ ਨਹੀ ਜਿਥੈ***
***ਆਤਮ ਰਾਮ ਪ੍ਰਗਾਸੁ॥ ਅੰਗ – 1414***

ਪਰ ਗੁਰੂ ਮਹਾਰਾਜ ਜੀ ਨੇ ਨਾਮ ਦੀ ਸੀਤਲਤਾ ਐਤਨੀ ਵਰਤਾ ਦਿਤੀ ਕਿ ਜਦੋਂ ਮੀਆਂ ਮੀਰ ਜੀ ਇਹ ਹਾਲਤ ਵੇਖ ਕੇ ਉਚੀ ਆਖਦੇ ਹਨ, "ਮਹਾਨ ਜ਼ੁਲਮ! ਮਹਾਨ ਜ਼ੁਲਮ! ਘੋਰ ਜ਼ੁਲਮ! ਇਹ ਹਕੂਮਤ ਇਸ ਜ਼ੁਲਮ ਦੇ ਭਾਰ ਨਾਲ ਟੁੱਟ ਕੇ ਟੁਕੜੇ-ਟੁਕੜੇ ਹੋ ਜਾਵੇਗੀ।" ਉਸ ਵੇਲੇ ਗੁਰੂ ਮਹਾਰਾਜ ਜੀ ਪੀਰ ਮੀਆਂ ਮੀਰ ਨੂੰ ਵੀ ਰੋਕ ਦਿੰਦੇ ਹਨ ਕਿ ਪੀਰ ਜੀ! ਦੇਖਿਓ ਕੋਈ ਬਚਨ ਨਾ ਕਰ ਦਿਓ, ਬਦ-ਦੁਆ ਨਾ ਦੇ ਦੇਣੀ। ਪੀਰ ਕਹਿਣ ਲੱਗਿਆ ਕਿ ਮਹਾਰਾਜ! ਤੁਸੀਂ ਐਤਨਾ ਜ਼ੁਲਮ ਕਿਉਂ ਸਹਿਨ ਕਰ ਰਹੇ ਹੋ? ਤੁਹਾਡੀ ਇਕ ਨਿਗ੍ਹਾ ਇਸ ਸਾਰੇ ਬ੍ਰਹਿਮੰਡ ਨੂੰ ਸਮੇਟ ਸਕਦੀ ਹੈ, ਫਿਰ ਤੁਸੀਂ ਕਿਉਂ ਨਹੀਂ ਕਹਿ ਰਹੇ? ਮਹਾਰਾਜ ਕਹਿਣ ਲੱਗੇ ਕਿ ਮੀਆਂ ਮੀਰ! ਕਿਸ ਨੂੰ ਸਰਾਪ ਦੇਈਏ? ਐਥੇ ਤਾਂ ਵਾਹਿਗੁਰੂ ਜੀ ਤੋਂ ਬਗੈਰ ਹੋਰ ਹੈ ਹੀ ਕੋਈ ਨਹੀਂ। ਕਿਤਨੀ ਸ਼ਾਂਤੀ ਤਨ ਤੇ ਮਨ ਦੇ ਅੰਦਰ ਹੈ। ਗੁਰੂ ਮਹਾਰਾਜ ਜੀ ਨੇ ਪ੍ਰਤੱਖ ਰੂਪ ਵਿਚ ਜਣਾ ਦਿਤਾ ਕਿ ਅਸਾੜ ਦੀ ਤਪਸ਼, ਨਾਮ ਵਿਹੂਣਿਆਂ ਨੂੰ ਹੋਇਆ ਕਰਦੀ ਹੈ, ਜਿਹੜੇ ਆਪਣੇ ਆਪ ਨੂੰ ਸਾਢੇ ਤਿੰਨ ਹੱਥ ਦੀ, ਪੰਜਾਂ ਤੱਤਾਂ ਦੀ ਬਣੀ ਹੋਈ ਦੇਹ ਮੰਨਦੇ ਹਨ। ਜਿਨ੍ਹਾਂ ਦੀ ਸਥਿਤੀ ਆਤਮ ਸਰੂਪ ਵਿਚ ਹੋ ਚੁੱਕੀ ਹੈ, ਉਥੇ ਸਦੀਵ ਖੇੜਾ ਹੀ ਖੇੜਾ, ਅਨੰਦ ਹੀ ਅਨੰਦ ਹੈ; ਐਨੀ ਠੰਢਕ ਹੈ ਕਿ ਸਾਰੀ ਦੁਨੀਆਂ ਦੀ ਤਪਸ਼ ਦੂਰ ਕਰਨ ਦੇ ਸਮਰੱਥ ਹੋਇਆ ਕਰਦੀ ਹੈ। ਨਾਮ ਤੋਂ ਵਿਹੂਣਾ air conditioned ਕਮਰਿਆਂ ਦੇ ਅੰਦਰ ਬੈਠਾ ਵੀ ਮਨ ਦੀ ਤਪਸ਼ ਦੇ ਕਾਰਨ frustration 'ਚ ਹੋਇਆ ਕਰਦਾ ਹੈ, ਉਸ ਨੂੰ ਸੁੰਦਰ ਸੇਜਾਂ, ਅਨੇਕ ਸੁਖ, ਸੁਗੰਧੀਆਂ; ਸੁਖ ਨਹੀਂ ਦੇ ਸਕਦੀਆਂ। ਵਾਹਿਗੁਰੂ ਜੀ ਦੀ ਪਛਾਣ ਤੋਂ ਬਿਨਾਂ, ਜੋ ਇਸੇ ਸਰੀਰ ਵਿਚ ਆਪਣਾ ਆਸਣ ਲਾਈਂ ਸਭ ਕੁਝ ਕਰ ਰਹੇ ਹਨ, ਵਿਸ਼ਟਾ ਦੇ ਕੀੜੇ ਵਾਂਗੂੰ ਕੁਰਬਲ-ਕੁਰਬਲ ਕਰਦਾ, ਪਦਾਰਥਾਂ ਵਿਚ ਅੰਸ ਮਾਤਰ ਵੀ ਸੁਖ ਨਹੀਂ ਹੋਇਆ ਕਰਦਾ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ-

***ਸੁੰਦਰ ਸੇਜ ਅਨੇਕ ਸੁਖ ਰਸ ਭੋਗਣ ਪੂਰੇ॥***
***ਗ੍ਰਿਹ ਸੋਇਨ ਚੰਦਨ ਸੁਗੰਧ***
***ਲਾਇ ਮੋਤੀ ਹੀਰੇ॥***
***ਮਨ ਇਛੇ ਸੁਖ ਮਾਣਦਾ ਕਿਛੁ ਨਾਹਿ ਵਿਸੂਰੇ॥***
***ਸੋ ਪ੍ਰਭੁ ਚਿਤਿ ਨ ਆਵਈ ਵਿਸਟਾ ਕੇ ਕੀਰੇ॥***
***ਬਿਨੁ ਹਰਿ ਨਾਮ ਨ ਸਾਂਤਿ ਹੋਇ***
***ਕਿਤੁ ਬਿਧਿ ਮਨੁ ਧੀਰੇ॥ ਅੰਗ – 707***

ਵਾਹਿਗੁਰੂ ਜੀ ਨੂੰ ਛੱਡ ਕੇ, ਜੋ ਦੁਨੀਆਂ ਦੇ ਕਿਸੇ ਮਨੁੱਖ ਦੀ ਆਸ ਵਿਚ ਰਹਿੰਦੇ ਹਨ, ਉਹ ਸੁਖ ਨਹੀਂ ਮਾਣ ਸਕਿਆ ਕਰਦੇ –

***ਜਗਜੀਵਨ ਪੁਰਖੁ ਤਿਆਗਿ ਕੈ***
***ਮਾਣਸ ਸੰਦੀ ਆਸ॥ ਅੰਗ –134***

ਕਿਉਂਕਿ ਜਿਸ ਮਨੁੱਖ ਦੀ ਉਹ ਆਸ ਰੱਖਦੇ ਹਨ, ਉਹ ਮਨੁੱਖ ਤਾਂ ਆਪ ਹੀ ਦੁਖਾਂ ਨਾਲ ਭਰਿਆ ਪਿਆ ਹੈ, ਉਹ ਕਿਸੇ ਨੂੰ ਕੀ ਸੁਖ ਦੇ ਸਕਦਾ ਹੈ। ਗੁਰੂ ਮਹਾਰਾਜ ਜੀ ਦਸਦੇ ਹਨ ਕਿ ਐ ਮਨੁੱਖ! ਜੇ ਤੂੰ ਆਸ ਕਰਨੀ ਹੈ ਤਾਂ ਇਕ ਵਾਹਿਗੁਰੂ ਜੀ ਦੀ ਆਸ ਰੱਖ, ਜਿਸ ਦੇ ਘਰ ਸਭ ਕੁਝ ਹੈ, ਜੋ ਤੇਰੇ ਸਾਰੇ ਦੁਖਾਂ ਦਾ ਇਲਾਜ ਕਰ ਸਕਦਾ ਹੈ। ਉਸ ਨੇ ਤੇਰੀਆਂ ਕਮੀਆਂ ਨੂੰ ਦੇਖ ਕੇ ਤੇਰੇ ਅੰਦਰ ਪਹਿਲਾਂ ਹੀ ਸੁਖਾਂ ਦਾ ਰਤਨ ਰੂਪੀ ਨਾਮ, ਸਰੀਰ ਵਿਚ ਰੱਖ ਦਿਤਾ ਹੈ –

***ਨਉਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ॥***
***ਦੇਹੀ ਮਹਿ ਇਸ ਕਾ ਬਿਸ੍ਰਾਮੁ॥***
***ਸੁੰਨ ਸਮਾਧਿ ਅਨਹਤ ਤਹ ਨਾਦ॥***
***ਕਹਨੁ ਨ ਜਾਈ ਅਚਰਜ ਬਿਸਮਾਦ॥***
***ਅੰਗ – 293***

***ਹਰਿ ਅਉਖਧੁ ਸਭ ਘਟ ਹੈ ਭਾਈ॥***
***ਗੁਰ ਪੂਰੇ ਬਿਨੁ ਬਿਧਿ ਨ ਬਨਾਈ॥***
***ਗੁਰਿ ਪੂਰੈ ਸੰਜਮੁ ਕਰਿ ਦੀਆ॥***
***ਨਾਨਕ ਤਉ ਫਿਰਿ ਦੂਖ ਨ ਥੀਆ॥***
***ਅੰਗ – 259***

ਇਹ ਦਵਾਈ ਸਮਰੱਥ ਗੁਰੂ ਦੀ ਦੱਸੀ ਹੋਈ ਜੁਗਤ ਦੇ ਮੁਤਾਬਿਕ ਅੰਦਰੋਂ ਪ੍ਰਾਪਤ ਹੋ ਸਕਦੀ ਹੈ। ਇਸ ਕਰਕੇ ਤੂੰ ਮਾਨਸ ਦੀ ਆਸ ਛੱਡ ਕੇ ਵਾਹਿਗੁਰੂ ਜੀ ਦੀ ਆਸ ਵਿਚ ਰਹਿ, ਜੋ ਤੇਰੇ ਘਟ-ਘਟ ਵਿਚ ਵਿਆਪਕ ਹੈ। ਉਹ ਆਪ ਹੀ ਆਪਣੀ ਮੌਜ ਵਿਚ ਕ੍ਰਿਆ ਕਰ ਰਿਹਾ ਹੈ, ਇਕ ਅਗੰਮੀ ਖੇਲ੍ਹ ਖੇਡ ਰਿਹਾ ਹੈ, ਉਸ ਅਗੋਚਰ ਨੂੰ ਪਛਾਣ ਅਤੇ ਜੋ ਤੇਰੇ ਅੰਦਰ ਮੈਂ ਭਾਵ ਹੈ, ਉਹ ਇਕ ਪ੍ਰਛਾਵਾਂ ਹੈ, ਝੂਠਾ ਹੈ, ਉਹ

ਅਣਹੋਣੀ ਚੀਜ਼ ਹੈ, ਜਿਸਨੂੰ ਅਗਿਆਨ ਦਾ ਭਰਮ ਭੁਲਾਵਾ ਆਖਿਆ ਜਾਂਦਾ ਹੈ। ਤੂੰ ਆਪਣੇ ਆਪ ਨੂੰ ਵਾਹਿਗੁਰੂ ਤੋਂ ਵਖਰਾ ਮੰਨ ਕੇ ਜਨਮ ਮਰਨ ਦੇ ਚੱਕਰ ਵਿਚ ਪਿਆ ਹੋਇਆ ਹੈਂ ਅਤੇ ਜਮਾਂ ਦੀ ਫਾਹੀ ਖਰਬਾਂ-ਖਰਬਾਂ ਸਾਲ ਦੀ ਤੇਰੇ ਗਲ ਵਿਚ ਪੈ ਚੁੱਕੀ ਹੈ ਪਰ ਤੂੰ ਪੂਰੇ ਸਤਿਗੁਰੂ ਨੂੰ ਮਿਲ ਕੇ ਇਸ ਝੂਠੇ ਅਧਿਆਸ ਦੇ ਜਾਲ ਵਿਚੋਂ ਬਾਹਰ ਨਹੀਂ ਨਿਕਲ ਸਕਿਆ। ਪਹਿਲਾਂ ਤਾਂ ਤੂੰ ਆਪਣੇ ਆਪ ਨੂੰ ਸਾਢੇ ਤਿੰਨ ਹੱਥ ਦੀ ਦੇਹ ਮੰਨਦਾ ਹੈਂ, ਫੇਰ ਤੂੰ ਆਪਣੇ ਆਪ ਨੂੰ ਸੂਖਸ਼ਮ ਸਰੀਰ ਮੰਨਣ ਲਗ ਜਾਂਦਾ ਹੈਂ, ਕਾਰਨ ਸਰੀਰ ਮੰਨਦਾ ਹੈਂ ਅਤੇ ਇਸ ਤੋਂ ਵੀ ਉਪਰ ਜੇ ਸੁਰਤ ਉਚੀ ਹੋ ਜਾਵੇ ਤਾਂ ਤੂੰ ਆਪਣੇ ਆਪ ਨੂੰ ਜੀਵ ਮੰਨਦਾ ਰਹਿੰਦਾ ਹੈਂ ਪਰ ਹਨੇਰ੍ਹੇ ਵਿਚ ਭੁੱਲਿਆ ਹੋਇਆ ਤੂੰ ਨਹੀਂ ਜਾਣਦਾ ਕਿ ਤੇਰਾ ਸਰੂਪ 'ਆਤਮਾ' ਹੈ; ਤੇਰੇ ਅਤੇ ਵਾਹਿਗੁਰੂ ਵਿਚ ਕੋਈ ਵੀ ਫਰਕ ਨਹੀਂ ਹੈ। ਇਸ ਪ੍ਰਕਾਸ਼ ਤੋਂ ਹੀਣਾ ਰਹਿ ਕੇ ਤੂੰ ਜਮਾਂ ਦੀ ਫਾਸੀ ਗਲ ਵਿਚ ਪਾਈ ਹੋਈ ਹੈ-

*ਦੂਯੈ ਭਾਇ ਵਿਗੁਚੀਐ*
*ਗਲਿ ਪਈਸੁ ਜਮ ਕੀ ਫਾਸ॥ ਅੰਗ - 134*

ਇਹ ਤੇਰੇ ਹੀ ਕੀਤੇ ਹੋਏ ਕਰਮਾਂ ਦੇ ਫਲ ਹਨ ਜੋ ਤੈਨੂੰ ਭੋਗਣੇ ਪੈ ਰਹੇ ਹਨ -

*ਜੇਹਾ ਬੀਜੈ ਸੁ ਲੁਣੈ ਮਥੈ ਜੋ ਲਿਖਿਆਸੁ॥*
*ਅੰਗ - 134*

ਕੀਤੇ ਹੋਏ ਕਰਮਾਂ ਦਾ ਫਲ ਐਥੇ ਵੀ ਭੁਗਤਣਾ ਪੈਂਦਾ ਹੈ, ਦਰਗਾਹ ਵਿਚ ਜਾ ਕੇ ਵੀ ਭੋਗਦਾ ਹੈ। ਮਾੜੇ ਕਰਮਾਂ ਦੇ ਫਲ ਕਰਕੇ -

*ਪਾਪੀ ਕਰਮ ਕਮਾਵਦੇ ਕਰਦੇ ਹਾਏ ਹਾਇ॥*
*ਨਾਨਕ ਜਿਉ ਮਥਨਿ ਮਾਧਾਣੀਆ*
*ਤਿਉ ਮਥੇ ਧ੍ਰਮ ਰਾਇ॥ ਅੰਗ - 1425*

ਕਰਮ ਹਮੇਸ਼ਾਂ ਹਉਮੈ ਨੂੰ ਭੋਗਣੇ ਪੈਂਦੇ ਹਨ। ਹਉਮੈ ਇਕ ਜਜ਼ਬਾ ਹੈ ਜਿਸ ਦੇ ਅਧੀਨ ਹੋਈ ਚੇਤਨ ਸੁਰਤ ਆਪਣੇ ਆਪ ਨੂੰ ਵਾਹਿਗੁਰੂ ਜੀ ਤੋਂ ਵਖਰੀ ਮੰਨਦੀ ਹੈ। ਸਤਿਸੰਗ, ਮਹਾਂਪੁਰਸ਼ਾਂ ਦੀ ਸੰਗਤ ਤੋਂ ਹੀਣਾ ਰਹਿ ਕੇ ਪੁਰਸ਼ ਮਾਇਆ ਦੇ ਰਸਾਂ-ਕਸਾਂ ਵਿਚ ਉਲਝ ਜਾਂਦਾ ਹੈ ਅਤੇ ਮੇਰੀ ਹੀ ਮੇਰੀ ਕਰਕੇ ਜਨਮ ਬਿਰਥਾ ਗੁਆ ਲੈਂਦਾ ਹੈ। ਇਹ ਉਮਰ ਰੂਪੀ ਰੈਣ ਲੰਘ ਜਾਂਦੀ ਹੈ, ਪਛਤਾਵਾ ਪੱਲੇ ਰਹਿ ਜਾਂਦਾ ਹੈ; ਆਇਆ ਤਾਂ ਪ੍ਰਮੇਸ਼ਰ ਨੂੰ ਮਿਲਣ ਵਾਸਤੇ ਸੀ। ਵਾਹਿਗੁਰੂ ਜੀ ਇਸ ਦੇ ਅੰਦਰ ਆਸਣ ਲਾਈ ਇਸ ਦਾ ਇੰਤਜ਼ਾਰ ਕਰ ਰਹੇ ਹਨ। ਸੰਤ, ਮਹਾਂਪੁਰਸ਼ ਹਾਕਾਂ ਮਾਰ-ਮਾਰ ਕੇ ਇਸਨੂੰ ਖਬਰਦਾਰ ਕਰਦੇ ਹਨ, ਯਾਦ ਕਰਾਉਂਦੇ ਹਨ ਕਿ ਤੂੰ ਮਾਤਾ ਦੇ ਉਦਰ ਵਿਚ ਸਵਾਸ-ਸਵਾਸ ਨਾਮ ਧੁਨ ਵਿਚ ਮਸਤ ਸੀ, ਉਸ ਨਾਮ ਧੁਨ ਕਰਕੇ ਤੇਰੇ ਅੰਦਰ ਪ੍ਰਕਾਸ਼ ਸੀ। ਇਕ ਸਮਾਧੀ ਦੀ ਅਵਸਥਾ ਵਿਚ ਲੀਨ ਹੋਇਆ ਗਰਭ ਅਗਨ ਤੋਂ ਬਚ ਕੇ ਸੰਸਾਰ ਵਿਚ ਆਇਆ। ਪਰ ਫਿਰ ਮਾਇਆ ਦੇ ਅਸਰ ਵਿਚ ਫਸ ਕੇ ਉਸ ਪ੍ਰਭੂ ਨੂੰ ਭੁੱਲ ਕੇ ਫਿਰ ਉਨ੍ਹਾਂ ਕੰਮਾਂ ਵਿਚ ਲਗ ਗਿਆ ਜਿਨ੍ਹਾਂ ਨਾਲ ਅਨੇਕਾਂ ਵਾਰੀ ਜਨਮ ਮਰਨ ਦੇ ਦੁਖ ਕੱਟ ਚੁਕਿਆ ਹੈ -

*ਯਾ ਜੁਗ ਮਹਿ ਏਕਹਿ ਕਉ ਆਇਆ॥*
*ਜਨਮਤ ਮੋਹਿਓ ਮੋਹਨੀ ਮਾਇਆ॥*
*ਗਰਭ ਕੁੰਟ ਮਹਿ ਉਰਧ ਤਪ ਕਰਤੇ॥*
*ਸਾਸਿ ਸਾਸਿ ਸਿਮਰਤ ਪ੍ਰਭੁ ਰਹਤੇ॥*
*ਉਰਝਿ ਪਰੇ ਜੋ ਛੋਡਿ ਛਡਾਨਾ॥*
*ਦੇਵਨਹਾਰੁ ਮਨਹਿ ਬਿਸਰਾਨਾ॥*
*ਅੰਗ - 251*

ਇਹ ਗੱਲਾਂ ਤੇਰੇ ਚਿਤ ਚੇਤੇ ਵੀ ਨਾ ਰਹੀਆਂ ਅਤੇ ਨਾ ਹੀ ਸਤਿਪੁਰਸ਼ਾਂ ਦੀ ਸਤਿ ਦੀ ਆਵਾਜ਼ ਤੂੰ ਮੰਨੀਂ, ਸਗਵਾਂ ਇਸ ਦੇ ਵਿਪਰੀਤ, ਸਤਿਪੁਰਸ਼ਾਂ ਦੀ ਨਿੰਦਿਆ ਕਰਦਾ ਰਿਹਾ। ਫਲ ਕੀ ਹੋਇਆ ? ਸਮਾਂ ਗੁਜ਼ਰ ਗਿਆ, ਜਮ ਫੇਰ ਫੰਧਾ ਲੈ ਕੇ ਆ ਗਏ, ਗਲ ਵਿਚ ਪਾ ਲਿਆ; ਫੇਰ ਪਛਤਾਇਆ -

*ਰੈਣਿ ਵਿਹਾਣੀ ਪਛੁਤਾਣੀ*
*ਉਠਿ ਚਲੀ ਗਈ ਨਿਰਾਸ॥*
*ਜਿਨ ਕੌ ਸਾਧੂ ਭੇਟੀਐ*
*ਸੋ ਦਰਗਹ ਹੋਇ ਖਲਾਸੁ॥ ਅੰਗ - 134*

*ਆਪੀਨੈ ਭੋਗ ਭੋਗਿ ਕੈ*
*ਹੋਇ ਭਸਮੜਿ ਭਉਰੁ ਸਿਧਾਇਆ॥*
*ਵਡਾ ਹੋਆ ਦੁਨੀਦਾਰੁ*
*ਗਲਿ ਸੰਗਲੁ ਘਤਿ ਚਲਾਇਆ॥*
*ਅਗੈ ਕਰਣੀ ਕੀਰਿਤ ਵਾਚੀਐ*
*ਬਹਿ ਲੇਖਾ ਕਰਿ ਸਮਝਾਇਆ॥*
*ਥਾਉ ਨ ਹੋਵੀ ਪਉਦੀਈ*
*ਹੁਣਿ ਸੁਣੀਐ ਕਿਆ ਰੂਆਇਆ॥*
*ਮਨਿ ਅੰਧੈ ਜਨਮੁ ਗਵਾਇਆ॥*
*ਅੰਗ - 464*

ਜੋ ਕੁਝ ਸੰਸਾਰ ਵਿਚ ਪਾਪਾਂ ਨਾਲ, ਮਾਇਆ ਇਕੱਠੀ ਕੀਤੀ ਸੀ, ਉਹ ਤੁਰਦਿਆਂ ਨਾਲ ਨਾ ਗਈ। ਮਾਇਆ ਦਾ ਮੋਹ ਪਰਲੋਕ ਵਿਚ ਵੀ ਇਸਨੂੰ ਜਲਾਉਂਦਾ ਹੈ। ਪਰ ਇਕਨਾਂ ਨੂੰ ਸੋਝੀ ਆ ਗਈ, ਉਸਨੇ ਸਤਿਪੁਰਸ਼ਾਂ, ਸਾਧੂਆਂ, ਸੰਤਾਂ, ਆਰਫਾਂ, ਪੀਰਾਂ, ਫਕੀਰਾਂ ਦੀ ਹੱਕ ਦੀ ਅਵਾਜ਼ ਸੁਣੀ ਅਤੇ ਸਮਰੱਥ ਗੁਰੂ ਤੋਂ ਸ਼ਬਦ ਪ੍ਰਾਪਤ ਕਰਕੇ ਘਾਲ ਕਮਾਈ ਕੀਤੀ; ਉਹ ਜਦੋਂ ਇਸ ਸੰਸਾਰ ਤੋਂ ਜਾਂਦਾ ਹੈ ਤਾਂ ਧੰਨ-ਧੰਨ ਹੁੰਦੀ ਹੈ, ਜੈ-ਜੈ ਕਾਰ ਹੁੰਦੀ ਹੈ। ਉਨ੍ਹਾਂ ਨੂੰ ਜਮਦੂਤ ਅਰੇ-ਅਰੇ ਨਹੀਂ ਕਹਿੰਦੇ, ਸਗਮਾਂ ਜਮ ਆਦਰ ਦਿੰਦੇ ਹਨ, ਸੇਵਾ ਕਰਦੇ ਹਨ -

*ਜਿਨ ਕੌ ਸਾਧੂ ਭੇਟੀਐ*
*ਸੋ ਦਰਗਹ ਹੋਇ ਖਲਾਸੁ॥ ਅੰਗ -134*

ਸਾਧੂਆਂ ਦੀ ਸੰਗਤ ਕਰਕੇ ਕੀ ਮਿਲਿਆ ਤੇ ਕੀ ਘਾਲ ਕਮਾਈ ਕੀਤੀ -

*(ਬਾਕੀ ਪੰਨਾ 33 ਤੇ)*

# ਸ੍ਰੀ ਗੁਰੂ ਅਰਜਨ ਦੇਵ ਜੀ, ਯੋਗੀਰਾਜ ਨੂੰ ਉਪਦੇਸ਼

*ਸੰਤ ਵਰਿਆਮ ਸਿੰਘ ਜੀ*
*ਬਾਨੀ ਵਿ. ਗੁ. ਰੂ. ਮਿਸ਼ਨ।*

***(ਲੜੀ ਜੋੜਨ ਲਈ ਦੇਖੋ, ਮਈ ਅੰਕ, ਪੰਨਾ-17)***

ਬਗੈਰ ਸਮਰੱਥ ਗੁਰੂ ਤੋਂ ਜੋ ਹਨ੍ਹੇਰਾ ਮਨ ਵਿਚ ਪੈ ਗਿਆ, ਇਕ ਤੋਂ ਅਨੇਕ ਬਣ ਕੇ, ਹੰਗਤਾ ਤੇ ਮਮਤਾ ਦੇ ਵਿਚ ਫਸਿਆ ਹੋਇਆ ਜੀਵ ਬਣ ਗਿਆ। ਮਹਾਰਾਜ ਕਹਿੰਦੇ ਪਿਆਰਿਆ! ਤੂੰ ਤਾਂ ਸੁਰਤਿ ਗਵਾ ਲਈ ਆਪਣੀ, ਭੁੱਲ ਗਿਆ ਬਿਲਕੁਲ। ਤੂੰ ਕਹਿੰਦਾ ਹੈਂ ਕਿ ਮੈਂ ਪੜ੍ਹਿਆ ਲਿਖਿਆ ਹਾਂ। ਮੈਂ ਬਹੁਤ ਜਾਣਦਾ ਹਾਂ, ਮੈਂ ਦੁਨੀਆਂ ਭਰ ਦੀਆਂ ਪੁਸਤਕਾਂ ਪੜ੍ਹ ਲਈਆਂ। ਪਰ ਤੂੰ ਤਾਂ ਭੁੱਲ ਗਿਆ ਸਭ ਕੁਝ, ਤੇਰੇ ਅੰਦਰ ਤਾਂ ਸੁਰਤ ਹੀ ਹੋਰ ਪੈਦਾ ਹੋ ਗਈ। ਉਹ ਸੁਰਤ ਪੈਦਾ ਹੋ ਗਈ ਜਿਹਦੇ ਨਾਲ ਤੂੰ ਜੰਮਣ ਮਰਨ ਲਗ ਗਿਆ। ਦੁਖੀ ਸੁਖੀ ਹੋ ਗਿਆ। ਗਰੀਬ ਅਮੀਰ ਆਪਣੇ ਆਪ ਨੂੰ ਦੇਖਣ ਲਗ ਗਿਆ। ਇਹ ਹੈ ਕੀ? ਇਹ ਤਾਂ ਸਾਰੀ 'ਮੈਂ' ਦੀ ਸੁਰਤ ਹੈ। ਕਿਉਂਕਿ ਜਦੋਂ ਅਸੀਂ ਆਪਣੀ ਖੋਜ ਕਰੀਏ। ਜਿਹੜਾ ਸਿਆਣਾ ਬੰਦਾ ਹੈ ਸਭ ਤੋਂ ਪਹਿਲਾਂ ਉਹ ਇਹ ਕਹਿੰਦਾ ਹੈ ਕਿ ਮੈਂ ਹਾਂ ਕੀ। ਪੰਜ ਤੱਤ ਦਾ ਆਹ ਪੁਤਲਾ ਬਣਿਆ ਹੋਇਐ। ਇਹਦੇ ਵਿਚੋਂ ਮੈਂ ਕਿਹੜਾ ਤੱਤ ਹਾਂ। ਪਾਣੀ ਮੈਂ ਨਹੀਂ ਹਾਂ, ਅੱਗ ਮੈਂ ਨਹੀਂ ਹਾਂ, ਮਿੱਟੀ ਮੈਂ ਨਹੀਂ ਹਾਂ, ਹਵਾ ਮੈਂ ਨਹੀਂ, ਆਕਾਸ਼ ਮੈਂ ਨਹੀਂ -

*ਭੋਲਿਆ ਹਉਮੈ ਸੁਰਤਿ ਵਿਸਾਰਿ ॥ ਅੰਗ- ੧੧੯੮*

ਆਹ ਜਿਹੜੀ ਤੇਰੇ ਅੰਦਰ ਸੁਰਤ ਆ ਗਈ ਮੈਂ ਦੀ, ਐਨਾ ਹੇਠਲੇ ਪੱਧਰ 'ਤੇ ਚਲਿਆ ਗਿਆ ਕਿ ਆਪਣੇ ਆਪ ਨੂੰ ਦੇਹ ਸਮਝਣਾ ਸ਼ੁਰੂ ਕਰ ਦਿਤਾ। ਫੇਰ ਕਿਸੇ ਦੀ ਕਹੀ ਹੋਈ ਗੱਲ ਨਹੀਂ ਤੂੰ ਮੰਨਦਾ। ਗੁਰੂ ਜ਼ੋਰ ਲਾ ਕੇ ਬਹਿ ਜਾਣ ਕਿ ਤੂੰ ਦੇਹ ਹੈ ਹੀ ਨਹੀਂ। ਤੂੰ ਤਾਂ ਆਤਮ ਸਰੂਪ ਹੈਂ। ਨਾ ਤੂੰ ਕਦੇ ਜੰਮਦਾ ਹੈਂ ਨਾ ਤੂੰ ਕਦੇ ਮਰਦਾ ਹੈਂ, ਨਾ ਕਦੇ ਦੁਖੀ ਹੁੰਦੈ, ਨਾ ਕਦੇ ਤੂੰ ਸੁਖੀ ਹੁੰਦੈ, ਤੂੰ ਤਾਂ ਪਰਮ ਅਨੰਦ ਹੈਂ। ਤੇਰੇ ਵਿਚ ਮਾਣ ਨਹੀਂ ਹੈ। ਤੇਰੇ ਵਿਚ ਅਭਿਮਾਨ ਨਹੀਂ ਹੈ, ਤੂੰ ਤਾਂ ਇਕ ਰਸ ਹੈਂ। ਤੂੰ ਕਿਉਂ ਆਪਣੇ ਆਪ ਨੂੰ ਐਨਾ ਥੱਲੇ ਸੁੱਟ ਲਿਆ ਕਿ ਹਉਮੈ ਦੇ ਅਸਰ ਵਿਚ ਆ ਕੇ ਆਪਣੇ ਆਪ ਨੂੰ ਸਾਢੇ ਤਿੰਨ ਹੱਥ ਦੀ ਦੇਹ ਮੰਨੀਂ ਬੈਠੈਂ। ਇਹ ਹਉਮੈ ਦੀ ਸੁਰਤ ਨੂੰ ਭੁੱਲ ਜਾਹ। ਕਿਉਂਕਿ ਇਹ ਬਹੁਤ ਨੁਕਸਾਨ ਕਰ ਰਹੀ ਹੈ -

*ਧਾਰਨਾ - ਜੰਮਦਾ ਤੇ ਮਰਦਾ ਹੈ ਹਉਮੈ ਦਾ ਬੰਨ੍ਹਿਆ ਹੋਇਆ।*

*ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ ॥*
*ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ ॥*

*ਅੰਗ- ੪੬੬*

ਤੇਰੇ ਜੰਮਣ ਮਰਨ ਦਾ ਕਾਰਨ ਹਉਮੈ ਹੈ, ਜਿਹੜਾ ਤੂੰ ਮੰਨਦੈ ਕਿ ਮਿਥਿਆ ਚੀਜ਼ ਹੈ, ਸੱਚ ਨਹੀਂ ਹੈ। ਤੂੰ ਇਸ ਨੂੰ ਸੱਚ ਕਰਕੇ ਜਾਣ ਲਿਆ, ਇਸ ਕਰਕੇ ਫਸ ਗਿਆ -

*ਪਾਰਬ੍ਰਹਮ ਕੇ ਸਗਲੇ ਠਾਉ ॥*
*ਜਿਤੁ ਜਿਤੁ ਘਰਿ ਰਾਖੈ ਤੈਸਾ ਤਿਨ ਨਾਉ ॥*
*ਆਪੇ ਕਰਨ ਕਰਾਵਨ ਜੋਗੁ ॥*
*ਪ੍ਰਭ ਭਾਵੈ ਸੋਈ ਫੁਨਿ ਹੋਗੁ ॥*
*ਪਸਰਿਓ ਆਪਿ ਹੋਇ ਅਨਤ ਤਰੰਗ ॥ ਅੰਗ- ੨੭੫*

ਮਹਾਰਾਜ ਕਹਿੰਦੇ, ਉਹ ਆਪ ਹੀ ਅਨੇਕਾਂ ਰੂਪਾਂ ਦੇ ਵਿਚ, ਤਰੰਗਾਂ ਦੇ ਵਿਚ ਹੋ ਕੇ ਪਸਰ ਗਿਆ। ਜਿਸ ਤਰ੍ਹਾਂ ਦੇ ਨਾਲ ਇਕ ਬੀਜ ਬਰੋਟੇ ਦਾ, ਛੋਟਾ ਜਿਹਾ ਹੁੰਦੈ ਬੋਹੜ ਦਾ ਬੀਜ, ਉਹ ਜਦੋਂ ਫੈਲਦਾ ਹੈ, ਏਕੜਾਂ ਦੇ ਵਿਚ ਚਲਿਆ ਜਾਂਦੈ। ਜੇ ਉਹਦੀਆਂ ਜੜ੍ਹਾਂ ਦੱਬੀ ਜਾਓ, ਦੱਬੀ ਜਾਓ ਬਹੁਤ ਜ਼ਮੀਨ ਘੇਰ ਲੈਂਦੈ। ਉਹ ਹੈ ਕੀ? ਇਕ ਨਿੱਕਾ ਜਿਹਾ ਬੀਜ ਪਸਰਿਆ ਹੋਇਐ। ਇਸੇ ਤਰ੍ਹਾਂ ਦੇ ਨਾਲ ਆਪ ਹੀ ਪ੍ਰਮੇਸ਼ਰ ਪਸਰ ਕੇ ਆਪਣੇ ਰੂਪ ਦੇ ਵਿਚ ਖੇਲ੍ਹਦੈ। ਇਥੇ ਦੂਜਾ ਹੈ ਕੋਈ ਨਹੀਂ। ਦੂਜਾ ਇਸ ਤੋਂ ਬਾਗੀ ਹੋ ਕੇ, ਇਸ ਗੱਲ ਨੂੰ ਨਾ ਮੰਨ ਕੇ ਆਪਣੀ ਹਸਤੀ ਵੱਖਰੀ ਕਾਇਮ ਕਰਕੇ, ਇਹ ਜੀਵ ਦੁੱਖਾਂ ਦੇ ਵਿਚ ਪਿਆ ਹੋਇਆ ਜੰਮਦਾ-ਮਰਦਾ ਤੁਰਿਆ ਜਾ ਰਿਹੈ -

*ਪਸਰਿਓ ਆਪਿ ਹੋਇ ਅਨਤ ਤਰੰਗ ॥*
*ਲਖੇ ਨ ਜਾਹਿ ਪਾਰਬ੍ਰਹਮ ਕੇ ਰੰਗ ॥*
*ਜੈਸੀ ਮਤਿ ਦੇਇ ਤੈਸਾ ਪਰਗਾਸ ॥*
*ਪਾਰਬ੍ਰਹਮੁ ਕਰਤਾ ਅਬਿਨਾਸ ॥*
*ਸਦਾ ਸਦਾ ਸਦਾ ਦਇਆਲ ॥*
*ਸਿਮਰਿ ਸਿਮਰਿ ਨਾਨਕ ਭਏ ਨਿਹਾਲ ॥*

*ਅੰਗ- ੨੭੫*

ਕਹਿੰਦੇ, ਇਹ ਭਰਮ ਹੈ ਇਕ। ਉਹਨੇ ਆਪਣੀ ਖੇਲ੍ਹ ਰਚ ਲਈ -

*ਅਪਨੀ ਮਾਇਆ ਆਪਿ ਪਸਾਰੀ ਆਪਹਿ ਦੇਖਨਹਾਰਾ ॥*
*ਨਾਨਾ ਰੂਪੁ ਧਰੇ ਬਹੁ ਰੰਗੀ ਸਭ ਤੇ ਰਹੈ ਨਿਆਰਾ ॥*

*ਅੰਗ- ੫੩੭*

ਕੀ ਫਰਕ ਪੈ ਜਾਏਗਾ, ਜੇ ਆਪਾਂ ਨਾ ਮੰਨੀਏ ਕਿ ਮੈਂ ਨਹੀਂ ਦੇਹ ਹੈਗਾ। ਮੈਂ ਹਾਂ ਹੀ ਨਹੀਂ। ਮਹਾਰਾਜ ਕਹਿੰਦੇ -

ਮੈ ਨਾਹੀ ਪ੍ਰਭ ਸਭੁ ਕਿਛੁ ਤੇਰਾ ॥ ਈਘੈ ਨਿਰਗੁਨ ਊਘੈ ਸਰਗੁਨ ਕੇਲ ਕਰਤ ਬਿਚਿ ਸੁਆਮੀ ਮੇਰਾ ॥ ਅੰਗ- 827

ਆਪੇ ਹੀ ਆਪਣੇ ਰੂਪ ਧਾਰ ਕੇ -

*ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ॥*
*ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰ ਏਕ॥ ਜਾਪੁ ਸਾਹਿਬ*

ਇਕ ਵਾਰੀ ਇਕ ਰਾਜਾ ਬੈਠਾ ਹੈ। ਵਜ਼ੀਰ-ਅਮੀਰ ਸਾਰੇ ਬੈਠੇ ਨੇ। ਐਨੇ ਨੂੰ ਇਕ ਜਾਦੂਗਰ ਆ ਜਾਂਦੈ। ਉਸ ਜਾਦੂਗਰ ਨੇ ਆ ਕੇ ਕਿਹਾ ਕਿ ਮਹਾਰਾਜ ਕੀ ਜੈ ਹੋ। ਕਹਿਣ ਲੱਗੇ, ਕਿਸ ਤਰ੍ਹਾਂ ਆਇਆ ਹੈ? ਉਹ ਕਹਿਣ ਲੱਗਿਆ ਕਿ ਮਹਾਰਾਜ ਮੈਂ ਜਾਦੂਗਰ ਹਾਂ ਤੇ ਮੈਂ ਬਹੁਤ ਅਜੀਬ-ਅਜੀਬ ਖੇਲ੍ਹ ਦਿਖਾਉਣ ਜਾਣਦਾ ਹਾਂ। ਕਹਿੰਦੇ, ਦੇਖ ਬਈ ਜਾਦੂਗਰ! ਖੇਲ੍ਹ ਤਾਂ ਅਸੀਂ ਦੇਖੇ ਨੇ ਬੇਅੰਤ। ਜੇ ਕੋਈ ਐਸਾ ਖੇਲ੍ਹ ਤੇਰੇ ਕੋਲ ਹੈ ਕਿ ਮੰਨੋਰੰਜਨ ਵੀ ਉਹਦੇ ਵਿਚ ਹੋਵੇ ਤੇ ਨਾਲ ਉਪਦੇਸ਼ ਵੀ ਹੋਵੇ ਤਾਂ ਅਸੀਂ ਦੇਖ ਲਵਾਂਗੇ। ਕਹਿਣ ਲੱਗਿਆ, ਮਹਾਰਾਜ! ਐਸਾ ਹੀ ਖੇਲ੍ਹ ਮੈਂ ਦਿਖਾਉਂਗਾ ਆਪ ਨੂੰ। ਤੇ ਉਹਦੇ ਵਿਚ ਮੰਨੋਰੰਜਨ ਵੀ ਹੈ, ਰਾਗ ਦਵੈਸ਼ ਵੀ ਪੈਦਾ ਹੁੰਦੈ, ਤੇ ਨਾਲ ਉਪਦੇਸ਼ ਵੀ ਹੈ ਉਹਦੇ ਵਿਚ। ਕਹਿਣ ਲੱਗੇ, ਫੇਰ ਦਿਖਾ।

ਕਹਿੰਦਾ, ਮੈਂ ਦਿਖਾਉਣਾ ਤਾਂ ਚਾਹੁੰਦਾ ਹਾਂ। ਮੈਂ ਦੇਵਤਿਆਂ ਨਾਲ ਯੁੱਧ ਕਰਨਾ ਚਾਹੁੰਦਾ ਹਾਂ। ਪਰ ਮੇਰੀ ਇਸਤ੍ਰੀ ਮੇਰੇ ਨਾਲ ਹੈ। ਪਤਾ ਨਹੀਂ ਯੁੱਧ ਕਰਦੇ ਮੈਂ ਮਰ ਜਾਵਾਂ ਜਾਂ ਮੈਂ ਜਿੱਤ ਕੇ ਵਾਪਸ ਆ ਜਾਵਾਂ। ਤੁਸੀਂ ਜਾਣਦੇ ਹੀ ਹੋਂ ਜਦੋਂ ਰਾਜੇ ਲੋਕਾਂ ਨਾਲ ਯੁੱਧ ਹੋਣੈ, ਤਾਂ ਇਕ ਨੇ ਮਰਨੈ ਇਕ ਨੇ ਮਾਰਨੈ। ਆਹ ਮੇਰੀ ਔਰਤ ਹੈ, ਬਹੁਤ ਖੂਬਸੂਰਤ ਹੈ। ਜੇ ਬਚਨ ਦੇਵੋਂ ਤੁਸੀਂ ਕਿ ਇਹਦੀ ਰਾਖੀ ਕਰੋਂਗੇ ਤਾਂ ਫੇਰ ਮੈਂ ਤੁਹਾਨੂੰ ਦਿਖਾਵਾਂ।

ਕਹਿਣ ਲੱਗੇ, ਜਾਦੂਗਰ! ਇਹ ਤਾਂ ਸਾਡੀ ਲੜਕੀ ਹੈ। ਇਸ ਤਰ੍ਹਾਂ ਸਮਝ ਲੈ ਕਿ ਮੇਰੀ ਬੇਟੀ ਹੈ। ਮੇਰੀ ਬੇਟੀ ਦੇ ਨਾਲ ਰਹੀਂ ਤੂੰ, ਕੋਈ ਸ਼ੰਕਾ ਨਾ ਕਰ।

ਕਹਿਣ ਲੱਗਿਆ, ਠੀਕ ਹੈ, ਮੈਂ ਜਾਂਦਾ ਹਾਂ ਹੁਣ ਯੁੱਧ ਕਰਨ ਵਾਸਤੇ। ਦੇਖਦੇ-ਦੇਖਦੇ ਅਲੋਪ ਹੋ ਗਿਆ। ਅਵਾਜ਼ ਆਈ ਬਹੁਤ ਜ਼ੋਰ ਦੀ ਕਿ ਮੈਂ ਦੇਵ ਲੋਕ 'ਚ ਪਹੁੰਚ ਗਿਆ ਤੇ ਮੇਰਾ ਯੁੱਧ ਹੋ ਰਿਹਾ ਸਭ ਤੋਂ ਪਹਿਲਾਂ ਵਰੁਣ ਦੇਵਤਾ ਦੇ ਨਾਲ। ਮੇਰਾ ਯੁੱਧ ਹੋਰ ਰਿਹੈ, ਹਵਾ ਦੇ ਦੇਵਤੇ ਦੇ ਨਾਲ, ਅਗਨ ਦੇਵਤਾ ਨਾਲ। ਕਹਿਣ ਲੱਗਿਆ, ਮਹਾਰਾਜ! ਮੈਂ ਵਰੁਣ ਦੇਵਤਾ ਮਾਰ ਲਿਆ, ਥੱਲੇ ਸੁਟ ਰਿਹਾਂ ਮੈਂ ਉਸ ਦਾ ਸਿਰ ਤੁਹਾਡੇ ਦਰਸ਼ਨ ਕਰਨ ਲਈ। ਦੇਖਦੇ ਨੇ ਕਿ ਆਸਮਾਨ 'ਚੋਂ ਆ ਰਿਹੈ, ਗਿਰਿਆ, ਪਾਣੀ ਹੀ ਪਾਣੀ ਹੋ ਗਿਆ। ਸਾਰਿਆਂ ਦੇ ਮਨ ਵਿਚ ਬੜੀ ਖੁਸ਼ੀ ਵੀ ਹੋਈ ਤੇ ਨਾਲ ਚਿੰਤਾ ਵੀ ਹੋਈ। ਨਾਲ ਇਹ ਵੀ ਹੋਇਆ ਰਾਜੇ ਦੇ ਕਿ ਆਹ ਜਿਹੜਾ ਜਾਦੂਗਰ ਹੈ ਇਹਨੂੰ ਤਾਂ ਮੈਂ ਆਪਣੀਆਂ ਫੌਜਾਂ ਦਾ ਜਰਨੈਲ ਕਿਉਂ ਨਾ ਬਣਾ ਦਿਤਾ। ਐਡਾ ਸੂਰਮਾ? ਜਿਹਦੇ ਵਿਚ ਜਾ ਕੇ ਦੇਵਤਿਆਂ ਨੂੰ ਮਾਰਨ ਦੀ ਸ਼ਕਤੀ ਹੈ। ਦੇਵਤੇ ਮਾਰ-ਮਾਰ ਸੁੱਟੀ ਜਾਂਦੈ ਤੇ ਅਖੀਰ ਹਾਏ ਦੀ ਆਵਾਜ਼ ਆਉਂਦੀ ਹੈ ਕਹਿੰਦਾ, ਮੇਰੀ ਬਾਂਹ ਕਟ ਗਈ, ਮੇਰੀ ਲੱਤ ਕਟ ਗਈ। ਮੇਰੀ ਦੂਜੀ ਲੱਤ ਵੀ ਕਟ ਗਈ ਤੇ ਮੈਂ ਹੁਣ ਮਾਰਿਆ ਜਾਣੈ। ਧੜ ਵੀ ਥੱਲੇ ਆ ਗਿਆ, ਬਾਂਹਾਂ ਵੀ ਥੱਲੇ ਆ ਗਈਆਂ, ਲੱਤਾਂ ਵੀ ਥੱਲੇ ਆ ਗਈਆਂ। ਰੋਣਾ ਪੈ ਗਿਆ ਸਾਰੇ। ਸਭ ਦੇ ਨੇਤਰਾਂ 'ਚੋਂ ਜਲ ਜਾਂਦੈ ਕਿ ਦੇਖੋ ਕਿੰਨਾ ਬਹਾਦਰ ਸੀ। ਲੇਕਿਨ ਇਸ ਸੂਰਬੀਰ ਨੇ, ਖੇਲ੍ਹ ਦਿਖਾਉਂਦੇ-ਦਿਖਾਉਂਦੇ ਨੇ ਹੀ ਆਪਣਾ ਆਪ ਖਤਮ ਕਰ ਲਿਆ। ਉਸ ਵੇਲੇ ਜੋ ਵਿਚ ਹੀ ਬੈਠੀ ਸੀ ਘਰਵਾਲੀ ਉਹ ਰੋਣ ਲੱਗ ਗਈ। ਕਹਿਣ ਲੱਗੀ ਕਿ ਮਹਾਰਾਜ! ਮੈਂ ਆਪਣੇ ਪਤੀ ਨਾਲ ਸਤੀ ਹੋਣੈ। ਮੇਰੀ ਕਾਹਦੀ ਜ਼ਿੰਦਗੀ ਹੈ?

ਅਖੀਰ ਚਿਖਾ ਬਣਾਈ ਗਈ ਤੇ ਉਹਦੇ ਉਤੇ ਸਤੀ ਹੋ ਗਈ। ਸਾਰਾ ਕੁਛ ਹੋ ਗਿਆ, ਸਭ ਬੈਠੇ ਨੇ, ਐਨੇ ਨੂੰ ਜਾਦੂਗਰ ਆ ਗਿਆ। ਕਹਿਣ ਲੱਗਿਆ, ਮਹਾਰਾਜ ਕੀ ਜੈ ਹੋ।

ਹੈਰਾਨ ਹੋ ਗਏ ਕਿ ਜਾਦੂਗਰ?

ਕਹਿਣ ਲੱਗੇ, ਜਾਦੂਗਰ ਤੂੰ ਤਾਂ ਮਰ ਚੁੱਕਿਆ ਸੀ?

ਕਹਿੰਦਾ, ਜੇ ਮਰ ਗਿਆ ਹੁੰਦਾ ਤਾਂ ਤੁਹਾਡੇ ਸਾਮ੍ਹਣੇ ਕਿਵੇਂ ਆ ਜਾਂਦਾ? ਕਹਿੰਦਾ, ਮੇਰੀ ਇਸਤ੍ਰੀ ਦਿਓ।

ਕਹਿੰਦੇ, ਤੇਰੀ ਇਸਤ੍ਰੀ ਤਾਂ ਤੇਰਾ ਜਿਹੜਾ ਸਰੀਰ ਆਇਆ ਸੀ ਉਸ ਨਾਲ ਸਤੀ ਹੋ ਗਈ। ਕਹਿਣ ਲਗਿਆ, ਸਰੀਰ ਮੇਰਾ ਆਇਆ ਹੀ ਨਹੀਂ ਜਦ, ਮੇਰੇ ਨਾਲ ਕਿਵੇਂ ਸਤੀ ਹੋ ਗਈ?

ਅਸਚਰਜਤਾ 'ਚ ਪੈ ਗਏ, ਸਮਝ 'ਚ ਨਹੀਂ ਆਉਂਦੀ ਕੋਈ ਗੱਲ। ਉਹ ਕਹਿੰਦਾ, ਦੇਖੋ, ਤੁਸੀਂ ਵਸ ਹੋ ਕੇ ਮਾੜੀ ਨੀਤੀ ਦੇ ਮੇਰੀ ਔਰਤ ਨੂੰ ਅੰਦਰ ਕੈਦ ਕਰ ਦਿਤਾ। ਸੱਤ ਤਾਲਿਆਂ ਦੇ ਅੰਦਰ ਕੈਦ ਹੈ। ਅਵਾਜ਼ ਦਿਤੀ, ਉਧਰੋਂ ਅਵਾਜ਼ ਆ ਗਈ ਕਿ ਮੈਨੂੰ ਇਸ ਰਾਜੇ ਨੇ ਕੈਦ ਕਰਿਆ ਹੋਇਐ। ਹੋਰ ਹੈਰਾਨੀ ਹੋ ਗਈ, ਉਸ ਤੋਂ ਬਾਅਦ ਤਾਲੇ ਖੋਲ੍ਹੇ ਉਹ ਆ ਕੇ ਮਿਲ ਗਈ।

ਉਸ ਵੇਲੇ ਉਹਨੇ ਕਿਹਾ ਕਿ ਮਹਾਰਾਜ! ਆਪ ਕੀ ਜੈ ਹੋ। ਖੇਲ੍ਹ ਕੈਸਾ ਲੱਗਿਆ ਆਪ ਨੂੰ।

ਕਹਿਣ ਲੱਗੇ, ਜਾਦੂਗਰ! ਤੂੰ ਤਾਂ ਬੜੇ ਰਸ ਸਾਡੇ ਅੰਦਰ ਲਿਆ ਦਿਤੇ। ਕਦੇ ਸਾਨੂੰ ਖੁਸ਼ੀ ਹੋਈ ਹੈ, ਕਦੇ

ਸਾਨੂੰ ਗਮੀ ਹੋਈ ਹੈ, ਕਦੇ ਸਾਨੂੰ ਅਸਚਰਜਤਾ ਹੋਈ ਹੈ, ਕਦੇ ਸਾਨੂੰ ਹੈਰਾਨੀ ਹੋਈ ਹੈ। ਬੜੇ ਰੰਗ ਅਸੀਂ ਦੇਖੇ ਨੇ। ਕਹਿੰਦਾ, ਦੇਖੋ ਮਹਾਰਾਜ! ਨਾ ਮੈਂ ਕਿਤੇ ਗਿਆ ਹਾਂ, ਨਾ ਕਿਤੋਂ ਆਇਆ ਹਾਂ। ਨਾ ਕੋਈ ਮੇਰੀ ਇਸਤ੍ਰੀ ਹੈ, ਨਾ ਮੈਂ ਕਿਸੇ ਦੇਵਤੇ ਨਾਲ ਯੁੱਧ ਕਰਿਆ ਹੈ। ਮੈਂ ਤਾਂ ਆਪਣੀ ਮਾਇਆ ਦਾ ਕ੍ਰਿਸ਼ਮਾ ਤੁਹਾਨੂੰ ਦਿਖਾਇਆ ਹੈ। ਮੇਰੇ ਵਿਚ ਸ਼ਕਤੀ ਹੈ, ਮੈਂ ਉਸ ਸ਼ਕਤੀ ਦੇ ਮੁਤਾਬਿਕ ਤੁਹਾਨੂੰ ਸਾਰਿਆਂ ਨੂੰ ਹਿਪਨੋਟਾਈਜ਼ ਕਰਕੇ ਦੇਵਤੇ ਮਰਦੇ ਤੇ ਚਿਖਾ ਜਲਦੀਆਂ ਦਿਖਾਈਆਂ ਸੀ। ਇਥੇ ਤਾਂ ਕੁਛ ਹੋਇਆ ਹੀ ਨਹੀਂ। ਕਿਤੇ ਹੈ ਚਿਖਾ ਜਿਹੜੀ ਤੁਸੀਂ ਕਹਿੰਦੇ ਸੀ ਕਿ ਸੜ ਗਈ ਸੀ।

ਹੈਰਾਨ ਹੁੰਦੇ ਨੇ ਸਭ। ਕਹਿੰਦੇ, ਜਾਦੂਗਰ! ਇਹਦੇ ਵਿਚ ਸਬਕ ਕੀ ਹੋਇਆ?

ਕਹਿਣ ਲੱਗਿਆ, ਮਹਾਰਾਜ! ਦੇਖੋ ਮੈਂ ਇਕ ਨਿੱਕਾ ਜਿਹਾ ਹਾਂ। ਮੈਂ ਆਪਣੀ ਮਾਇਆ ਪਸਾਰ ਕੇ ਤੁਹਾਨੂੰ ਕਿੰਨਾ ਹੈਰਾਨੀ 'ਚ ਪਾ ਦਿਤਾ ਤੇ ਮੈਂ ਹਾਂ ਤਾਂ ਇਕੋ ਹੀ। ਮੈਂ ਬਹੁਤੇ ਤਾਂ ਨਹੀਂ ਬਣਿਆ। ਨਾ ਮੇਰੀ ਕੋਈ ਪਤਨੀ ਹੈ, ਨਾ ਮੈਂ ਕੋਈ ਲੜਾਈਆਂ ਕਰੀਆਂ ਨੇ, ਮੈਂ ਤਾਂ ਇਥੇ ਹੀ ਖੜ੍ਹਾ ਹਾਂ। ਕੇਵਲ ਫੁਰਨਾ ਕੀਤਾ ਹੈ, ਫੁਰਨੇ ਨਾਲ ਮੈਂ ਕਿੱਡਾ ਪਸਾਰਾ ਕਰ ਦਿਤਾ। ਉਹ ਜਿਹੜਾ ਪਾਰਬ੍ਰਹਮ ਪ੍ਰਮੇਸ਼ਰ ਆਪ ਹੈ, ਉਹਦਾ ਫੁਰਨਾ ਕਿੰਨਾ ਜ਼ਬਰਦਸਤ ਹੈ ਕਿ ਉਹ ਆਪ ਹੀ ਇਕ ਤੋਂ ਅਨੇਕ ਹੋ ਕੇ ਆਪਣੀ ਖੇਲ੍ਹ-ਖੇਲ੍ਹ ਰਿਹਾ ਹੈ।

*ਧਾਰਨਾ - ਆਪੇ ਇਕ ਤੋਂ ਅਨੇਕ ਰੂਪ ਧਾਰ ਕੇ,*
*ਆਪੇ ਖੇਲ੍ਹੇ ਖੇਲ੍ਹ ਆਪਣੀ।*

ਇਕ ਤੋਂ ਅਨੇਕ ਹੋਇਆ-ਹੋਇਆ, ਇਕ ਖੇਲ੍ਹ ਰਚੀ ਹੈ ਪ੍ਰਮੇਸ਼ਰ ਨੇ, ਜਿਸ ਤਰ੍ਹਾਂ ਦੇ ਨਾਲ ਸੂਰਜ ਇਕ ਹੈ, ਬੇਅੰਤ ਭਾਂਡੇ ਜਲ ਦੇ ਭਰੇ ਪਏ ਹੋਣ। ਹਰੇਕ ਦੇ ਵਿਚ ਵੱਖਰਾ-ਵੱਖਰਾ ਸੂਰਜ ਦਿਸਦਾ ਹੈ। ਜਿਹੜਾ ਭਾਂਡਾ ਟਿਕਿਆ ਹੋਇਐ ਉਥੇ ਸੂਰਜ ਸ਼ਾਂਤ ਹੈ। ਜਿਹੜਾ ਭਾਂਡਾ ਹਿਲਦੈ, ਉਥੇ ਸੂਰਜ ਹਿਲਦਾ ਦਿਖਾਈ ਦਿੰਦੈ। ਇਸੇ ਤਰ੍ਹਾਂ ਦੇ ਨਾਲ ਜਿਵੇਂ ਪ੍ਰਤੀਬਿੰਬ ਤੇ ਬਿੰਬ ਦਾ ਸਬੰਧ ਹੈ -

*ਜਿਉ ਪ੍ਰਤਿਬਿੰਬੁ ਬਿੰਬ ਕਉ ਮਿਲੀ ਹੈ ਉਦਕ ਕੁੰਭੁ ਬਿਗਰਾਨਾ॥*
*ਕਹੁ ਕਬੀਰ ਐਸਾ ਗੁਣ ਭ੍ਰਮੁ ਭਾਗਾ ਤਉ ਮਨੁ ਸੁੰਨਿ ਸਮਾਨਾਂ॥*

*ਅੰਗ- ੪੭੫*

ਉਸੇ ਤਰ੍ਹਾਂ ਦੇ ਨਾਲ ਇਕੋ ਪ੍ਰਮੇਸ਼ਰ ਅਨੇਕਾਂ ਸਰੀਰਾਂ ਦੇ ਅੰਦਰ ਦੁਖੀ ਸੁਖੀ ਹੁੰਦਾ ਪ੍ਰਤੀਤ ਦੇ ਰਿਹੈ। ਲੇਕਿਨ ਹੁੰਦਾ ਕੁਛ ਵੀ ਨਹੀਂ ਹੈ। ਕਹਿੰਦੇ, ਇਹ ਜਿਹੜਾ ਦ੍ਰਿਸ਼ ਹੈ ਇਹ ਬ੍ਰਹਮ ਤੋਂ ਅੱਡ ਨਹੀਂ, ਵਾਹਿਗੁਰੂ ਤੋਂ ਅੱਡ ਨਹੀਂ, ਇਹ ਤਾਂ ਆਪੇ ਹੀ ਆਪਣੀ ਖੇਲ੍ਹ ਕਰ ਰਿਹੈ। ਲੇਕਿਨ ਅੱਡ ਭਾਸ ਰਿਹੈ। ਦੂਜਾ ਨਜ਼ਰ ਆ ਰਿਹੈ। ਕਹਿੰਦੇ, ਦੇਖੋ ਰੱਸੀ ਪਈ ਹੈ ਹਨ੍ਹੇਰੇ 'ਚ। ਭਰਮ ਪੈ ਗਿਆ ਕਿ ਸੱਪ ਪਿਆ ਹੈ। ਫੇਰ ਡਰ ਲਗਦੈ, ਕੰਬਣੀ ਆਉਣੀ ਸ਼ੁਰੂ ਹੋ ਗਈ। ਫੇਰ ਯਤਨ ਕਰਦੇ ਹਾਂ ਕਿ ਕੋਈ ਉਪਾਅ ਕਰੀਏ ਜਿਹਦੇ ਨਾਲ ਇਹ ਸੱਪ ਅੰਦਰ ਨਾ ਆ ਜਾਵੇ, ਮਾਰ ਦੇਈਏ। ਇਸੇ ਤਰ੍ਹਾਂ ਅਣਹੋਂਦ ਚੀਜ਼ ਸੀ। ਜਦੋਂ ਦਿਨ ਚੜ੍ਹਿਆ ਸੱਪ ਹੋਇਆ ਹੀ ਨਾ, ਉਥੇ ਹੈ ਹੀ ਨਹੀਂ। ਇਸੇ ਤਰ੍ਹਾਂ ਅਣਹੋਂਦਾ ਪਰਪੰਚ ਨਜ਼ਰ ਆਉਂਦੈ, ਪ੍ਰਮੇਸ਼ਰ ਦੇ ਵਿਚ ਅਗਿਆਨ ਕਰਕੇ। ਅਗਿਆਨ ਕਰਕੇ ਇਕ ਤੋਂ ਅਨੇਕ ਹੋਇਆ ਨਜ਼ਰ ਪੈਂਦੈ। ਸੰਸੇ ਪੈਂਦੇ ਨੇ, ਸੰਸੇ ਪੈਂਦਿਆਂ ਨੇ ਕਰੋੜਾਂ ਜਨਮ ਸਾਨੂੰ ਭੁਲਾ ਦਿਤੇ। ਅਸੀਂ ਵੀ ਇਕ ਇਸ ਗੱਲ ਨੂੰ ਨਹੀਂ ਸਮਝ ਸਕਦੇ। ਨਾ ਸਮਝਣ ਕਰਕੇ ਅਸੀਂ ਆਪਣੇ ਆਪ ਨੂੰ ਵੱਖਰਾ ਗਿਣਦੇ ਹਾਂ। ਦੇਹ ਗਿਣਦੇ ਹਾਂ, ਜੀਵ ਆਤਮਾ ਗਿਣਦੇ ਹਾਂ ਤੇ ਬਾਰ-ਬਾਰ ਅਸੀਂ ਜੰਮਦੇ ਹਾਂ, ਬਾਰ-ਬਾਰ ਅਸੀਂ ਮਰਦੇ ਹਾਂ। ਜਦੋਂ ਗਿਆਨ ਹੋ ਗਿਆ ਪੂਰੇ ਸਤਿਗੁਰੂ ਤੋਂ, ਜਿਵੇਂ ਚਾਨਣਾ ਹੋ ਜਾਵੇ ਤੇ ਰੱਸੀ ਦਾ ਭਰਮ ਦੂਰ ਹੋ ਜਾਂਦੈ। ਇਸੇ ਤਰ੍ਹਾਂ ਦੇ ਨਾਲ ਜਦੋਂ ਅੰਦਰ ਗਿਆਨ ਹੋ ਗਿਆ ਉਸ ਵੇਲੇ ਸੰਸਾਰ ਦਾ ਭਰਮ ਦੂਰ ਹੋ ਕੇ ਇਕੋ ਹੀ ਨਜ਼ਰ ਆਉਂਦੈ, ਦੂਸਰਾ ਨਹੀਂ ਨਜ਼ਰ ਆਉਂਦਾ।

*ਧਾਰਨਾ - ਦੂਜਾ ਨਾ ਵੇਖਦੇ, ਪ੍ਰਭ ਜੀ ਬਿਨ ਬ੍ਰਹਮਗਿਆਨੀ।*

*ਮਨਿ ਸਾਚਾ ਮੁਖਿ ਸਾਚਾ ਸੋਇ ॥*
*ਅਵਰੁ ਨ ਪੇਖੈ ਏਕਸੁ ਬਿਨੁ ਕੋਇ ॥*
*ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ ॥*

*ਅੰਗ- ੨੭੨*

ਸ੍ਰੀ ਅਨੰਦਪੁਰ ਸਾਹਿਬ ਦਾ ਯੁੱਧ ਲੱਗਿਆ ਹੋਇਐ, ਬਹੁਤ ਭਾਰਾ ਯੁੱਧ। ਮੋਰਚਿਆਂ 'ਚ ਬੈਠੇ ਨੇ ਸਾਰੇ। ਟਾਂਵੀਆਂ-ਟਾਂਵੀਆਂ ਗੋਲੀਆ ਚਲਦੀਆਂ ਨੇ। ਉਸ ਵੇਲੇ ਇਕ ਪ੍ਰੇਮੀ ਗੁਰੂ ਦਸ਼ਮੇਸ਼ ਪਿਤਾ ਦਾ ਸਿੱਖ ਜਿਸ ਦਾ ਨਾਮ ਭਾਈ ਘਣੱਈਆ ਸੀ, ਪਾਣੀ ਪਿਲਾਉਂਦਾ ਫਿਰਦੈ। ਜਿਥੋਂ ਅਵਾਜ਼ ਆਉਂਦੀ ਹੈ ਸਾਰਿਆਂ ਨੂੰ ਪਾਣੀ ਪਿਲਾਉਂਦੈ। ਯੁੱਧ ਲਗ ਗਿਆ ਬਹੁਤ ਭਾਰੀ। ਜਿਹੜਾ ਗਿਰਦੈ, ਨੱਠ ਕੇ ਜਾ ਕੇ ਉਹਨੂੰ ਪਾਣੀ ਪਿਲਾਉਂਦੈ।

ਸ਼ਾਮ ਹੋ ਗਈ, ਗੁਰੂ ਮਹਾਰਾਜ ਨੇ ਪੁਛਿਆ ਕਿ ਪਿਆਰਿਓ! ਅੱਜ ਦੇ ਯੁੱਧ ਦਾ ਹਾਲ ਸਾਰੇ ਸੁਣਾਓ। ਇਕ ਜ਼ੁਬਾਨ ਹੋ ਕੇ ਬੋਲੇ ਕਿ ਪਾਤਸ਼ਾਹ! ਇਕ ਸਾਡੀ ਸ਼ਿਕਾਇਤ ਹੈ, ਇਹ ਜਿਹੜਾ ਘਨੱਈਆ ਸਾਧ, ਖਾਲਸੇ ਦੀਆਂ ਫੌਜਾਂ 'ਚ ਘੁੰਮਦਾ ਹੈ, ਇਹ ਜਾਸੂਸ ਹੈ। ਮਹਾਰਾਜ ਕਹਿੰਦੇ ਕਿਵੇਂ?

ਕਹਿੰਦੇ, ਸੱਚੇ ਪਾਤਸ਼ਾਹ! ਗੋਲੀਆਂ ਚਲਦੀਆਂ ਨੇ, ਤੀਰ ਚਲਦੇ ਨੇ, ਹੈਰਾਨੀ ਦੀ ਗੱਲ ਹੈ ਕਿ ਇਹਨੂੰ ਕੋਈ ਨਹੀਂ ਮਾਰਦਾ। ਬਚਾ ਕੇ ਤੀਰ ਮਾਰਦੇ ਨੇ। ਇਹ ਮਸ਼ਕ

ਚੁੱਕੀ ਫਿਰਦੈ, ਪਾਣੀ ਪਿਲਾਈ ਜਾਂਦੈ ਸਭ ਨੂੰ, ਸਾਨੂੰ ਵੀ ਪਿਲਾਈ ਜਾਂਦੈ, ਉਹਨਾਂ ਵੈਰੀਆਂ ਨੂੰ ਵੀ ਪਿਲਾਈ ਜਾਂਦੈ। ਉਹ ਮਾਰ ਦੇਣ ਜੇ ਸਿੱਖ ਹੋਵੇ? ਇਹਨੂੰ ਮਾਰਦੇ ਕਿਉਂ ਨਹੀਂ?

ਆਪ ਕਹਿਣ ਲੱਗੇ ਕਿ ਬੁਲਾਓ ਭਾਈ ਘਨੱਈਏ ਨੂੰ। ਹਨ੍ਹੇਰਾ ਹੋ ਚੁਕਿਐ। ਮਿਸਾਲਾਂ ਲੈ ਕੇ, ਪਾਲਕੀਆਂ ਲੈ ਕੇ ਜ਼ਖਮੀਆਂ ਨੂੰ ਸੰਭਾਲਦੇ, ਚੁੱਕਦੇ ਫਿਰਦੇ ਨੇ। ਅੱਗੇ ਜਾ ਕੇ ਜਦੋਂ ਭਾਈ ਘਨੱਈਏ ਬਾਰੇ ਡੇਰੇ ਜਾ ਕੇ ਪੁੱਛਿਆ ਕਿ ਕਿੱਥੇ ਹੈ? ਤਾਂ ਉਹਨਾਂ ਨੇ ਕਿਹਾ ਕਿ ਉਹ ਅਜੇ ਤਾਂ ਆਏ ਨਹੀਂ ਮੈਦਾਨੇ-ਜੰਗ 'ਚੋਂ। ਉਹ ਉਥੇ ਪਹੁੰਚ ਜਾਂਦੇ ਨੇ। ਹਨ੍ਹੇਰਾ ਹੋਇਆ-ਹੋਇਐ, ਕੁਛ ਪਤਾ ਨਹੀਂ ਲਗਦਾ। ਲੇਕਿਨ ਇਕ ਐਸੀ ਅਵਾਜ਼ ਆ ਰਹੀ ਹੈ -

*ਧਾਰਨਾ - ਤੂੰਹੀਂ-ਤੂੰਹੀਂ ਮੋਹਿਨਾ।*
*ਗੁਰਹਿ ਦਿਖਾਇਓ ਲੋਇਨਾ ॥ ੧ ॥ ਰਹਾਉ ॥*

*ਈਤਹਿ ਊਤਹਿ ਘਟਿ ਘਟਿ ਘਟਿ ਘਟਿ*
*ਤੂੰਹੀ ਤੂੰਹੀ ਮੋਹਿਨਾ ॥ ਅੰਗ- ੪੦੭*

ਅਵਾਜ਼ ਸੁਣੀ। ਹਨ੍ਹੇਰੇ ਵਿਚ ਉਸ ਅਵਾਜ਼ ਦੀ ਸੇਧ 'ਚ ਜਾ ਕੇ ਨੇੜੇ ਜਾਂਦੇ ਨੇ, ਕੀ ਦੇਖਦੇ ਨੇ ਕਿ ਇਹ ਤਾਂ ਇਕ ਜ਼ਖਮੀ ਬੰਦੇ ਨੂੰ ਪਾਣੀ ਪਿਲਾ ਰਿਹੈ। ਦੰਦਲ ਖੋਲ੍ਹ ਕੇ ਪਾਣੀ ਪਾਇਐ, ਥੋੜ੍ਹਾ ਰੁਕ ਕੇ ਸੁਣਨ ਲਗ ਗਏ ਗੱਲਬਾਤ।

ਕਹਿਣ ਲੱਗਿਆ, ਕਿ ਤੂੰ ਕੌਣ?

ਭਾਈ ਘਨੱਈਆ ਜੀ ਕਹਿਣ ਲੱਗੇ, ਮੈਂ ਗੁਰੂ ਗੋਬਿੰਦ ਸਿੰਘ ਜੀ ਦਾ ਅਦਨਾ ਜਿਹਾ ਸਿੱਖ ਹਾਂ।

ਕਹਿਣ ਲੱਗਿਆ, ਸਿੱਖਾ! ਕੀ ਨਾਉਂ ਹੈ ਤੇਰਾ?

ਮੈਨੂੰ ਘਨੱਈਆ ਕਹਿੰਦੇ ਨੇ।

ਕਹਿਣ ਲੱਗਿਆ, ਤੈਨੂੰ ਪਤਾ ਨਹੀਂ ਕਿ ਜਿਹਨੂੰ ਪਾਣੀ ਪਿਲਾ ਕੇ ਤੂੰ ਸੁਰਜੀਤ ਕਰ ਰਿਹੈਂ, ਹੋਸ਼ 'ਚ ਲਿਆ ਰਿਹੈਂ, ਉਹ ਕੌਣ ਹੈ।

ਕਹਿਣ ਲੱਗੇ ਕਿ ਮੈਨੂੰ ਤਾਂ ਪਤੈ ਕਿ ਇਥੇ ਪ੍ਰਮੇਸ਼ਰ ਤੋਂ ਬਗੈਰ ਹੋਰ ਹੈ ਕੋਈ ਨਹੀਂ। ਮੈਂ ਤਾਂ ਜਾਣ ਲਈ ਅਸਲੀਅਤ ਪਿਆਰਿਆ, ਇਥੇ ਪ੍ਰਮੇਸ਼ਰ ਬਿਨਾਂ ਨਹੀਂ ਕੋਈ ਹੈ।

ਕਹਿਣ ਲੱਗਿਆ, ਘਨੱਈਆ! ਬਲਿਹਾਰ, ਤੇਰੀ ਨਿਗ੍ਹਾ ਤੋਂ ਬਲਿਹਾਰ। ਮੈਂ ਓਹੀ ਜਰਨੈਲ ਹਾਂ ਜਿਹਨੇ ਅੱਜ ਬੀੜਾ ਚੁੱਕਿਆ ਸੀ ਕਿ ਗੁਰੂ ਗੋਬਿੰਦ ਸਿੰਘ ਨੂੰ ਜਿਉਂਦੇ ਫੜ ਲਿਆਉਂਣੈ ਜਾਂ ਸ਼ਹੀਦ ਕਰ ਦੇਣੈ। ਤੁਹਾਡੇ ਮਨ 'ਚ ਵੈਰ ਨਹੀਂ ਹੁੰਦਾ?

ਕਹਿੰਦੇ, ਨਾ, ਜਰਨੈਲ ਸਾਹਿਬ। ਸਾਡੇ ਅੰਦਰ ਨਹੀਂ ਵੈਰ, ਸਾਡੇ ਗੁਰੂ ਨੇ ਸਿਖਾਇਆ ਹੀ ਨਹੀਂ ਹੈ -

*ਬਿਸਰਿ ਗਈ ਸਭ ਤਾਤਿ ਪਰਾਈ ॥*
*ਜਬ ਤੇ ਸਾਧਸੰਗਤਿ ਮੋਹਿ ਪਾਈ ॥ ੧ ॥ ਰਹਾਉ ॥*
*ਨਾ ਕੋ ਬੈਰੀ ਨਹੀ ਬਿਗਾਨਾ*
*ਸਗਲ ਸੰਗਿ ਹਮ ਕਉ ਬਨਿ ਆਈ ॥ ਅੰਗ- ੧੨੯੯*

*ਧਾਰਨਾ - ਨਾ ਦਿਸੇ ਬੇਗਾਨਾ ਜੀ,*
*ਨਾ ਕੋਈ ਵੈਰੀ, ਨਾ ਕੋਈ ਵੈਰੀ।*

ਕਹਿਣ ਲੱਗੇ, ਪਿਆਰਿਆ! ਸਾਡੇ ਵਾਸਤੇ ਸਭ ਪ੍ਰਮੇਸ਼ਰ ਹੀ ਪ੍ਰਮੇਸ਼ਰ।

ਜਰਨੈਲ ਕਹਿਣ ਲੱਗਿਆ, ਕਿੱਥੋਂ ਇਹ ਮੱਤ ਪ੍ਰਾਪਤ ਹੋਈ ਹੈ?

ਭਾਈ ਘਨੱਈਆ ਜੀ ਕਹਿਣ ਲੱਗੇ, ਗੁਰੂ ਕਲਗੀਧਰ ਪਾਤਸ਼ਾਹ ਤੋਂ।

ਉਹ ਫਰਿਸ਼ਤੇ ਨੇ, ਅਸੀਂ ਤਾਂ ਉਹਨਾਂ ਨੂੰ ਦੁਸ਼ਮਣ ਗਿਣਦੇ ਹਾਂ।

ਕਹਿਣ ਲੱਗੇ, ਗੁਰੂ ਦਸ਼ਮੇਸ਼ ਪਿਤਾ ਤਾਂ ਸਭ ਦੇ ਘਟ-ਘਟ 'ਚ ਵਸਣ ਵਾਲੇ ਨੇ। ਉਹ ਤਾਂ ਇਕ ਖੇਲ੍ਹ ਹੈ। ਤੁਸੀਂ ਆ ਜਾਂਦੇ ਹੋਂ। ਜਿਸ ਭਾਵਨਾ ਨਾਲ ਆਉਂਦੇ ਹੋਂ, ਉਹ ਭਾਵਨਾ ਪੂਰੀ ਕਰ ਦਿੰਦੇ ਨੇ। ਉਹਨਾਂ ਦਾ ਕਿਸੇ ਨਾਲ ਵੈਰ ਹੀ ਨਹੀਂ ਹੈ। ਉਹ ਤਾਂ ਇਕ ਬ੍ਰਹਮ ਦ੍ਰਿਸ਼ਟੀ 'ਚ ਨੇ, ਸਾਰਿਆਂ 'ਚ ਇਕੋ ਹੀ ਪ੍ਰਮੇਸ਼ਰ ਦੇਖਦੇ ਹਨ। ਲੋਕਾਂ ਦੇ ਨੈਣ ਖੋਲ੍ਹਣ ਵਾਸਤੇ ਸੰਸਾਰ 'ਚ ਆਏ ਨੇ। ਦੂਈ, ਦ੍ਵੈਤ ਖਤਮ ਕਰਨ ਵਾਸਤੇ ਆਏ ਨੇ। ਬਚਨ ਹੋ ਰਹੇ ਨੇ, ਭਾਈ ਘਨੱਈਏ ਨੇ ਪਾਣੀ ਕੀ ਪਿਲਾਇਆ। ਉਹਦੇ ਅਗਿਆਨ ਦੇ ਛੌੜ ਕੱਟ ਦਿਤੇ। ਜਿਹੜੀ ਗੱਲ ਉਹਨਾਂ ਦੇ ਹਿਰਦੇ ਵਿਚ ਸੀ -

*ਬ੍ਰਹਮ ਗਿਆਨੀ ਕੀ ਦ੍ਰਿਸਟਿ ਅੰਮ੍ਰਿਤੁ ਬਰਸੀ ॥*
*ਅੰਗ- ੨੭੩*

ਕਾਇਆ ਕਲਪ ਕਰ ਦਿਤੀ, ਵੈਰ ਵਿਚੋਂ ਕੱਢ ਦਿਤਾ। ਮਿੱਤਰ ਬਣਾ ਦਿਤਾ।

ਗੁਰੂ ਮਹਾਰਾਜ ਦੇ ਕੋਲ ਲੈ ਆਏ ਭਾਈ ਘਨੱਈਆ ਜੀ ਨੂੰ। ਕਹਿਣ ਲੱਗੇ, ਪਾਤਸ਼ਾਹ! ਉਸੇ ਜਰਨੈਲ ਨੂੰ ਪਾਣੀ ਪਿਲਾਉਂਦਾ ਸੀ।

ਮਹਾਰਾਜ ਕਹਿਣ ਲੱਗੇ, ਭਾਈ ਘਨੱਈਆ! ਤੂੰ ਪਾਣੀ ਪਿਲਾਉਂਦਾ ਸੀ ਮੁਗਲਾਂ ਦੀਆਂ ਫੌਜਾਂ ਨੂੰ?

ਕਹਿੰਦਾ, ਨਾ ਮਹਾਰਾਜ।

ਤੂੰ ਪਾਣੀ ਪਿਲਾਉਂਦਾ ਸੀ ਪਹਾੜੀਆਂ ਦੀਆਂ ਫੌਜਾਂ ਨੂੰ?

ਕਹਿੰਦਾ, ਨਾ ਮਹਾਰਾਜ।

ਤੂੰ ਪਾਣੀ ਪਿਲਾਉਂਦਾ ਸੀ ਕੀ ਖਾਲਸਾ ਫੌਜਾਂ ਨੂੰ?

ਕਹਿੰਦਾ, ਨਾ ਮਹਾਰਾਜ।

ਫੇਰ ਕੀਹਨੂੰ ਪਾਣੀ ਪਿਲਾਉਂਦਾ ਸੀ?

ਕਹਿੰਦਾ, ਪਾਤਸ਼ਾਹ! ਮੈਂ ਤਾਂ ਪਾਣੀ ਤੇਰੇ ਪਿਆਰ ਵਿਚ ਪਰੋਇਆ ਹੋਇਆ, ਤੈਨੂੰ ਹੀ ਪਿਲਾਈ ਜਾਨਾਂ। ਹੋਰ ਹੈ ਹੀ ਨਹੀਂ ਕੋਈ ਤੇਰੇ ਬਿਨਾਂ। ਮੇਰੇ ਨੈਣ ਦੇਖਣ ਤੋਂ ਹਟ ਗਏ, ਮੈਨੂੰ ਤਾਂ ਕੋਈ ਦੁਸ਼ਮਣ ਨਹੀਂ ਦਿਸਦਾ। ਜੇ ਦਿਸਦੈ ਤਾਂ ਕੇਵਲ ਗੁਰੂ ਗੋਬਿੰਦ ਸਿੰਘ ਦਿਸਦੈ। ਤੂੰ ਹੀਂ ਤੂੰ ਦਿਸਦੈਂ। ਮੇਰੇ ਨੈਣਾਂ ਦੇ ਵਿਚ ਜਿਹੜਾ ਵਿਕਾਰ ਸੀ, ਉਹ ਜਾਂਦਾ ਰਿਹਾ।

*ਧਾਰਨਾ - ਗੁਰਾਂ ਨੇ ਮੇਰੇ ਓ ਨੈਣ ਖੋਲ੍ਹ 'ਤੇ,*
*ਮੈਨੂੰ ਸਾਰੀਆਂ ਘਟਾਂ ਦੇ ਵਿਚ ਦਿਸਿਆ।*

ਪਾਤਸ਼ਾਹ! ਮੈਂ ਕਰਾਂ ਕੀ, ਬੇਵਸ ਹਾਂ, ਮੈਨੂੰ ਵੈਰੀ ਨਜ਼ਰ ਆਉਣ ਤੋਂ ਹਟ ਗਿਆ। ਜੇ ਨਜ਼ਰ ਆਉਂਦੈ, ਤੂੰਹੀਂ ਆਉਂਦੈ। ਮੈਂ ਤੇਰੇ ਪਿਆਰ 'ਚ ਰੱਤਿਆ, ਤੈਨੂੰ ਹੀ ਪਾਣੀ ਸਵੇਰ ਤੋਂ ਲੈ ਕੇ ਸ਼ਾਮ ਤੱਕ ਪਿਲਾਈ ਜਾਨਾਂ। ਮੈਂ ਤਾਂ ਹਾਂ ਹੀ ਨਹੀਂ, ਰਿਹਾ ਹੀ ਨਹੀਂ ਪਾਤਸ਼ਾਹ।

ਸੋ ਇਹ ਦ੍ਰਿਸ਼ਟੀ ਹੈ ਜਿਹੜੀ ਮਾਇਆ ਤੋਂ ਉਪਰ ਹੋ ਕੇ ਬ੍ਰਹਮ ਨੂੰ ਪਛਾਣ ਕੇ ਪ੍ਰਾਪਤ ਹੋਇਆ ਕਰਦੀ ਹੈ।

ਗੁਰੂ ਮਹਾਰਾਜ ਪ੍ਰਸੰਨ ਹੋਏ। ਕਹਿੰਦੇ, ਘਨੱਈਆ! ਤੈਨੂੰ ਤੱਤ ਗਿਆਨ ਦੀ ਪ੍ਰਾਪਤੀ ਹੋ ਗਈ। ਤੈਨੂੰ ਸੋਝੀ ਆ ਗਈ ਇਸ ਗੱਲ ਦੀ -

*ਧਾਰਨਾ - ਤੱਤ ਨਿਰੰਜਨ ਜੋਤ ਸਬਾਈ, ਸੋਹੰ ਭੇਦ ਨ ਕੋਈ।*

ਕਹਿਣ ਲੱਗੇ, ਪਿਆਰਿਓ! ਅਵਸਥਾ ਪ੍ਰਾਪਤ ਹੋ ਗਈ। ਨੇਤਰ ਖੁਲ੍ਹ ਗਏ, ਇਸ ਤੋਂ ਭਰਮ ਦਾ ਪੜ੍ਹਦਾ ਦੂਰ ਹੋ ਗਿਆ ਤੇ ਇਕੋ ਪ੍ਰਮੇਸ਼ਰ ਨੂੰ ਸਾਰੇ ਦੇਖਦਾ ਹੈ-

*ਤਤੁ ਨਿਰੰਜਨੁ ਜੋਤਿ ਸਬਾਈ ਸੋਹੰ ਭੇਦੁ ਨ ਕੋਈ ਜੀਉ ॥*
*ਅਪਰੰਪਰ ਪਾਰਬ੍ਰਹਮੁ ਪਰਮੇਸਰੁ*
*ਨਾਨਕ ਗੁਰੁ ਮਿਲਿਆ ਸੋਈ ਜੀਉ ॥* *ਅੰਗ- ੫੯੯*

ਸੋ ਇਹ ਦ੍ਰਿਸ਼ਟੀ ਪ੍ਰਾਪਤ ਹੋ ਗਈ। ਕਹਿੰਦਾ ਮਹਾਰਾਜ ਮੈਨੂੰ ਤਾਂ ਹੋਰ ਦਿਸਣ ਤੋਂ ਹਟ ਗਿਆ। ਮੈਂ ਕੀ ਕਰਾਂ, ਤੂੰ ਹੀ ਰਹਿ ਗਿਆ, ਤੇਰੇ ਪਿਆਰ ਵਿਚ ਰੱਤਾ ਮੈਂ ਤੈਨੂੰ ਹੀ ਪਾਣੀ ਪਿਲਾਉਂਦਾ।

ਮਹਾਰਾਜ ਕਹਿੰਦੇ, ਘਨੱਈਆ! ਹੁਣ ਇਕੱਲਾ ਪਾਣੀ ਨਾ ਪਿਲਾਈਂ, ਮੇਰੇ ਜ਼ਖਮਾਂ 'ਤੇ ਮਲ੍ਹਮ ਵੀ ਲਾਈਂ ਸਾਫ ਕਰਕੇ। ਫੇਰ ਪੱਟੀਆਂ ਵੀ ਬੰਨ੍ਹੀਂ। ਦ੍ਰਿਸ਼ਟੀ 'ਚ ਦੂਜਾ ਨਹੀਂ ਇਥੇ। ਬ੍ਰਹਮ ਸਭ ਦਾ ਆਸਰਾ ਹੈ। ਜਿਵੇਂ ਸੁਪਨਾ ਕੁਛ ਨਹੀਂ ਹੁੰਦਾ ਤੇ ਵਿਸਥਾਰ ਕਿੰਨਾ ਵੱਡਾ ਹੁੰਦਾ ਹੈ, ਪਹਾੜ ਦਿਸਦੇ ਨੇ, ਦਰਿਆ ਦਿਸਦੇ ਨੇ, ਘਰ-ਬਾਰ ਦਿਸਦੇ ਨੇ, ਜੰਗਲ ਦਿਸਦੇ ਨੇ, ਸ਼ੇਰ ਦਿਸਦੇ ਨੇ, ਦੁਸ਼ਮਣ ਦਿਸਦੇ ਨੇ, ਫੌਜਾਂ ਨੱਠੀਆਂ ਜਾਂਦੀਆਂ ਦਿਸਦੀਆਂ ਨੇ। ਜਦੋਂ ਜਾਗ ਆਉਂਦੀ ਹੈ ਫੇਰ ਕੀ ਹੁੰਦੈ? ਉਹ ਸੁਪਨਾ ਲੈਅ ਹੋ ਜਾਂਦਾ ਹੈ। ਕੁਛ ਵੀ ਨਹੀਂ ਬਾਕੀ ਰਹਿੰਦਾ। ਇਸੇ ਤਰ੍ਹਾਂ ਦੇ ਨਾਲ ਇਹ ਜਿਹੜਾ ਸਾਰਾ ਪਰਪੰਚ ਨਜ਼ਰ ਆਉਂਦਾ ਹੈ, ਪਸਾਰਾ ਨਜ਼ਰ ਆਉਂਦਾ ਹੈ, ਇਹ ਕੁਛ ਵੀ ਨਹੀਂ ਹੈ, ਇਹ ਪ੍ਰਮੇਸ਼ਰ ਆਪਣੇ ਆਪ ਹੀ ਆਪਣੀ ਮੌਜ ਵਿਚ ਖੇਲ੍ਹਦੈ। ਲੇਕਿਨ ਭਰਮ ਐਨਾ ਪੱਕਾ ਪੈ ਗਿਆ ਕਿ ਆਦਮੀ ਨੂੰ ਇਸ ਗੱਲ ਦੇ ਉਤੇ ਯਕੀਨ ਹੀ ਨਹੀਂ ਆਉਂਦਾ। ਗੁਰੂ ਮਹਾਰਾਜ ਕਹੀ ਜਾਂਦੇ ਨੇ, ਨਹੀਂ ਇਸ ਨੂੰ ਪਤਾ ਲਗਦਾ। ਸੋ ਜਿਸਦੇ ਅੰਦਰ ਪ੍ਰਕਾਸ਼ ਹੋ ਜਾਵੇ ਗਿਆਨ ਦਾ, ਪੰਜਾਂ ਕਲੇਸ਼ਾਂ ਸਮੇਤ ਅਗਿਆਨ ਦਾ ਨਾਸ਼ ਹੋਣ ਦੇ ਨਾਲ, ਪੰਜ ਕਲੇਸ਼ ਖਤਮ ਹੋ ਜਾਂਦੇ ਨੇ। ਅਵਿਦਿਆ ਦਾ ਕਲੇਸ਼ ਖਤਮ ਹੋ ਜਾਂਦੈ ਤੇ ਇਕੋ ਹੀ ਪ੍ਰਮੇਸ਼ਰ ਹਰ ਥਾਂ ਦੇ ਉਤੇ ਨਜ਼ਰ ਆਉਂਦੈ।

ਸੋ ਮਹਾਰਾਜ ਕਹਿਣ ਲੱਗੇ, ਗੁਰੂ ਪੰਜਵੇਂ ਪਾਤਸ਼ਾਹ, ਕਿ ਯੋਗੀਰਾਜ! ਇਥੇ ਪ੍ਰਮੇਸ਼ਰ ਨੇ ਆਪਣਾ ਆਪ ਹੀ ਪਸਾਰਾ ਕਰਿਆ ਹੋਇਐ। ਦੂਜਾ ਇਥੇ ਹੈ ਨਹੀਂ -

*ਬਾਜੀਗਰਿ ਜੈਸੇ ਬਾਜੀ ਪਾਈ ॥*
*ਨਾਨਾ ਰੂਪ ਭੇਖ ਦਿਖਲਾਈ ॥* *ਅੰਗ- ੭੩੬*

ਬਾਜੀਗਰ ਨੇ ਇਕ ਖੇਲ੍ਹ ਦਿਖਾ ਕੇ, ਜਿਵੇਂ ਮੈਂ ਬੇਨਤੀ ਕਰੀ ਸੀ, ਦਿਖਾਉਣਾ ਸ਼ੁਰੂ ਕਰ ਦਿਤਾ। ਬੇਅੰਤ ਵਿਸਥਾਰ ਕਰ ਦਿਤਾ। ਕਹਿੰਦੇ, ਜਦੋਂ ਪਸਾਰਾ ਥੰਮਿਆ-

*ਸਾਂਗੁ ਉਤਾਰਿ ਥੰਮ੍ਹਿਓ ਪਾਸਾਰਾ ॥*
*ਤਬ ਏਕੋ ਏਕੰਕਾਰਾ ॥ ੧ ॥* *ਅੰਗ - ੭੩੬*

ਓਹੀ ਏਕੰਕਾਰ ਪਹਿਲਾਂ ਸੀ, 'ਆਦਿ ਸਚੁ' ਜਦੋਂ ਇਹ ਪਸਾਰਾ ਪਸਰਿਆ 'ਜੁਗਾਦਿ ਸਚੁ' ਜਿਹੜਾ ਹੁਣ ਚਲ ਰਿਹਾ ਹੈ 'ਹੈ ਭੀ ਸਚੁ' ਜਦੋਂ ਕੁਛ ਵੀ ਨਹੀਂ ਹੋਏਗਾ, 'ਨਾਨਕੁ ਹੋਸੀ ਭੀ ਸਚੁ' ਉਹ ਸਚੁ ਆਪ ਹੀ ਹੈ, ਆਪਣੇ ਰੰਗ ਦੇ ਵਿਚ ਆਪਣੀ ਮੌਜ ਦੇ ਵਿਚ ਖੇਲ੍ਹ ਕਰਦਾ ਨਜ਼ਰ ਆਉਂਦੈ। ਉਹਨੇ ਖੇਲ੍ਹ ਐਸੀ ਕਰ ਦਿਤੀ। ਜੇ ਵਿਸਥਾਰ ਨਾਲ ਗੱਲ ਸਮਝੀ ਜਾਵੇ ਬਹੁਤ ਸਮਾਂ ਲਗਦੈ। ਜੇ ਬਚਨ ਮੰਨਣਾ ਹੋਵੇ ਤਾਂ ਗੁਰੂ ਦਾ ਬਚਨ ਮੰਨ ਲਵੇ ਕਿ ਆਪੇ ਹੀ ਆਪਣੀ ਮੌਜ ਵਿਚ ਆਪਣੀ ਖੇਲ੍ਹ ਕਰ ਰਿਹੈ। ਸੋ ਇਸ ਤਰ੍ਹਾਂ ਦੇ ਨਾਲ ਕ੍ਰਿਤ-ਕ੍ਰਿਤ ਹੋ ਰਿਹੈ ਸਾਰੀ ਗੱਲ ਸੁਣ ਕੇ, ਭਰਮ ਦਾ ਨਾਸ਼ ਹੋ ਗਿਆ। ਇਕੋ ਪ੍ਰਮੇਸ਼ਰ ਸਾਰੇ ਸੰਸਾਰ 'ਚ ਨਜ਼ਰ ਆਉਣ ਲਗ ਗਿਆ। ਲੇਕਿਨ ਅਜੇ ਅਵਸਥਾ ਨਹੀਂ ਪ੍ਰਾਪਤ ਹੋਈ। ਕਿਉਂਕਿ ਅਵਸਥਾ ਪ੍ਰਾਪਤ ਓਨਾ ਚਿਰ ਨਹੀਂ ਹੁੰਦੀ ਜਿੰਨੀ ਦੇਰ ਤਕ ਗੁਰੂ ਦੀ ਕ੍ਰਿਪਾ ਨਹੀਂ ਹੁੰਦੀ। ਇਸ ਗੱਲ ਨੂੰ ਅਸੀਂ ਨਹੀਂ ਸਮਝ ਸਕਦੇ ਕਿਉਂਕਿ ਸਾਨੂੰ ਨਾ ਇਹਨਾਂ ਗੱਲਾਂ ਦਾ ਪਤੈ,

ਸੋ ਸਾਡੀ ਤਾਂ ਮੰਜ਼ਲ ਅਧੂਰੀ ਰਹਿ ਗਈ। ਸਾਧਸੰਗਤ ਜੀ! ਵਿਚੇ ਰਹਿ ਗਏ। ਉਥੇ ਹੀ ਰਹਿ ਗਏ, ਹੇਠਾਂ ਹੀ ਹੇਠਾਂ।

ਇਕ ਪ੍ਰੇਮੀ ਦੀ ਮੈਨੂੰ ਚਿੱਠੀ ਆਈ, ਕਹਿੰਦਾ ਮੈਂ ਕੀ ਕਰਾਂ ਮੈਂ ਬੜੀਆਂ ਕਿਤਾਬਾਂ ਪੜ੍ਹੀਆਂ ਨੇ, ਰਜਨੀਸ਼ ਨੂੰ ਪੜ੍ਹਿਐ, ਵਿਵੇਕਾਨੰਦ ਨੂੰ ਪੜ੍ਹਿਐ ਹੋਰ ਵੀ ਬਹੁਤ ਪੜ੍ਹੇ ਨੇ, ਸੰਤਾਂ ਦੇ ਵੀ ਕੀਰਤਨ ਸੁਣੇ ਨੇ। ਉਹ ਕਹਿੰਦਾ, ਇਥੇ ਹੀ ਮੁੱਕ ਜਾਂਦੇ ਨੇ ਕਿ ਅੰਮ੍ਰਿਤ ਛਕੋ, ਗੁਰੂ ਵਾਲੇ ਬਣੋ। ਕਹਿੰਦਾ, ਅਗਾਂਹਾਂ ਦੀ ਕੋਈ ਗੱਲ ਹੀ ਨਹੀਂ ਕਰਦਾ। ਮੇਰੇ ਵਰਗਾ ਬੰਦਾ ਕੀ ਕਰੇ? ਕਿੱਥੇ ਜਾਈਏ, ਕਹਿੰਦਾ ਕੋਈ ਰਾਹ ਨਹੀਂ ਹੈ। ਤੁਹਾਡੇ ਮੈਂ ਦੀਵਾਨ ਸੁਣੇ, ਮੈਨੂੰ ਆਸ ਬੱਝੀ ਕਿ ਕੁਛ ਹੈ, ਰਸਤਾ ਲੱਭ ਸਕਦੈ ਇਥੋਂ। ਪਰ ਕਹਿੰਦਾ ਤੁਹਾਡੇ ਦੁਆਲੇ ਬੰਦਿਆਂ ਦਾ ਐਨਾ ਇਕੱਠ ਹੈ, ਮਿਲਣਾ ਔਖਾ ਹੋ ਗਿਆ।

ਮੈਂ ਤਾਂ ਵਿਹਲਾ ਹੀ ਰਹਿੰਦਾ ਭਾਈ, ਸਾਰਾ ਦਿਨ। ਸਮਾਂ ਰਖਿਆ ਹੋਇਐ, ਉਸ ਵੇਲੇ ਥੋੜ੍ਹੇ ਜਿਹੇ ਬੰਦੇ ਆਉਂਦੇ ਨੇ, ਉਂਵ ਹੀ ਮੇਰਾ ਸੁਭਾਅ ਇਕਾਂਤ ਪ੍ਰਸਤ ਹੈ ਕਿ ਚੁੱਪ ਕਰਕੇ ਰਹਿਣਾ।

ਸੋ ਰਸਤਾ ਨਹੀਂ ਲੱਭਦਾ। ਫੇਰ ਬਚਨ ਦੀ ਕਮਾਈ ਨਹੀਂ ਹੁੰਦੀ। ਜੇ ਭਲਾ ਇਹਨਾਂ ਬਚਨਾਂ ਦਾ ਪਤਾ ਵੀ ਲਗ ਜਾਏ, ਜਦੋਂ ਤੱਕ ਅਭਿਆਸ ਨਹੀਂ ਹੁੰਦਾ, ਓਨੀਂ ਦੇਰ ਤੱਕ ਇਹ ਅਭਿਆਸ ਅੰਦਰ ਠਹਿਰਿਆ ਨਹੀਂ ਕਰਦਾ। ਕਿਉਂਕਿ ਅਧਿਆਸ ਹੋ ਗਿਆ, ਕਰੋੜਾਂ ਜਨਮਾਂ ਦਾ ਆਪਣੇ ਆਪ ਨੂੰ ਜੀਵ ਮੰਨ ਲਿਆ, ਜੀਵ ਵੀ ਮੰਨ ਲਈਏ ਤਾਂ ਵੀ ਚੰਗੈ।

ਮਹਾਰਾਜ ਜੀ ਦੇ ਮੈਂ ਦਰਸ਼ਨ ਕਰੇ ਸਾਢੇ ਸੋਲ੍ਹਾਂ ਸਾਲ ਦੀ ਸਰੀਰ ਦੀ ਉਮਰ ਸੀ। ਕਹਿਣ ਲੱਗੇ, ਤੂੰ ਕੌਣ ਹੈਂ? ਪਹਿਲੀ ਵਾਰੀ ਮਹਾਂਪੁਰਸ਼ਾਂ ਦੇ ਪਾਸ ਗਿਆ। ਜਾਂਦਾ ਤਾਂ ਬਹੁਤ ਸੰਤਾਂ ਕੋਲ ਸੀ। ਪਰ ਸਿੱਧਾ ਸਵਾਲ ਕਿਸੇ ਨੇ ਨਹੀਂ ਸੀ ਕਰਿਆ। ਸਕੂਲਾਂ ਵਿਚ ਪਤਾ ਨਹੀਂ ਹੁੰਦਾ, ਪੰਜਾਬੀ ਪੜ੍ਹਾਉਂਦੇ ਹੀ ਨਹੀਂ ਸੀ ਉਹਨਾਂ ਦਿਨਾਂ 'ਚ। ਕਬੂਤਰਾਂ ਦੀਆਂ ਕਹਾਣੀਆਂ ਵਗੈਰਾ ਪੜ੍ਹਾ ਕੇ ਸਾਰ ਦਿੰਦੇ ਸੀ। ਕੋਈ ਚੱਜ ਦੀ ਗੱਲ ਨਹੀਂ ਸੀ ਕਰਦੇ। ਬਿੱਲੀਆਂ ਦੀਆਂ, ਕੁੱਤਿਆਂ ਦੀਆਂ ਇਸ ਤਰ੍ਹਾਂ ਪੜ੍ਹਾਈ ਜਾਂਦੇ ਸੀ।

ਮਹਾਰਾਜ ਜੀ ਨੇ ਜਦੋਂ ਸਵਾਲ ਕਰਿਆ ਕਿ ਤੂੰ ਕੌਣ ਹੈਂ? ਮੈਂ ਸੋਚਦਾ ਰਿਹਾ, ਸੰਗਤ ਬੈਠੀ ਹਸਦੀ ਰਹੀ ਕਿ ਇਹਨੂੰ ਦਸਣਾ ਨਹੀਂ ਆਉਂਦਾ। ਜਦੋਂ ਮੈਂ ਮਹਾਰਾਜ ਜੀ ਨੂੰ ਕਿਹਾ ਕਿ ਮੈਨੂੰ ਤਾਂ ਦਸਣਾ ਨਹੀਂ ਆਉਂਦਾ। ਕਹਿੰਦੇ, ਕਿਵੇਂ ਨਹੀਂ ਦਸਣਾ ਆਉਂਦਾ? ਜਦੋਂ ਮੈਂ ਖੋਲ੍ਹ ਕੇ ਦਸਿਆ ਕਿ ਮਹਾਰਾਜ ਕਹਿੰਦੇ ਚੁੱਪ ਕਰੋ ਬਹਿ ਜਾਓ। 45 ਮਿੰਟ ਨੇਤਰ ਹੀ ਨਾ ਖੋਲ੍ਹੇ ਮਹਾਰਾਜ ਜੀ ਨੇ। 45 ਮਿੰਟ ਬਾਅਦ ਮੈਨੂੰ ਕਹਿਣ ਲੱਗੇ ਨੇਤਰ ਖੋਲ੍ਹ। ਕਹਿੰਦੇ, ਦੇਖ ਇਹ ਤਾਂ ਕੋਈ ਵੀ ਸੰਸਾਰ 'ਚ ਨਹੀਂ ਦਸ ਸਕਦਾ ਕਿ ਮੈਂ ਕੌਣ ਹਾਂ ਪਰ ਕੰਮ ਚਲਾਉਣ ਵਾਸਤੇ ਇਹਨੂੰ ਜੀਵ ਆਤਮਾ ਕਹਿੰਦੇ ਨੇ। ਜਿਹੜੀ ਤੂੰ ਗੱਲ ਕਹੀ ਹੈ। ਚੰਗਾ ਹੈ ਤੂੰ ਆਪਣੇ ਆਪ ਨੂੰ ਸਰੀਰ ਨਹੀਂ ਕਿਹਾ। ਮਾਪਿਆਂ ਦਾ ਰੱਖਿਆ ਹੋਇਆ ਨਾਂ ਨਹੀਂ ਕਿਹਾ ਕਿ ਮੈਂ ਵਰਿਆਮ ਸਿੰਘ ਹਾਂ। ਇਹ ਵੀ ਚੰਗਾ ਹੈ ਕਿ ਤੂੰ ਭਰਮ ਪਾਇਆ ਹੋਇਆ ਕਿਹਾ ਨਹੀਂ ਕਿ ਮੈਂ ਸਿੱਖ ਹਾਂ, ਹਿੰਦੂ ਹਾਂ, ਮੁਸਲਮਾਨ ਹਾਂ। ਇਹ ਵੀ ਨਹੀਂ ਕਿਹਾ ਕਿ ਮੈਂ ਫਲਾਣੇ ਥਾਉਂ ਦੇ ਰਹਿਣ ਵਾਲਾ ਹਾਂ। ਗੱਲ ਤੂੰ ਤੱਤ ਦੀ ਕਹਿ ਦਿਤੀ ਕਿ ਮੈਨੂੰ ਦੱਸਣਾ ਆਉਂਦਾ ਨਹੀਂ ਮਹਾਰਾਜ! ਜਦੋਂ ਸੰਸਾਰ ਰਚਿਆ ਸੀ, ਜਿਹੜਾ ਮੇਰਾ ਵਜੂਦ ਪਹਿਲੇ ਦਿਨ ਕਾਇਮ ਹੋਇਆ, ਮੈਂ ਉਹ ਹਾਂ। ਮੈਨੂੰ ਪਤਾ ਹੀ ਨਹੀਂ ਸੀ, ਜਿੰਨੀ ਗੱਲ ਮੈਨੂੰ ਅਹੁੜੀ ਮੈਂ ਕਹਿ ਦਿਤੀ। ਮਹਾਰਾਜ ਜੀ ਕਹਿਣ ਲੱਗੇ ਕਿ ਇਕ ਕਦਮ ਹੋਰ ਪੁੱਟ ਲੈ। ਕਹਿੰਦੇ ਦੋ ਅੱਖਰ ਨੇ ਜੀਵ+ਆਤਮਾ। ਜੀਵ ਜਿਹੜਾ ਹੈ ਇਹ ਮਿਥਿਆ ਹੈ, ਇਹਨੂੰ ਮੰਨ ਲੈ ਸਾਡਾ ਬਚਨ। ਕਿ ਹੈ ਨਹੀਂ ਭਰਮ ਪਿਆ ਹੋਇਐ। ਬਾਕੀ ਕੀ ਰਹਿ ਗਿਆ? ਮੈਂ ਕਿਹਾ, ਆਤਮਾ ਮਹਾਰਾਜ ਜੀ। ਕਹਿੰਦੇ, ਸਾਰੀ ਜ਼ਿੰਦਗੀ ਲਗ ਜਾਣੀ ਹੈ ਇਕੋ ਗੱਲ ਪਕਾਉਣ ਨੂੰ। ਜੇ ਤਾਂ ਪਕਾ ਗਿਆ, ਲੰਘ ਗਿਆ, ਨਹੀਂ ਤਾਂ ਫੇਰ ਆ ਜਾਈਂ।

ਮਹਾਂਪੁਰਸ਼ਾਂ ਦੀ ਕ੍ਰਿਪਾ ਤੋਂ ਬਗੈਰ ਨਹੀਂ ਇਹ ਗੱਲ ਵਸਿਆ ਕਰਦੀ ਹਿਰਦੇ 'ਚ। ਕਿਉਂਕਿ ਲੰਮਾ ਅਧਿਆਸ ਹੋ ਗਿਆ, ਲੱਖਾਂ, ਕਰੋੜਾਂ, ਅਰਬਾਂ ਖਰਬਾਂ ਸਾਲਾਂ ਦਾ। ਜੀਵ ਵੀ ਕਹਿ ਲਈਏ ਤਾਂ ਵੀ ਚੰਗਾ ਹੈ। ਸਰੀਰ-ਸਰੀਰ ਕਹਿੰਦੇ ਹੀ ਲੰਘੀ ਜਾਂਦਾ ਸਮਾਂ। ਮੈਂ-ਮੈਂ ਕਹਿੰਦੇ ਹਾਂ ਸਰੀਰ ਨੂੰ। ਨਾਲੇ ਸਰੀਰ ਵਿਛੜੀ ਜਾਂਦੇ ਨੇ ਤੇ ਨਾਲੇ ਇਹ ਜਾਣਦਾ ਹੈ ਕਿ ਮੈਂ ਸਰੀਰ ਛੱਡ ਕੇ ਜਾਣਾ ਹੈ। ਫੇਰ ਤੂੰ ਸੋਚ ਤਾਂ ਸਹੀ ਕਿ ਤੂੰ ਹੈ ਕੌਣ? ਜੇ ਐਨਾ ਵੀ ਸੋਚ ਲਵੇ, ਐਨਾ ਵੀ ਪਤਾ ਲਗ ਜਾਏ ਕਿ ਮੈਂ ਜੀਵ ਆਤਮਾ ਹਾਂ, ਤਾਂ ਇਕ ਮੰਜ਼ਲ ਰਹਿ ਗਈ ਅੱਗੇ। ਸਿਰਫ ਇਕ ਕਦਮ। ਇਕ ਖਾਈ ਬੜੀ ਡਗਮਗਾਉਣ ਵਾਲੀ। ਜੇ ਤਾਂ ਟੱਪ ਗਿਆ ਮਹਾਂਪੁਰਸ਼ਾਂ ਨੂੰ ਮਿਲ ਕੇ, ਤਾਂ ਤੇ ਲੰਘ ਗਿਆ। ਜੇ ਇਥੇ ਹੀ ਰਹਿ ਗਿਆ, ਫੇਰ ਤਾਂ ਕੰਢੇ 'ਤੇ ਰਹਿ ਗਿਆ। ਫੇਰ ਅਗਲਾ ਜਨਮ ਧਾਰਨਾ ਪੈਂਦੈ।

ਸੋ ਇਸ ਤਰ੍ਹਾਂ ਗੁਰੂ ਮਹਾਰਾਜ ਕਹਿਣ ਲੱਗੇ, ਯੋਗੀਰਾਜ! ਇਹ ਸਾਰਾ ਪਸਾਰਾ ਨਜ਼ਰ ਆਉਂਦੈ। ਜਿਵੇਂ ਇਕ ਬੀਜ ਤੋਂ ਬਹੁੜ ਦਾ ਰੁਖ ਹੋਇਐ। ਇਵੇਂ ਜਿਵੇਂ ਇਕੋ ਪ੍ਰਮੇਸ਼ਰ ਆਪ ਹੀ ਵਿਸਥਾਰ ਕਰਕੇ -

*ਪਸਰਿਓ ਆਪਿ ਹੋਇ ਅਨਤ ਤਰੰਗ ॥*
*ਲਖੇ ਨ ਜਾਹਿ ਪਾਰਬ੍ਰਹਮ ਕੇ ਰੰਗ ॥* *ਅੰਗ- ੨੭੫*

ਵੱਖਰਾ ਕਰਕੇ ਦੇਖਣੈ ਤਾਂ ਉਹਨੇ ਰਚਨਾ ਪਸਾਰ ਦਿਤੀ, ਦਰਅਸਲ ਇਹ ਹੈ ਨਹੀਂ। ਇਹ ਬ੍ਰਹਮ ਦੇ ਆਸਰੇ ਹੈ ਬਾਕੀ। ਸੋ ਜਿਹੜਾ ਬ੍ਰਹਮ ਦੇ ਆਸਰੇ ਹੈ ਉਹ ਬ੍ਰਹਮ ਤੂੰ ਹੈ। ਆਪਣੇ ਸਰੂਪ ਨੂੰ ਪਛਾਣ, ਜਦੋਂ ਤੇਰੀ ਪਛਾਣ 'ਚ ਆ ਗਿਆ, ਜੰਮਣਾ ਮਰਨਾ ਉਸ ਵੇਲੇ ਖਤਮ ਹੋ ਗਿਆ। ਉਸ ਵੇਲੇ ਮਹਾਰਾਜ ਨੇ ਕ੍ਰਿਪਾ ਦ੍ਰਿਸ਼ਟੀ ਕੀਤੀ। ਕ੍ਰਿਪਾ ਦ੍ਰਿਸ਼ਟੀ ਕਰਦੇ ਸਾਰ ਉਹਦੇ ਅੰਦਰ ਪ੍ਰਕਾਸ਼ ਹੋ ਗਿਆ ਬ੍ਰਹਮ ਦਾ। ਮੈਂ ਦਾ ਨਾਸ਼ ਹੋ ਗਿਆ। ਦੂਜਾ ਕੋਈ ਰਿਹਾ ਨਾ, ਇਕੋ ਇਕ ਰਹਿ ਗਿਆ, ਸਾਰੇ ਫੁਰਨੇ, ਸਾਰੇ ਝਗੜੇ ਝਾਟੇ ਜਿੰਨੇ ਸੀ, ਸਾਰੇ ਦੇ ਸਾਰੇ ਖਤਮ ਹੋ ਗਏ ਤੇ ਇਸ ਤਰ੍ਹਾਂ ਨਾਲ ਬੇਨਤੀ ਕਰਦੇ ਨੇ -

*ਧਾਰਨਾ - ਸੰਸਾ ਮੇਰਾ ਓ, ਉਤਰ ਗਿਆ।*
*ਪਿਆਰੇ ਜਬ ਤੇ ਦਰਸ਼ਨ ਪਾਇਆ।*

*ਉਤਰਿ ਗਇਓ ਮੇਰੇ ਮਨ ਕਾ ਸੰਸਾ*
*ਜਬ ਤੇ ਦਰਸਨੁ ਪਾਇਆ ॥* *ਅੰਗ- ੧੨੧੯*

ਸੰਸਾ ਉਤਰ ਗਿਆ, ਪਤਾ ਲਗ ਗਿਆ -

*ਬਾਜੀਗਰਿ ਜੈਸੇ ਬਾਜੀ ਪਾਈ ॥*
*ਨਾਨਾ ਰੂਪ ਭੇਖ ਦਿਖਲਾਈ ॥*
*ਸਾਂਗੁ ਉਤਾਰਿ ਥੰਮ੍ਹਿਓ ਪਾਸਾਰਾ ॥*
*ਤਬ ਏਕੋ ਏਕੰਕਾਰਾ ॥ ੧ ॥*
*ਕਵਨ ਰੂਪ ਦ੍ਰਿਸਟਿਓ ਬਿਨਸਾਇਓ ॥*
*ਕਤਹਿ ਗਇਓ ਉਹੁ ਕਤ ਤੇ ਆਇਓ ॥ ੧ ॥ ਰਹਾਉ ॥*
*ਜਲ ਤੇ ਊਠਹਿ ਅਨਿਕ ਤਰੰਗਾ ॥* *ਅੰਗ- ੭੩੬*

ਸਮੁੰਦਰ ਵਿਚ ਲਹਿਰਾਂ ਉਠਦੀਆਂ ਨੇ, ਸਮੁੰਦਰ ਨਾਲੋਂ ਕੀ ਅੱਡ ਨੇ? ਪਾਣੀ ਵਿਚ ਬੁਲਬਲੇ ਉਠਦੇ ਨੇ ਪਾਣੀ ਤੋਂ ਕੀ ਅੱਡ ਨੇ? ਉਹਦੇ ਵਿਚ ਝੱਗ ਬਣਦੀ ਹੈ ਕੀ ਅੱਡ ਹੈ -

*ਜਲ ਤਰੰਗ ਅਰੁ ਫੇਨ ਬੁਦਬੁਦਾ ਜਲ ਤੇ ਭਿੰਨ ਨ ਹੋਈ ॥*
*ਅੰਗ- ੪੮੫*

*ਜਲ ਤੇ ਊਠਹਿ ਅਨਿਕ ਤਰੰਗਾ ॥*
*ਕਨਿਕ ਭੂਖਨ ਕੀਨੇ ਬਹੁ ਰੰਗਾ ॥* *ਅੰਗ- ੭੩੬*

ਕਿੰਨੇ ਕੁਇੰਟਲ ਸੋਨਾ ਲੈ ਕੇ ਬੇਅੰਤ ਗਹਿਣੇ ਬਣਾ ਦਿਤੇ। ਜਦੋਂ ਢਾਲੇ ਮੁੜ ਕੇ ਫੇਰ ਓਹੀ ਸੋਨਾ ਫੇਰ ਬਣ ਗਿਆ। ਗਹਿਣੇ ਵਿਸਥਾਰ ਸੀ ਉਸਦਾ, ਲੇਕਿਨ ਸੀ ਉਹ ਸਾਰਾ ਸੋਨਾ। ਸੰਸਾਰ, ਸ੍ਰਿਸ਼ਟੀਆਂ ਕਰੋੜਾਂ ਵਿਸਥਾਰ ਹੈ ਲੇਕਿਨ ਹੈ ਇਕੋ ਪ੍ਰਮੇਸ਼ਰ। ਆਪੇ ਹੀ ਪਸਰਿਆ ਹੋਇਐ ਆਪਣੀ ਮੌਜ ਦੇ ਵਿਚ। ਦੂਜਾ ਨਹੀਂ ਹੈ ਇਥੇ ਕੁਛ ਵੀ। ਜਿਹੜੀ ਮਾਇਆ ਹੈ ਉਹ ਕਹਿਣ ਵਾਸਤੇ ਹੈ ਲੇਕਿਨ ਸਤਿ ਹੈ -

*ਆਪਿ ਸਤਿ ਕੀਆ ਸਭੁ ਸਤਿ ॥* *ਅੰਗ- ੨੯੪*

*ਸਚੇ ਤੇਰੇ ਖੰਡ ਸਚੇ ਬ੍ਰਹਮੰਡ ॥* *ਅੰਗ- ੪੬੩*

ਗੁਰਮੁਖ ਦੀ ਜਿਹੜੀ ਨੇਸ਼ਟਾ ਹੈ ਹੋਰ ਹੈ ਥੋੜ੍ਹੀ, ਫਰਕ ਹੈ। ਪਹਿਲਾਂ ਜੀਵ ਨੂੰ ਲਿਜਾਣ ਵਾਸਤੇ, ਮਾਇਆ ਨੂੰ ਮਿਥਿਆ ਕਹਿ-ਕਹਿ ਕੇ ਉਪਰ ਲੈ ਗਏ ਲੇਕਿਨ ਜਦੋਂ ਸਤਿ ਦੇ ਦਰਸ਼ਨ ਹੋਏ। ਇਹ ਤਾਂ ਸਤਿ ਆਪ ਹੀ ਹੈ। ਜਿੰਨਾ ਮਾਇਆ ਜਿਹਨੂੰ ਕਹਿੰਦੇ ਸੀ ਇਹ ਵੀ ਸਤਿ ਹੀ ਹੈ। ਇਹ ਮਾਇਆ ਵੀ ਅੱਡ ਨਹੀਂ ਵਾਹਿਗੁਰੂ ਤੋਂ। ਉਹਦੇ ਵਿਚੋਂ ਹੀ ਪੈਦਾ ਹੋਈ ਹੈ, ਉਹਦੇ ਵਿਚ ਹੀ ਲੀਨ ਹੋ ਜਾਇਆ ਕਰਦੀ ਹੈ। ਸ੍ਰਿਸ਼ਟੀਆਂ ਰਚਨਾ ਹੁੰਦੀਆਂ ਨੇ, ਇਕ ਜਜ਼ਬਾ ਹੈ -

*ਜਲ ਤੇ ਊਠਹਿ ਅਨਿਕ ਤਰੰਗਾ ॥*
*ਕਨਿਕ ਭੂਖਨ ਕੀਨੇ ਬਹੁ ਰੰਗਾ ॥*
*ਬੀਜੁ ਬੀਜਿ ਦੇਖਿਓ ਬਹੁ ਪਰਕਾਰਾ ॥*
*ਫਲ ਪਾਕੇ ਤੇ ਏਕੰਕਾਰਾ ॥ ੨ ॥*
*ਸਹਸ ਘਟਾ ਮਹਿ ਏਕੁ ਆਕਾਸੁ ॥*
*ਘਟ ਫੂਟੇ ਤੇ ਓਹੀ ਪ੍ਰਗਾਸੁ ॥*
*ਭਰਮ ਲੋਭ ਮੋਹ ਮਾਇਆ ਵਿਕਾਰ ॥*
*ਭ੍ਰਮ ਛੂਟੇ ਤੇ ਏਕੰਕਾਰ ॥ ੩ ॥*
*ਓਹੁ ਅਬਿਨਾਸੀ ਬਿਨਸਤ ਨਾਹੀ ॥*
*ਨਾ ਕੋ ਆਵੈ ਨਾ ਕੋ ਜਾਹੀ ॥*
*ਗੁਰਿ ਪੂਰੈ ਹਉਮੈ ਮਲੁ ਧੋਈ ॥*
*ਕਹੁ ਨਾਨਕ ਮੇਰੀ ਪਰਮ ਗਤਿ ਹੋਈ ॥* *ਅੰਗ- ੭੩੬*

ਕੇਵਲ ਹਉਮੈ ਦਾ ਪੜਦਾ ਪੈਣ ਕਰਕੇ ਪ੍ਰਮੇਸ਼ਰ ਨਜ਼ਰ ਨਹੀਂ ਸੀ ਆ ਰਿਹਾ। ਜਦੋਂ ਪੂਰੇ ਗੁਰੂ ਨੇ ਕ੍ਰਿਪਾ ਕਰਕੇ ਆਪਣੀ ਮਿਹਰ ਦੇ ਨਾਲ ਪੜਦਾ ਤੋੜ ਦਿਤਾ ਫੇਰ ਨਜ਼ਰ ਕੀ ਆਇਆ?

*ਤੂੰ ਪੇਡੁ ਸਾਖ ਤੇਰੀ ਫੂਲੀ ॥ ਤੂੰ ਸੂਖਮੁ ਹੋਆ ਅਸਥੂਲੀ ॥*
*ਤੂੰ ਜਲਨਿਧਿ ਤੂੰ ਫੇਨੁ ਬੁਦਬੁਦਾ*
*ਤੁਧੁ ਬਿਨੁ ਅਵਰੁ ਨ ਭਾਲੀਐ ਜੀਉ ॥* *ਅੰਗ- ੧੦੨*

ਆਪੇ ਹੀ ਜਲ ਹੈ, ਆਪੇ ਹੀ ਤਰੰਗ ਹੈ ਤੇ ਆਪੇ ਹੀ ਬੁਲਬੁਲਾ ਹੈ, ਆਪੇ ਹੀ ਫੇਨ ਹੈ -

*ਤੂੰ ਸੂਤੁ ਮਣੀਏ ਭੀ ਤੂੰਹੈ ॥ ਤੂੰ ਗੰਠੀ ਮੇਰੁ ਸਿਰਿ ਤੂੰਹੈ ॥*
*ਆਦਿ ਮਧਿ ਅੰਤਿ ਪ੍ਰਭੁ ਸੋਈ*
*ਅਵਰੁ ਨ ਕੋਇ ਦਿਖਾਲੀਐ ਜੀਉ ॥*
*ਤੂੰ ਨਿਰਗੁਣੁ ਸਰਗੁਣੁ ਸੁਖਦਾਤਾ ॥*
*ਤੂੰ ਨਿਰਬਾਣੁ ਰਸੀਆ ਰੰਗਿ ਰਾਤਾ ॥*
*ਅਪਣੇ ਕਰਤਬ ਆਪੇ ਜਾਣਹਿ ਆਪੇ ਤੁਧੁ ਸਮਾਲੀਐ ਜੀਉ ॥*
*ਤੂੰ ਠਾਕੁਰੁ ਸੇਵਕੁ ਫੁਨਿ ਆਪੇ ॥*
*ਤੂੰ ਗੁਪਤੁ ਪਰਗਟੁ ਪ੍ਰਭ ਆਪੇ ॥*
*ਨਾਨਕ ਦਾਸੁ ਸਦਾ ਗੁਣ ਗਾਵੈ*
*ਇਕ ਭੋਰੀ ਨਦਰਿ ਨਿਹਾਲੀਐ ਜੀਉ ॥* *ਅੰਗ- ੧੦੩*

ਯੋਗੀਰਾਜ ਕਹਿਣ ਲੱਗਿਆ, ਸੱਚੇ ਪਾਤਸ਼ਾਹ! ਜਿਸ ਨੂੰ ਪ੍ਰਾਪਤ ਕਰਨ ਵਾਸਤੇ ਮੈਂ ਲੱਖਾਂ ਸਾਲ ਤੋਂ ਇਸ ਮੱਠ ਵਿਚ ਬੈਠਾ ਸੀ, ਉਹ ਅੱਜ ਮੈਨੂੰ ਪਰਮ ਪਦਾਰਥ ਪ੍ਰਾਪਤ ਹੋ ਗਿਆ। ਕੋਈ ਵਾਸ਼ਨਾ ਨਹੀਂ ਰਹੀ।

ਗੁਰੂ ਮਹਾਰਾਜ ਜੀ ਕਹਿਣ ਲੱਗੇ ਕਿ ਜੇ ਸੰਸਾਰ ਦਾ ਖੇਡ ਦੇਖਣਾ ਹੈ, ਤੈਨੂੰ ਸੁਰਜੀਤ ਕਰ ਦਿੰਦੇ ਹਾਂ। ਸਰੀਰ ਤੈਨੂੰ ਨਰੋਆ ਬਖਸ਼ ਦਿੰਦੇ ਹਾਂ।

ਕਹਿਣ ਲੱਗਿਆ, ਨਾ ਪਾਤਸ਼ਾਹ! ਜੋ ਕੁਛ ਦੇਖਣਾ ਸੀ ਦੇਖ ਲਿਆ। ਅਸਲੀ ਚੀਜ਼ ਦੇਖ ਲਈ। ਸੋ ਹੁਣ ਮੈਨੂੰ ਕੋਈ ਵਾਸ਼ਨਾ ਨਹੀਂ ਹੈ। ਉਸ ਤੋਂ ਬਾਅਦ ਆਪ ਨੇ ਮਹਾਰਾਜ ਤੋਂ ਆਗਿਆ ਮੰਗੀ ਕਿ ਸੱਚੇ ਪਾਤਸ਼ਾਹ! ਹੁਣ ਹੋਰ ਕਾਸੇ ਦੀ ਲੋੜ ਨਹੀਂ ਹੈ। ਪਰਮ ਤੱਤ ਦੀ ਆਪ ਨੇ ਪ੍ਰਾਪਤੀ ਕਰਾ ਦਿਤੀ ਤੇ ਹੁਣ ਮੈਨੂੰ ਆਗਿਆ ਬਖਸ਼ੋ। ਉਸੇ ਵੇਲੇ ਬ੍ਰਹਮ ਰੁੰਦਰ ਦੇ ਵਿਚੀਂ ਸਵਾਸ ਕੱਢੇ ਤੇ ਅਨੰਤ ਦੇ ਵਿਚ ਲੈਅ ਹੋ ਗਿਆ।

*ਧਾਰਨਾ – ਆਵੈ ਜਾਇ ਨਿਸੰਗ*
*ਗੁਰਮੁਖ ਪਿਆਰਾ-ਗੁਰਮੁਖ ਪਿਆਰਾ।*

ਪਾਤਸ਼ਾਹ! ਨੀਵਾਂ ਥਾਉਂ ਖੁਦਵਾ ਦਿਓ। ਮੈਨੂੰ ਚੁੱਕ ਕੇ ਉਹਦੇ ਵਿਚ ਰੱਖ ਦਿਓ। ਜੋ ਵਾਸ਼ਨਾ ਸੀ ਉਹਦੇ ਮੁਤਾਬਿਕ ਬਹਿ ਗਿਆ ਵਿਚ। ਪ੍ਰਾਣ, ਅਪਾਨ ਜਿਹੜੇ ਸੀ ਪਉਣ ਖਿੱਚ ਕੇ ਦਸਵੇਂ ਦੁਆਰ 'ਚ ਲੈ ਗਿਆ –

*ਨੰਮ੍ਰ ਆਨ ਪੁਨ ਕਹਿ ਖਨਵਾਯੋ।*
*ਬੈਠਿ ਬੀਚ ਸਭਿ ਪੌਨ ਚੜਾਯੋ।*
*ਦਸਮੇ ਦ੍ਵਾਰ ਜੋਰ ਕੋ ਪਾਵਾ।*
*ਬ੍ਰਹਮ ਰੰਧਰ ਕੋ ਫੋਰਿ ਕਰਾਵਾ।*
*ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ ੧੩੯੩*

ਪਉਣ ਦਾ ਜ਼ੋਰ ਪਾਇਆ ਤੇ ਬ੍ਰਹਮ ਰੁੰਦਰ ਜੋ ਦਸਵੇਂ ਦੁਆਰ ਦਾ ਜੋ ਆਖਰੀ ਨਿਸ਼ਾਨ ਹੈ ਸਿਰ ਵਿਚ, ਉਹਨੂੰ ਪਾੜ ਕੇ –

*ਜਿਉ ਜਲ ਮਹਿ ਜਲੁ ਆਇ ਖਟਾਨਾ ॥*
*ਤਿਉ ਜੋਤੀ ਸੰਗਿ ਜੋਤਿ ਸਮਾਨਾ ॥*
*ਮਿਟਿ ਗਏ ਗਵਨ ਪਾਏ ਬਿਸ੍ਰਾਮ ॥*
*ਨਾਨਕ ਪ੍ਰਭ ਕੈ ਸਦ ਕੁਰਬਾਨ ॥ ਅੰਗ- ੨੭੮*

ਸੋ ਇਸ ਤਰ੍ਹਾਂ ਮਹਾਰਾਜ ਜੀ ਨੇ ਉਸ ਭਟਕਦੀ ਰੂਹ ਨੂੰ ਜਿਹਦੇ ਬਾਰੇ ਉਸ ਦੇ ਸਮਰੱਥ ਗੁਰੂ ਨੇ ਕਿਹਾ ਸੀ ਕਿ ਕਲਜੁਗ ਦੇ ਵਿਚ ਗੁਰੂ ਅਰਜਨ ਪਾਤਸ਼ਾਹ, ਗੁਰੂ ਨਾਨਕ ਸਾਹਿਬ ਜੀ ਦਾ ਪੰਜਵਾਂ ਰੂਪ ਆਏਗਾ। ਉਹ ਤੇਰੇ 'ਤੇ ਦਇਆ ਕਰੇਗਾ। ਜਿਸ ਚੀਜ਼ ਨੂੰ ਤੂੰ ਚਾਹੁੰਦੈਂ, ਉਹ ਮੇਰੇ ਕੋਲ ਨਹੀਂ ਹੈ, ਉਹ ਤੈਨੂੰ ਕਲਜੁਗ ਦੇ ਵਿਚ ਜਾ ਕੇ ਪ੍ਰਾਪਤ ਹੋਏਗੀ।

ਸੋ ਸਾਧਸੰਗਤ ਜੀ! ਜੋ ਬਾਣੀ ਹੈ ਗੁਰੂ ਮਹਾਰਾਜ ਦੀ, ਬਾਣੀ ਦੀ ਰੋਸ਼ਨੀ ਦੇ ਵਿਚ ਆਪਾਂ ਸਾਰੀ ਵਿਚਾਰ ਕਰੀ ਹੈ। ਵਾਹਿਗੁਰੂ ਕ੍ਰਿਪਾ ਕਰੇ ਸਾਨੂੰ ਸੋਝੀ ਪੈ ਜਾਵੇ। ਘੱਟੋ-ਘੱਟ ਸਾਨੂੰ ਐਨਾ ਵਿਸ਼ਵਾਸ਼ ਤਾਂ ਆ ਜਾਵੇ ਕਿ ਇਥੇ ਪ੍ਰਮੇਸ਼ਰ ਆਪ ਹੀ ਆਪਣੀ ਖੇਡ ਕਰ ਰਿਹੈ। ਥੋੜ੍ਹਾ-ਥੋੜ੍ਹਾ ਚਿਰ ਆਪਣੀ ਮੈਂ ਦੂਰ ਕਰਨਾ ਸ਼ੁਰੂ ਕਰ ਦੇਈਏ। ਕਿਉਂਕਿ ਸਾਡੇ ਹਿਰਦੇ ਭਰੇ ਪਏ ਨੇ ਰਾਗ ਨਾਲ, ਦਵੈਸ਼ ਨਾਲ, ਅਭਿਨਿਵੇਸ਼ ਨਾਲ, ਅਸਿਮਿਤਾ ਦੇ ਨਾਲ ਅਵਿਦਿਆ ਦੇ ਨਾਲ, ਪੰਜ ਕਲੇਸ਼ ਰਿੜਕ ਰਹੇ ਨੇ। ਸੁੱਖ ਨਹੀਂ ਹੁੰਦਾ। ਮਹਾਰਾਜ ਨੇ ਫੁਰਮਾਨ ਕਰ ਦਿਤਾ –

*ਬਾਲੀ ਰੋਵੈ ਨਾਹਿ ਭਤਾਰੁ ॥*
*ਨਾਨਕ ਦੁਖੀਆ ਸਭੁ ਸੰਸਾਰੁ ॥ ਅੰਗ- ੯੫੪*

ਉਸ ਦੁਖ ਦੇ ਵਿਚੋਂ ਨਿਕਲਣ ਦਾ ਇਕੋ ਹੀ ਸਾਧਨ ਹੈ –

*ਮੰਨੇ ਨਾਉ ਸੋਈ ਜਿਣਿ ਜਾਇ ॥*
*ਅਉਰੀ ਕਰਮ ਨ ਲੇਖੈ ਲਾਇ ॥ ਅੰਗ- ੯੫੪*

ਨਾਮ ਕੀ ਹੈ, ਪਰੀਪੂਰਨ ਸ਼ਕਤੀ ਹੈ। ਉਹ ਆਪੇ ਹੀ ਆਪਣੀ ਖੇਲ੍ਹ ਕਰਦੀ ਹੈ। ਜੇ ਤਾਂ ਇਹ ਮੰਨ ਜਾਵੇ-

*ਮੰਨੇ ਕੀ ਗਤਿ ਕਹੀ ਨ ਜਾਇ ॥*
*ਜੇ ਕੋ ਕਹੈ ਪਿਛੈ ਪਛੁਤਾਇ ॥*
*ਕਾਗਦਿ ਕਲਮ ਨ ਲਿਖਣਹਾਰੁ ॥*
*ਮੰਨੇ ਕਾ ਬਹਿ ਕਰਨਿ ਵੀਚਾਰੁ ॥*
*ਐਸਾ ਨਾਮੁ ਨਿਰੰਜਨੁ ਹੋਇ ॥*
*ਜੇ ਕੋ ਮੰਨਿ ਜਾਣੈ ਮਨਿ ਕੋਇ ॥ ਅੰਗ – ੩*

ਜੇ ਤਾਂ ਮਨ ਮੰਨ ਗਿਆ। ਫੇਰ ਤਾਂ ਇਸ ਜਨਮ ਦੇ ਵਿਚ ਹੀ ਪ੍ਰਕਾਸ਼ ਹੋ ਜਾਂਦੈ। ਕਿਉਂਕਿ ਮਨ ਨੂੰ ਮਨਾਉਣਾ ਬਹੁਤ ਔਖਾ ਹੈ। ਕੋਈ ਸੂਰਮਾ ਹੀ ਹੈ ਜਿਹੜਾ ਮਨ ਨੂੰ ਮਨਾ ਲਵੇ। ਮਨ ਦੇ ਬਚਾਓ ਵਾਸਤੇ ਬਹੁਤ ਜ਼ਬਰਦਸਤ ਫੌਜਾਂ ਨੇ। ਆਸੁਰੀ ਸੰਪਰਦਾਵਾਂ ਕਾਮ, ਕ੍ਰੋਧ, ਲੋਭ, ਮੋਹ, ਆਸਾ, ਅੰਦੇਸਾ, ਤ੍ਰਿਸ਼ਨਾ, ਕਪਟ, ਛਲ, ਬੇਅੰਤ ਚੀਜ਼ਾਂ ਨੇ ਜਿਹੜੀਆਂ ਮਨ ਦੀਆਂ ਸਹਾਇਕ ਨੇ। ਨਹੀਂ ਮੰਨਣ ਦਿੰਦੀਆਂ। ਮਨ ਨੂੰ ਕਹਿੰਦੀਆਂ ਨੇ ਕਿ ਬਿਲਕੁਲ ਨਹੀਂ ਮੰਨਣਾ। ਜਿਹੜੀ ਗੱਲ ਅਸੀਂ ਕਹਿੰਦੇ ਹਾਂ ਉਹ ਹੈ ਨਾਮ ਦਾ ਰਸ। ਕਿਸੇ ਨੂੰ ਮਿਲਿਐ? ਸ਼ਰਾਬ ਦਾ ਰਸ ਇਕ ਸਕਿੰਟ 'ਚ ਤੈਨੂੰ ਮਿਲ ਜਾਏਗਾ। ਉਹ ਐਸੀ ਖਿੱਚ ਹੈ ਉਹਨਾਂ ਦੇ ਕੋਲ ਉਹਨੂੰ ਮੰਨਣ ਦਿੰਦੀਆਂ। ਕਿੰਨਾ ਹੀ ਸਮਝਾ ਲਓ ਮਨ ਨੂੰ। ਮਹਾਰਾਜ ਕਹਿੰਦੇ ਨੇ-

*ਮਨ ਸਮਝਾਵਨ ਕਾਰਨੇ ਕਛੂਅਕ ਪੜੀਐ ਗਿਆਨ ॥*
*ਅੰਗ- ੩੪੦*

ਮਨ ਨੂੰ ਸਮਝਾਉਣ ਦੀਆਂ ਬਾਤਾਂ ਨੇ ਤੇ ਮਨ ਨੂੰ ਮਨਾਓ। ਮਨ ਕਿਉਂ ਨਹੀਂ ਮੰਨਦਾ। ਕਿਉਂਕਿ ਮਨ ਵਿਚ ਤਾਕਤ ਨਹੀਂ ਹੈ। ਜਦੋਂ ਦੈਵੀ ਸੰਪਰਦਾ ਉਤਪੰਨ ਹੋ

ਜਾਏਗੀ ਇਹਦੇ 'ਤੇ, ਫੇਰ ਨਾਮ ਅਭਿਆਸ ਕਰੇਗਾ ਉਹਨੂੰ ਅਪਣਾਅ ਕੇ। ਫੇਰ ਉਸ ਤੋਂ ਬਾਅਦ ਇਹ ਮਨ ਮੰਨਦੈ।

'ਆਤਮ ਮਾਰਗ' ਦੇ ਵਿਚ ਤੁਸੀਂ ਇਹ ਚੀਜ਼ਾਂ ਪੜ੍ਹੋ, ਉਹਦੇ ਨਾਲ ਅਧਿਆਸ ਬਣੇਗਾ। ਖਿਆਲ ਬਣੇਗਾ, ਨਾਮ ਦੀ ਰੁਚੀ ਲੱਗੇਗੀ। ਨਾਮ ਜਪਣ ਨਾਲ ਉਹ ਚੀਜ਼ਾਂ ਪ੍ਰਾਪਤ ਹੋਣਗੀਆਂ। ਗੁਰੂ ਤਾਂ ਮੰਨਦੇ ਹਾਂ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਲੇਕਿਨ ਇਕ ਗੱਲ ਹੈ ਕ੍ਰਿਪਾ ਕਰਦੇ ਸਾਡੇ 'ਤੇ ਕਿ ਨਾ ਤਾਂ ਸਾਡੇ ਤੋਂ ਤਨ ਮੰਗ, ਨਾ ਮੰਗ ਧਨ; ਜੇ ਧਨ ਵੀ ਲੈਣੈ ਤਾਂ ਦੇ ਦੇਵਾਂਗੇ। ਕੋਈ ਗੱਲ ਨਹੀਂ, ਪਰ ਤਨ ਨਾ ਮੰਗ।

ਮਹਾਰਾਜ ਕਹਿੰਦੇ, ਤਨ ਵੀ ਚਾਹੀਦੈ।

ਕਹਿੰਦੇ, ਚਲ ਤਨ ਵੀ ਦੇ ਦੇਵਾਂਗੇ। ਹੁਣ ਰੌਲਾ ਕਿਹੜਾ ਰਹਿ ਗਿਆ? ਕਹਿੰਦਾ, ਮਹਾਰਾਜ! ਹੁਣ ਚਾਹੇ ਕਹੋ ਚਾਹੇ ਨਾ ਕਹੋ, ਮੈਂ ਮਨ ਤਾਂ ਦੇਣਾ ਹੀ ਨਹੀਂ ਤੁਹਾਨੂੰ।

ਫੇਰ ਕਹਿੰਦੇ, ਤੇਰਾ ਸਿੱਖੀ ਦਾ ਮੇਰੇ ਨਾਲ ਕਾਹਦਾ ਸਬੰਧ ਰਹਿ ਗਿਆ।

ਕਹਿੰਦਾ, ਹੋਵੇ ਨਾ ਹੋਵੇ, ਰਿਆਇਤੀ ਨੰਬਰ ਦੇ ਕੇ ਪਾਸ ਕਰ ਦੇਵੀਂ।

ਕਹਿੰਦੇ, ਆਹ ਮਨ ਨੇ ਤਾਂ ਪਾਸ ਹੀ ਨਹੀਂ ਹੋਣ ਦੇਣਾ। ਇਹ ਤਾਂ ਫੇਲ੍ਹ ਕਰਨ ਵਾਲੀ ਚੀਜ਼ ਤਾਂ ਤੂੰ ਆਪਣੇ ਕੋਲ ਰੱਖ ਲਈ। ਜੇ ਦੇਣੈ ਤਾਂ ਮਨ ਦੇ ਦੇ, ਤਨ ਤੇ ਧਨ ਰਖ ਲੈ ਆਪਣੇ ਕੋਲ। ਜਦ ਮਨ ਆ ਗਿਆ, ਤਨ ਕੀ ਕਰੇਗਾ। ਜਦੋਂ ਫੁਰਨਾ ਹੀ ਨਾ ਆਇਆ, ਬੈਠਾ ਰਹੇਗਾ ਇਥੇ।

ਦੇਖ ਲਓ ਬੈਠ ਕੇ ਫੁਰਨਾ ਨਾ ਕਰੋ, ਇਕ ਦਮ ਸਮਾਧੀ ਲਗ ਜਾਊ। ਇਥੇ ਬੈਠੇ ਰਹਾਂਗੇ। ਉਹ ਫੁਰਨਾ ਹੀ ਜਿਹੜਾ ਕੰਮ ਕਰਾਉਂਦੈ। ਗੁਰੂ ਕਹਿੰਦਾ ਹੈ ਕਿ ਮਨ ਦੇ ਦਿਓ –

*ਮਨੁ ਬੇਚੈ ਸਤਿਗੁਰ ਕੈ ਪਾਸਿ ॥*
*ਤਿਸੁ ਸੇਵਕ ਕੇ ਕਾਰਜ ਰਾਸਿ ॥* *ਅੰਗ– ੨੮੬*

ਸੋ ਅਸੀਂ ਮਨ ਦੇਣ ਨੂੰ ਨਹੀਂ ਤਿਆਰ ਹੁੰਦੇ। ਨਹੀਂ ਦਿੰਦੇ ਤਾਂ ਜੰਮਣਾ ਮਰਣਾ ਸਾਡੇ ਗਲੋਂ ਨਹੀਂ ਲਹਿੰਦਾ। ਗੁਰੂ ਦਾਤਾਂ ਦੇਣ ਨੂੰ ਤਿਆਰ ਹੋ ਰਿਹੈ। ਅਸੀਂ ਕਹਿੰਦੇ ਹਾਂ ਕਿ ਹੋਰ ਸਭ ਕੁਝ ਲੈ-ਲੈ, ਮਨ ਨਾ ਲੈ। ਜੇ ਮਨ ਲੈ ਲਿਆ ਸਾਡੇ ਕੋਲ ਕੀ ਰਹਿ ਗਿਆ? ਨਾ ਸਰੀਰ ਨੇ ਉਠਣੈ, ਨਾ ਪੈਸੇ ਦਾ ਕੋਈ ਫਾਇਦੈ।

ਸੋ ਇਸ ਕਰਕੇ ਸਮਝੋ, ਫਲ ਬਹੁਤ ਲਗਦੈ ਥੋੜ੍ਹਾ ਜਿਹਾ ਵੀ ਸਤਿਸੰਗ ਕਰਨ ਨਾਲ –

*ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ ॥*
*ਅੰਗ– ੫੪੬*

ਆਪਣੇ ਆਪ ਨੂੰ ਅੰਤਰਮੁਖ ਭਾਵਨਾ ਵਿਚ ਲਿਆਓ। ਦੇਖੋ ਜਿਵੇਂ ਵਿਦਿਆਰਥੀ ਪੜ੍ਹਦੇ ਨੇ, ਉਸ ਤਰ੍ਹਾਂ ਨੇ ਨਾਲ ਧਿਆਨ ਦੇ ਨਾਲ ਸਿਰਫ ਤੁਸੀਂ ਪੜ੍ਹੋ ਹੀ ਨਾ, ਕਰਨ ਦਾ ਵੀ ਯਤਨ ਕਰੋ। ਕਰਿਆ ਤਾਂ ਜਾਂਦੈ, ਜੇ ਕਰਨ ਵਾਲਿਆਂ ਦੀ ਸੰਗਤ ਪ੍ਰਾਪਤ ਹੋ ਜਾਵੇ। ਮਹਾਂਪੁਰਸ਼ਾਂ ਦੀ ਜਿਹੜੇ ਅੰਮ੍ਰਿਤ ਵੇਲੇ ਜਾਗਦੇ ਨੇ, ਭਜਨ ਕਰਦੇ ਨੇ, ਨਾਮ ਜਪਦੇ ਨੇ। ਉਹਨਾਂ ਦੇ ਕੋਲ ਆਉਣ ਦੇ ਨਾਲ ਹੀ ਐਸਾ ਪ੍ਰਭਾਵ ਪੈਂਦੈ –

*ਆਵੈ ਸਾਹਿਬੁ ਚਿਤਿ ਤੇਰਿਆ ਭਗਤਾ ਡਿਠਿਆ ॥*
*ਅੰਗ– ੫੨੦*

ਸੋ ਸਾਧਸੰਗਤ ਜੀ! ਮੈਂ ਤਾਂ ਇਕ ਬੇਨਤੀ ਹੀ ਕਰਨੀ ਹੈ ਕਿ ਬਹੁਤ ਸਮਾਂ ਹੋ ਗਿਆ ਸਤਿਸੰਗ ਕਰਦਿਆਂ ਨੂੰ, ਲੰਘ ਜਾਓ, ਜੇ ਹੁਣ ਖੁੰਝ ਗਏ, ਫੇਰ ਨਹੀਂ ਪਤਾ ਕਿ ਕੀ ਬਣੇ ਕੀ ਨਾ ਬਣੇ? ਗੱਲ ਨਿੱਕੀ ਜਿਹੀ ਹੈ। ਇਕੋ ਹੀ ਗੱਲ ਹੈ –

*ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ॥*
*ਅੰਗ – ੪੬੭*

ਜੇ ਤਾਂ ਇਹ ਹੋ ਗਿਆ, ਦ੍ਰਿੜ੍ਹ ਵਿਸ਼ਵਾਸ਼ ਹੋ ਗਿਆ, ਕਿ ਇਥੇ ਪ੍ਰਮੇਸ਼ਰ ਸਤਿ ਹੈ, ਕਿਸੇ ਝੂਠ ਗੱਲ 'ਤੇ ਤਾਂ ਨਹੀਂ ਲਾਉਂਦੇ। ਪਰ ਤੂੰ ਸੱਚੀ ਗੱਲ ਨੂੰ ਵੀ ਨਹੀਂ ਮੰਨਦਾ ਕਿ ਪ੍ਰਮੇਸ਼ਰ ਆਪ ਹੀ ਆਪਣੀ ਮੌਜ ਵਿਚ ਖੇਲ੍ਹ ਰਿਹੈ। ਨਹੀਂ ਮੰਨਣੀ ਤਾਂ ਫੇਰ ਗੇੜੇ ਖਾਈ ਜਾਹ। ਜੰਮਦਾ ਰਹੇਂਗਾ, ਮਰਦਾ ਰਹੇਂਗਾ, ਕਦੇ ਤਾਂ ਫੇਰ ਤੈਨੂੰ ਸੰਗਤ ਮਿਲ ਹੀ ਜਾਣੀ ਹੈ –

*ਕਬਹੂ ਸਾਧਸੰਗਤਿ ਇਹੁ ਪਾਵੈ ॥*
*ਉਸੁ ਅਸਥਾਨ ਤੇ ਬਹੁਰਿ ਨ ਆਵੈ ॥*
*ਅੰਤਰਿ ਹੋਇ ਗਿਆਨ ਪਰਗਾਸੁ ॥*
*ਉਸੁ ਅਸਥਾਨ ਕਾ ਨਹੀ ਬਿਨਾਸੁ ॥*
*ਮਨ ਤਨ ਨਾਮਿ ਰਤੇ ਇਕ ਰੰਗਿ ॥*
*ਸਦਾ ਬਸਹਿ ਪਾਰਬ੍ਰਹਮ ਕੈ ਸੰਗਿ ॥*
*ਜਿਉ ਜਲ ਮਹਿ ਜਲੁ ਆਇ ਖਟਾਨਾ ॥*
*ਤਿਉ ਜੋਤੀ ਸੰਗਿ ਜੋਤਿ ਸਮਾਨਾ ॥*
*ਮਿਟਿ ਗਏ ਗਵਨ ਪਾਏ ਬਿਸ੍ਰਾਮ ॥*
*ਨਾਨਕ ਪ੍ਰਭ ਕੈ ਸਦ ਕੁਰਬਾਨ ॥* *ਅੰਗ– ੨੭੮*

ਸੋ ਇਸ ਅਵਸਥਾ ਨੂੰ ਪਹੁੰਚੋ। ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ। ਇਥੇ ਹੀ ਸਮਾਪਤੀ ਹੈ।

***ਗੁਰਸਤੋਤਰ, ਅਨੰਦ ਸਾਹਿਬ, ਅਰਦਾਸ, ਹੁਕਮਨਾਮਾ***

# ਭਾਈ ਜਮਾਲ ਜੀ ਨੂੰ ਗੁਰੂ ਹਰਿਗੋਬਿੰਦ ਸਾਹਿਬ ਜੀ ਪਾਸੋਂ ਅਨੁਭਵੀ ਮਾਰਗ ਦਰਸ਼ਨ

*ਸੰਤ ਵਰਿਆਮ ਸਿੰਘ ਜੀ,*
*ਬਾਨੀ ਵਿ. ਗੁ. ਰੂ. ਮਿਸ਼ਨ।*

***(ਲੜੀ ਜੋੜਨ ਲਈ ਦੇਖੋ, ਮਈ ਅੰਕ, ਪੰਨਾ-28)***

ਮਸਤੂਆਣੇ ਵਾਲੇ ਮਹਾਂਪੁਰਸ਼ ਬਾਬਾ ਅਤਰ ਸਿੰਘ ਜੀ, ਆਪ ਦੇ ਮਨ ਵਿਚ ਬੜਾ ਵੈਰਾਗ ਪੈਦਾ ਹੋਇਆ ਕਿ ਅਖੰਡ ਜਾਪ ਕਰੀਏ। ਹਜ਼ੂਰ ਸਾਹਿਬ ਗਏ ਹੋਏ ਨੇ। ਸਵਾ ਲੱਖ ਜਪੁਜੀ ਸਾਹਿਬ ਦਾ ਪਾਠ ਆਪ ਨੇ ਉਥੇ ਬੈਠ ਕੇ ਕੀਤਾ। ਉਸ ਤੋਂ ਬਾਅਦ ਅਖੰਡ ਜਾਪ ਕਰਨ ਵਾਸਤੇ ਆਪ ਦਰਿਆ ਗੋਦਾਵਰੀ ਦੇ ਅੰਦਰ ਚਾਰ ਮੀਲ ਜਾ ਕੇ ਬੈਠ ਜਾਂਦੇ ਨੇ। ਪਹਿਲਾ ਦਿਨ ਲੰਘ ਗਿਆ, ਦੂਸਰਾ ਦਿਨ ਲੰਘ ਗਿਆ।

ਦੂਸਰੇ ਦਿਨ ਉਥੇ ਦੇ ਹੈੱਡ ਗ੍ਰੰਥੀ ਨੂੰ ਸੁਪਨੇ 'ਚ ਮਹਾਰਾਜ ਕਹਿੰਦੇ ਕਿ ਸਾਡਾ ਪ੍ਰੇਮੀ ਬੈਠਾ ਹੈ। ਜਾਹ, ਪ੍ਰਸ਼ਾਦਾ ਦੇ ਕੇ ਆ। ਉਸਨੇ ਗੋਲਿਆ ਨਾ। ਤੀਸਰਾ ਦਿਨ ਆਇਆ, ਫੇਰ ਆ ਗਈ ਆਵਾਜ਼। ਉੱਠ ਕੇ ਘਰਵਾਲੀ ਨੂੰ ਕਿਹਾ ਕਿ ਕੱਲ੍ਹ ਵੀ ਮੈਨੂੰ ਸੁਪਨਾ ਆਇਆ ਸੀ, ਅੱਜ ਵੀ ਆਇਆ ਸੀ। ਐਵੇਂ ਆ ਗਿਆ ਤੈਨੂੰ ਸੁਪਨਾ, ਇਥੇ ਸਿੱਖ ਆਉਂਦੇ ਹੀ ਨੇ, ਤੁਹਾਨੂੰ ਇਹੋ ਜਿਹੇ ਹੀ ਸੁਪਨੇ ਆਉਣੇ ਨੇ, ਹੋਰ ਕਿਹੜਾ ਆਉਣਾ ਹੈ।

ਚੌਥਾ ਦਿਨ ਆ ਗਿਆ, ਫੇਰ ਆਵਾਜ਼ ਆਈ ਕਿ ਜਾਹ, ਪ੍ਰਸ਼ਾਦਾ ਦੇ ਕੇ ਆ। ਪ੍ਰਸ਼ਾਦਾ ਲੈ ਕੇ ਤੁਰਦਾ ਹੈ। ਫੇਰ ਮਨ 'ਚ ਆਉਂਦਾ ਹੈ ਕਿ ਐਵੇਂ ਹੀ ਸੁਪਨੇ ਦੇ ਉਤੇ ਮੈਂ ਵਿਸ਼ਵਾਸ਼ ਕਰੀ ਜਾਂਦਾ ਹਾਂ। ਇਹ ਤਾਂ ਅਧਿਆਸ ਹੁੰਦਾ ਹੈ, ਕੋਈ ਗੱਲ ਮਨ ਦੇ ਅੰਦਰ ਆ ਗਈ ਡੂੰਘੀ, ਉਹ ਹੁਣ ਆਈ ਜਾਂਦਾ ਹੈ ਮੈਨੂੰ। ਨੇੜਿਓਂ ਹੀ ਮੁੜ ਆਇਆ। ਪੰਜਵਾਂ ਦਿਨ ਹੋ ਗਿਆ, ਕਹਿੰਦੇ ਪ੍ਰੇਮੀਆਂ! ਤੈਨੂੰ ਅਸੀਂ ਰੋਜ਼ ਕਹਿੰਦੇ ਹਾਂ, ਚਾਰ ਮੀਲ ਦੇ ਉੱਤੇ ਬੈਠੇ ਹਾਂ। ਫੇਰ ਜਾਂਦਾ ਹੈ, ਨੇੜੇ ਤੋਂ ਫੇਰ ਮੁੜ ਆਇਆ। ਫੇਰ ਤਾੜਨਾ ਹੋਈ ਛੇਵੇਂ ਦਿਨ, ਚਾਰ ਮੀਲ 'ਤੇ ਚਲਿਆ ਗਿਆ, ਮਹਾਂਪੁਰਸ਼ ਉਥੋਂ ਚਾਰ ਮੀਲ ਹੋਰ ਅੱਗੇ ਚਲੇ ਗਏ। ਫੇਰ ਆਇਆ ਸੁਪਨਾ ਕਿ ਉਹ ਚਾਰ ਮੀਲ ਅੱਗੇ ਚਲੇ ਗਏ ਨੇ। ਜਦੋਂ ਸੱਤਵੇਂ ਦਿਨ ਉਸ ਥਾਂ 'ਤੇ ਪਹੁੰਚਦਾ ਹੈ, ਕੀ ਦੇਖਦਾ ਹੈ ਕਿ ਦਰਿਆ ਵਿਚ ਬੈਠੇ ਨੇ। ਅਖੰਡ ਸਮਾਧੀ ਲੱਗੀ ਹੋਈ ਹੈ, ਗਲ-ਗਲ ਪਾਣੀ ਦੇ ਵਿਚ ਚੌਂਕੜਾ ਮਾਰਿਆ ਹੋਇਆ ਹੈ। ਜਾ ਕੇ ਆਵਾਜ਼ ਦਿਤੀ, ਸਾਰੀ ਵਿਥਿਆ ਦੱਸੀ ਮਹਾਂਪੁਰਸ਼ਾਂ ਨੂੰ।

ਸੋ ਦੇਣ ਵਾਲਾ ਤਾਂ ਪ੍ਰਮੇਸ਼ਵਰ ਹੈ ਸਾਧਸੰਗਤ ਜੀ! ਬੇਅੰਤ ਮਹਾਤਮਾ ਸਾਰਿਆਂ ਨੇ ਅਜਮਾ-ਅਜਮਾ ਕੇ ਦੇਖਿਆ ਹੋਇਆ ਹੈ। ਬਾਣੀ ਕੋਈ ਐਸੀ ਨਹੀਂ, ਅਗਰ-ਮਗਰ ਨਹੀਂ ਇਹਦੇ 'ਚ ਹੁੰਦਾ। ਇਹ ਬਿਲਕੁਲ ਗਲਤ ਹੈ, ਅਸੀਂ ਬੇਵਿਸ਼ਵਾਸ਼ੇ ਹੋ ਜਾਂਦੇ ਹਾਂ। ਜਦੋਂ ਬਾਣੀ ਦੇ ਅਰਥ ਅਸੀਂ ਅਗਰ-ਮਗਰ ਕਰਕੇ ਕਰਦੇ ਹਾਂ, ਮਤਲਬ ਆਹ ਹੈ, ਆਹ ਮਤਲਬ ਹੈ, ਮਤਲਬ ਕੋਈ ਨਹੀਂ, ਜੋ ਕੁਛ ਲਿਖਿਆ ਹੋਇਆ ਹੈ, ਉਹਦਾ ਅਰਥ ਸਹੀ ਹੀ ਹੈ। ਉਹਨੂੰ ਮੰਨਣਾ ਹੈ ਅਸੀਂ, ਕਮਾਉਣਾ ਹੈ। ਜਿੰਨਾਂ ਚਿਰ ਅਸੀਂ ਕਮਾਉਂਦੇ ਨਹੀਂ ਹਾਂ, ਅਸੀਂ ਲੰਘ ਨਹੀਂ ਸਕਦੇ।

ਸੋ ਮੈਂ ਬੇਨਤੀ ਕਰਦਾ ਸੀ ਕਿ ਜਮਾਲ ਨੂੰ ਗੁਰੂ ਛੇਵੇਂ ਪਾਤਸ਼ਾਹ ਮਹਾਰਾਜ ਫੁਰਮਾਨ ਲੱਗੇ ਕਿ ਪਿਆਰਿਆ! ਪਹਿਲਾਂ ਤੂੰ ਆਪਣੇ ਆਪ ਨੂੰ ਸਮਝਣ ਦਾ ਯਤਨ ਕਰ ਕਿ ਤੂੰ ਕੌਣ ਹੈਂ। ਦੇਖ ਇਹ ਸਰੀਰ ਪੰਜਾਂ ਤੱਤਾਂ ਦਾ ਬਣਿਆ ਹੋਇਆ ਹੈ। ਦੋ ਤਰ੍ਹਾਂ ਦੇ ਖਿਆਲਾਂ ਵਾਲੇ ਬੰਦੇ ਨੇ ਇੱਕ ਤਾਂ ਨਾਸਤਕ ਬਿਰਤੀਆਂ ਵਾਲੇ ਨੇ, ਅਸੀਂ ਉਨ੍ਹਾਂ 'ਚੋਂ ਆਉਂਦੇ ਹਾਂ, ਨਾਸਤਕ ਬਿਰਤੀਆਂ 'ਚ। ਇੱਕ ਹੈਗੇ ਆਤਮਵਾਦੀ। ਜਿਹੜੇ ਭੌਤਕ ਬਿਰਤੀ ਦੇ ਬੰਦੇ ਨੇ, ਭੌਤਕਵਾਦੀ ਉਨ੍ਹਾਂ ਨੂੰ ਕਹਿੰਦੇ ਨੇ, ਉਹਦੇ 'ਚ ਚਾਰ ਵਾਰ ਇਹ ਛੇ ਸੰਪਰਦਾਵਾਂ ਸੀ ਭਾਰਤ ਵਰਸ਼ ਵਿਚ। ਚਾਲਵਾਕ ਵਗੈਰਾ। ਇਹ ਕਹਿੰਦੇ ਸੀ ਕਿ ਰੱਬ ਕੋਈ ਚੀਜ਼ ਨਹੀਂ। ਘਾਹ, ਘਾਹ ਤੋਂ ਪੈਦਾ ਹੁੰਦਾ ਹੈ, ਜਾਨਵਰ, ਜਾਨਵਰ ਤੋਂ ਪੈਦਾ ਹੁੰਦੇ ਨੇ। ਨਾ ਕੋਈ ਨਰਕ ਹੈ, ਨਾ ਕੋਈ ਸਵਰਗ ਹੈ ਤੇ ਕੱਟਰੂ ਬੱਛਰੂ ਪੈਦਾ ਹੋ ਜਾਂਦਾ ਨੇ। ਇਸੇ ਤਰ੍ਹਾਂ ਬੰਦੇ ਹੋ ਜਾਂਦੇ ਨੇ। ਮਰਨ ਤੋਂ ਬਾਅਦ ਖਤਮ ਹੈ। ਲੇਖਾ ਕੀਹਨੇ ਦੇਣਾ ਹੈ, ਕੀਹਦਾ ਦੇਣਾ ਹੈ।

Eat drink and be merry for we shall have to die.

ਖਾਣ-ਪੀਣ ਦਾ ਤੇ ਵਿਭਚਾਰ ਦਾ ਉਥੋਂ ਜ਼ੋਰ ਚੱਲਿਆ, ਏਸ ਖਿਆਲ ਦੇ ਨਾਲ, ਕਿਉਂਕਿ ਅੱਗੇ ਜਾਣਦੇ ਨਹੀਂ ਸੀ। ਜੇ ਬੰਨ੍ਹੇ ਹੋਏ ਸੀ ਤਾਂ ਕਾਨੂੰਨ ਨਾਲ ਬੰਨ੍ਹੇ ਹੋਏ ਸੀ। ਅੰਦਰੋਂ ਨਹੀਂ ਸੀ ਅੰਦਰੋਂ ਚੋਰੀ ਕਰ ਸਕਦਾ ਸੀ ਆਦਮੀ। ਕਾਨੂੰਨ ਦਾ ਬੰਨਿਆ ਕਿੱਥੇ ਹਟਦਾ ਹੈ ਆਦਮੀ, ਇਹ ਤਾਂ ਧਰਮ ਬੰਨ੍ਹ ਦੇਵੇ ਤਾਂ ਆਦਮੀ ਬੁਰਿਆਈਆਂ ਹੋ ਹਟਦਾ ਹੈ। ਜਿੱਥੇ ਕਾਨੂੰਨ ਦਾ ਹੱਥ ਨਾ ਪਹੁੰਚੇ ਉਥੇ, ਬੁਰਿਆਈ ਕਰ ਲੈਂਦਾ ਹੈ। ਉਸ ਥਾਂ

'ਤੇ ਮਿਲਾਵਟਾਂ ਕਰ ਲਏਗਾ, ਉਥੇ ਹੀ ਇਨਕਮ ਟੈਕਸ ਰੋਕ ਲਏਗਾ। ਗਲਤ ਕੰਮ ਕਰ ਲਏਗਾ ਕਿ ਏਥੇ ਕਾਨੂੰਨ ਨਹੀਂ ਆ ਸਕਦਾ। ਕਾਨੂੰਨ ਦਾ ਬੰਨ੍ਹਿਆ ਕਦੇ ਸਦਾਚਾਰ ਨਹੀਂ ਆਇਆ ਕਰਦਾ। ਸਦਾਚਾਰ ਹਮੇਸ਼ਾ ਪੈਦਾ ਹੁੰਦਾ ਹੈ ਧਰਮ ਤੋਂ। ਇਸੇ ਕਰਕੇ ਕਹਿੰਦੇ ਨੇ ਕਿ ਧਰਮ ਤੋਂ ਬਗੈਰ ਜਿਹੜਾ ਰਾਜ ਹੋਇਆ ਕਰਦਾ ਹੈ। ਉਹ ਐਵੇਂ ਹੁੰਦਾ ਹੈ, ਡਕੈਤਾਂ ਦਾ ਇਕੱਠੇ ਹੋ ਕੇ ਰਾਜ ਕਰਨਾ। ਕਿਉਂਕਿ ਉਨ੍ਹਾਂ ਦੇ ਅੰਦਰ ਧਰਮ ਦੀ ਕਿਰਿਆ ਨਾ ਹੋਣ ਕਰਕੇ, ਉਨ੍ਹਾਂ ਦਾ ਜੀਵਨ ਜਿਹੜਾ ਹੈ ਉਹ ਅਧੂਰਾ ਤੇ ਆਪ-ਹੁਦਰਾ ਹੋਇਆ ਕਰਦਾ ਹੈ। ਸੋ ਇਹ ਉਨ੍ਹਾਂ ਦਾ ਖਿਆਲ ਹੋਇਆ ਕਰਦਾ ਹੈ।

ਸੋ ਇਸੇ ਤਰ੍ਹਾਂ ਦੇ ਨਾਲ ਮਹਾਤਮਾ ਆਪਣੇ ਬੁੱਧ ਧਰਮ, ਜੈਨ ਧਰਮ, ਨਿਆਏ ਸ਼ਾਸਤਰ, ਵਿਸ਼ੇਸ਼ਕ, ਮੀਮਾਂਸਾ ਇਹ ਸਾਰੇ ਚਾਰ ਤੱਤਵ ਮੰਨਦੇ ਨੇ। ਉਹ ਕਹਿੰਦੇ ਜੀਵ ਕੋਈ ਨਹੀਂ ਹੈ। ਇਹ ਤਾਂ ਅਣੂਆਂ ਦੀ ਆਪਸ ਵਿਚ ਹਿਲਜੁਲ ਹੈ ਜਿਹਦੇ ਨਾਲ, ਇਹਦੇ ਵਿਚ ਚੇਤਨਤਾ ਆ ਜਾਂਦੀ ਹੈ। ਉਨ੍ਹਾਂ ਸਾਰਿਆਂ ਦਾ ਗੁਰੂ ਹੈਗਾ ਸਾਇੰਸ ਅੱਜ ਦੀ, ਇਹ ਕਹਿੰਦੇ ਨੇ ਕਿ ਪਹਿਲਾਂ ਪ੍ਰਮਾਣੂਆਂ ਤੋਂ, ਇਲੈਕਟ੍ਰਾਨ, ਪ੍ਰੋਟਾਨ ਤੇ ਨਿਊਟਰਾਨ ਦੇ ਆਪਸ ਵਿਚ ਲਹਿਰਾਂ ਦੇ ਨਾਲ ਮਗਨੈਟਿਕ ਲਹਿਰਾਂ ਦੇ ਨਾਲ ਜਦੋਂ ਇਹ ਰਲਦੀਆਂ ਨੇ। ਦਿਮਾਗ ਦੇ ਵਿਚ ਜਾਗਰਤਾ ਆ ਜਾਂਦੀ ਹੈ। ਹੈ ਤਾਂ ਗੱਲ ਉਨ੍ਹਾਂ ਦੀ ਠੀਕ, ਲੇਕਿਨ ਲਹਿਰਾਂ ਦਾ ਬਟਨ ਕੌਣ ਦੱਬਦਾ ਹੈ? ਉਹਦੇ ਨਾਲ ਫੇਰ ਜਾਗਰਤਾ ਆ ਕੇ, ਦਿਮਾਗ ਸੋਚਣ, ਸਮਝਣ ਲੱਗ ਜਾਇਆ ਕਰਦਾ ਹੈ। ਜਦੋਂ ਸਬੰਧ ਟੁੱਟ ਜਾਂਦਾ ਹੈ, ਉਦੋਂ ਆਦਮੀ ਮਰ ਜਾਂਦਾ ਹੈ, ਇਹ ਸਾਇੰਸ ਦਾ ਮੱਤ ਹੈ। ਹੁਣ ਕਹਿੰਦੇ ਕਿ ਨਹੀਂ ਇਹ ਐਨਰਜੀ 'ਚੋਂ ਹੋਇਆ ਹੈ ਸਾਰਾ, ਹੁਣ ਕਹਿੰਦੇ ਐਨਰਜੀ ਨੂੰ ਐਕਸ਼ਨ 'ਚ ਕੀਹਨੇ ਲਿਆਂਦਾ। ਕਹਿੰਦੇ, ਵੱਡਾ ਧਮਾਕਾ ਹੋਇਆ ਸੀ। ਧਮਾਕਾ ਕੀਹਨੇ ਕਰ ਦਿਤਾ, ਇੱਥੇ ਜਾ ਕੇ ਰੁਕ ਜਾਂਦੇ ਨੇ। ਜਿਹੜੇ ਆਤਮਵਾਦੀ ਨੇ ਉਹ ਕਹਿੰਦੇ ਕਿ ਪੰਜ ਤੱਤ ਜੜ੍ਹ ਨੇ, ਜੀਵ ਦਾ ਅਸਤਿਤ੍ਵ ਪੰਜਾਂ ਤੱਤਾਂ ਤੋਂ ਵੱਖਰਾ ਹੈ। ਇਹ ਪ੍ਰਮੇਸ਼ਰ ਦੀ ਅੰਸ ਹੈ, ਵਿਛੁੜਿਆ ਹੋਇਆ ਹੈ ਪ੍ਰਮੇਸ਼ਰ ਤੋਂ, ਜੜ੍ਹ ਦੇਹੀ ਦੇ ਵਿਚ ਨਿਵਾਸ ਰੱਖਣ ਕਰਕੇ ਇਹ ਆਪਣੇ ਆਪ ਨੂੰ ਜੀਵ ਕਹਾਉਂਦਾ ਹੈ। ਗੁਰੂ ਮਹਾਰਾਜ ਵੀ ਇਸੇ ਤਰ੍ਹਾਂ ਨਾਲ ਫੁਰਮਾਨ ਕਰਦੇ ਨੇ -

*ਧਾਰਨਾ - ਦੇਹੀ ਦੇ ਵਿਚ ਆਇਆ ਜੀਵ*
*ਬੰਨ੍ਹਿਆਂ ਹੁਕਮ ਦਾ।*

*ਸੰਜੋਗੁ ਵਿਜੋਗੁ ਧੁਰਹੁ ਹੀ ਹੂਆ ॥ ਅੰਗ - ੧੦੦੭*

ਮਹਾਰਾਜ ਕਹਿੰਦੇ, ਮਿਲਣਾ ਤੇ ਵਿਛੁੜਨਾ, ਦਰਗਾਹ ਤੋਂ ਹੀ ਹੁੰਦਾ ਹੈ। ਸੋ ਇਹਦੇ ਨਾਲ -

*ਪੰਚ ਧਾਤੁ ਕਰਿ ਪੁਤਲਾ ਕੀਆ ॥ ਅੰਗ - ੧੦੦੭*

ਪੰਜਾਂ ਤੱਤਾਂ ਨੂੰ ਜੋੜ ਕੇ ਇੱਕ ਪੁਤਲਾ ਬਣਾ ਦਿਤਾ-

*ਸਾਹੈ ਕੈ ਫੁਰਮਾਇਅੜੈ ਜੀ*
*ਦੇਹੀ ਵਿਚਿ ਜੀਉ ਆਇ ਪਇਆ ॥ ਅੰਗ - ੧੦੦੭*

ਵਾਹਿਗੁਰੂ ਦਾ ਹੁਕਮ ਹੋਇਆ। ਉਹਦੇ ਨਾਲ ਇਹ ਜਿਹੜਾ ਜੀਵ ਸੀ ਦੇਹੀ ਵਿਚ ਆ ਕੇ ਇਸ ਨੇ ਨਿਵਾਸ ਕਰਿਆ। ਜਿਹੜੇ ਸਮੈਟਿਕ ਧਰਮ ਨੇ ਉਹ ਵੀ ਇਸੇ ਤਰ੍ਹਾਂ ਨਾਲ ਕਹਿੰਦੇ ਨੇ ਕਿ ਵਾਹਿਗੁਰੂ ਨੇ ਜਦੋਂ ਜੀਵ ਦਾ ਦੇਹੀ ਦੇ ਅੰਦਰ ਪ੍ਰਵੇਸ਼ ਕਰਿਆ। ਤਾਂ ਉਸ ਵੇਲੇ ਇਹ ਬਾਹਰ ਆ ਗਿਆ। ਕਹਿਣ ਲੱਗੇ, ਕੀ ਗੱਲ? ਕਹਿੰਦਾ, ਹਨ੍ਹੇਰਾ ਪਿਆ ਹੈ, ਸੁੰਨ-ਮੁੰਨ ਪਿਆ ਹੈ। ਕਹਿੰਦੇ, ਜਾਹ ਮੈਂ ਆਪਣੀ ਦਰਗਾਹ ਦੇ ਨਾਲ ਜੋੜ ਦਿੰਦਾ ਹਾਂ। ਜਦੋਂ ਅੰਦਰ ਗਿਆ ਤਾਂ ਫੇਰ ਉਥੇ ਮਿਊਜ਼ਿਕ ਵੀ ਹੈ ਤੇ ਪ੍ਰਕਾਸ਼ ਵੀ ਹੈ। ਮਹਾਰਾਜ ਕਹਿੰਦੇ -

*ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ ॥*
*ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ ॥*
*ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ ॥*
*ਅੰਗ - ੯੫੪*

cosmic music (ਬ੍ਰਹਿਮੰਡੀ ਨਾਦ) ਜਿਹਨੂੰ ਆਤਮਕ ਸੰਗੀਤ ਕਹਿੰਦੇ ਨੇ, ਇਹਦੇ ਵਿਚ ਦਿਨ ਰਾਤ ਬਗੈਰ ਵਜਾਏ ਹਰ ਵਕਤ ਲਗਾਤਾਰ ਵੱਜਦਾ ਹੈ -

*ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ ॥*
*ਅੰਗ - ੯੫੪*

ਇਹਦੇ ਅੰਦਰ ਪ੍ਰਕਾਸ਼ ਹੀ ਪ੍ਰਕਾਸ਼ ਹੈ। ਹਨ੍ਹੇਰਾ ਨਹੀਂ ਹੈ। ਜਦੋਂ ਪ੍ਰਕਾਸ਼ ਹੈ ਉਹਦੇ ਵਿਚ ਦਿਸਦਾ ਕੀ ਹੈ? -

*ਸਭ ਮਹਿ ਏਕੁ ਵਰਤਦਾ ਜਿਨਿ ਆਪੇ ਰਚਨ ਰਚਾਈ ॥*
*ਅੰਗ - ੯੫੪*

*ਵਾਹੁ ਵਾਹੁ ਸਚੇ ਪਾਤਿਸਾਹ ਤੂ ਸਚੀ ਨਾਈ ॥ ਅੰਗ - ੯੪੭*

ਸੋ ਵਾਹਿਗੁਰੂ ਦੇ -

*ਸਾਹੈ ਕੈ ਫੁਰਮਾਇਅੜੈ ਜੀ*
*ਦੇਹੀ ਵਿਚਿ ਜੀਉ ਆਇ ਪਇਆ ॥*
*ਜਿਥੈ ਅਗਨਿ ਭਖੈ ਭੜਹਾਰੇ ॥ ਅੰਗ - ੧੦੦੭*

ਕਹਿੰਦੇ, ਭੜ-ਭੜ ਕਰਕੇ ਅੱਗ ਮੱਚਦੀ ਸੀ।

*ਊਰਧ ਮੁਖ ਮਹਾ ਗੁਬਾਰੇ ॥ ਅੰਗ - ੧੦੦੭*

ਪੁੱਠਾ ਮੂੰਹ ਸੀਗਾ, ਮਹਾਂ ਹਨ੍ਹੇਰੇ ਦੇ ਵਿਚ। ਉਥੇ ਫੇਰ -

*ਸਾਸਿ ਸਾਸਿ ਸਮਾਲੇ ਸੋਈ*
*ਓਥੈ ਖਸਮਿ ਛਡਾਇ ਲਇਆ ॥ ਅੰਗ - ੧੦੦੭*

ਹਰ ਸਵਾਸ ਵਿਚ ਵਾਹਿਗੁਰੂ ਵਸਦਾ ਸੀ। ਜਦੋਂ ਵਾਹਿਗੁਰੂ ਨੂੰ ਯਾਦ ਕਰਦਾ ਸੀ, ਵਾਹਿਗੁਰੂ ਨੇ ਉਹਨੂੰ ਛੁਡਾ ਲਿਆ।

*ਵਿਚਹੁ ਗਰਭੈ ਨਿਕਲਿ ਆਇਆ ॥*
*ਖਸਮੁ ਵਿਸਾਰਿ ਦੁਨੀ ਚਿਤੁ ਲਾਇਆ ॥   ਅੰਗ - ੧੦੦੭*

ਕਹਿੰਦੇ, ਉਥੋਂ ਤਾਂ ਆ ਗਿਆ। ਹੁਣ ਹੋਇਆ ਕੀ? ਜਿਹਨੇ ਰੱਖਿਆ ਸੀ, ਉਹਨੂੰ ਭੁੱਲ ਗਿਆ। ਇਹ ਤਾਂ ਸਾਡੀ ਪ੍ਰਾਕ੍ਰਿਤੀ ਹੈ ਪੱਕੀ। ਕਿੰਨਾ ਹੀ ਉਪਕਾਰ ਕਰ ਲਓ। ਵਾਹਿਗੁਰੂ ਨਾਲੋਂ ਤਾਂ ਕਿਸੇ ਨੇ ਨਹੀਂ ਉਪਕਾਰ ਵੱਡਾ ਕਰਨਾ, ਗੁਰੂ ਨਾਲੋਂ ਕਿਸੇ ਨੇ ਨਹੀਂ ਵੱਡਾ ਉਪਕਾਰ ਕਰਨਾ, ਬਾਣੀ ਨਾਲੋਂ ਵੱਡਾ ਉਪਕਾਰ ਕਿਸੇ ਨੇ ਨਹੀਂ ਕਰਨਾ। ਲੇਕਿਨ ਸਾਡਾ ਕੀ ਹੈ, ਦੁਨੀਆਂਦਾਰੀ ਦੇ ਵਿਚ ਵੀ ਕੋਈ ਆਦਮੀ ਕਿਸੇ ਦੇ ਉਤੇ ਅਹਿਸਾਨ ਕਰੇ, ਕੋਈ ਭਲਾ ਕਰੇ, ਉਦੋਂ ਮੁੱਕਰ ਜਾਣਾ ਤੇ ਅਹਿਸਾਨ ਫਰਾਮੋਸ਼ ਹੋ ਜਾਣਾ, ਇਹ ਸਾਡੀ ਪ੍ਰਾਕ੍ਰਿਤੀ ਦੇ ਵਿਚ ਪ੍ਰਮੇਸ਼ਰ ਦਾ ਹੀ ਸ਼ਾਮਲ ਕੀਤਾ ਹੋਇਆ ਹੈ -

*ਧਾਰਨਾ - ਲਾ ਲਿਆ ਗਾਫਲਾ, ਚਿੱਤ ਨਾਲ ਦੁਨੀਆਂ ਦਾ।*

ਭੁੱਲ ਗਿਆ ਉਸਨੂੰ ਜਿਹਨੇ ਰੱਖਿਆ ਸੀ -

*ਆਵੈ ਜਾਇ ਭਵਾਈਐ*
*ਜੋਨੀ ਰਹਣੁ ਨ ਕਿਤਹੀ ਥਾਇ ਭਇਆ ॥ ਅੰਗ - ੧੦੦੭*

ਹੁਣ ਨਤੀਜਾ ਕੀ ਹੋਇਆ? ਜੰਮੀ ਜਾਹ, ਮਰੀ ਜਾਹ।

ਸੋ ਮਹਾਰਾਜ ਕਹਿੰਦੇ, ਇਸ ਤਰ੍ਹਾਂ ਦੇ ਨਾਲ ਪ੍ਰੇਮੀਆਂ! ਆਹ ਦੇਹੀ ਦੇ ਵਿਚ ਹੁਕਮ ਦੇ ਨਾਲ ਪ੍ਰਮੇਸ਼ਰ ਦੀ ਅੰਸ ਆ ਕੇ ਨਿਵਾਸ ਕਰਦੀ ਹੈ, ਉਹਨੂੰ ਜੀਵ ਕਹਿੰਦੇ ਨੇ। ਫਿਲਹਾਲ ਤੂੰ ਇਹ ਮੰਨ ਲੈ ਕਿ ਮੈਂ ਜੀਵ ਹਾਂ, ਮੈਂ ਸਰੀਰ ਨਹੀਂ ਹੈਗਾ। ਇਸ ਗੱਲ ਨੂੰ ਬੁੱਝਣ ਦਾ ਯਤਨ ਕਰ ਤੇ ਸਰੀਰ ਨੇ ਤਾਂ ਇੱਥੇ ਰਹਿਣਾ ਨਹੀਂ -

*ਸੁਨਹੁ ਰੇ ਤੂ ਕਉਨੁ ਕਹਾ ਤੇ ਆਇਓ ॥*
*ਏਤੀ ਨ ਜਾਨਉ ਕੇਤੀਕ ਮੁਦਤਿ ਚਲਤੇ ਖਬਰਿ ਨ ਪਾਇਓ ॥*
*ਅੰਗ - ੯੯੯*

ਸੁਣ ਕਹਿੰਦੇ ਤੂੰ ਕੌਣ ਹੈਂ, ਕਿੱਥੋਂ ਤੂੰ ਆਇਆ ਹੈ? ਪਤਾ ਲਗਦਾ ਹੈ ਸਾਨੂੰ, ਪਹਿਲਾਂ ਅਸੀਂ ਸੋਚਦੇ ਹੀ ਨਹੀਂ ਕਿ ਕਿੱਥੋਂ ਆਏ ਹਾਂ। ਕਿੰਨਾਂ ਚਿਰ ਹੋ ਗਿਆ, ਕਿਤੇ ਜਾ ਕੇ ਸਾਡਾ ਟਿਕਾਣਾ ਹੈ ਵੀ ਕਿ ਨਹੀਂ। ਐਨੇ ਗਾਫਲ ਹੋਏ ਹਾਂ, ਇੰਨੇ ਕਮਲੇ ਹੋਏ ਹਾਂ, ਇੰਨੇ ਪਾਗਲਪਣ 'ਚ ਚਲੇ ਗਏ, ਕਦੇ ਸਾਨੂੰ ਵਿਹਲ ਹੀ ਨਹੀਂ ਹੈ ਇਸ ਗੱਲ ਨੂੰ ਸੁਣਨ ਦਾ। ਉਸ ਤਰ੍ਹਾਂ ਅਸੀਂ ਦੁਨੀਆਂ ਦੇ ਵੱਡੇ ਸਿਆਣੇ ਹਾਂ। ਵੱਡੇ ਅਕਲ ਵਾਲੇ ਬਣਦੇ ਹਾਂ, ਫੈਸਲੇ ਅਸੀਂ ਕਰਾਉਣ ਵਾਲੇ, ਗੱਲਾਂ ਅਸੀਂ ਦੱਸਣ ਵਾਲੇ। ਵੱਡੀਆਂ-ਵੱਡੀਆਂ ਫਿਲਾਸਫੀਆਂ ਅਸੀਂ ਦੱਸਣ ਵਾਲੇ ਤੇ ਸਾਨੂੰ ਇਸੇ ਗੱਲ ਦਾ ਨਹੀਂ ਪਤਾ ਲਗਦਾ। ਅਸੀਂ ਆਏ ਕਿੱਥੋਂ, ਮਹਾਰਾਜ ਜੀ ਆਪ ਹੀ ਦੱਸ ਦਿਓ -

*ਧਾਰਨਾ - ਕੇਤੇ ਨਾਗ ਕੁਲੀ ਮਹਿ ਆਏ,*
*ਕੇਤੇ ਪੰਖ ਉਡਾਏ ਨੇ।*

*ਕੇਤੇ ਰੁਖ ਬਿਰਖ ਹਮ ਚੀਨੇ ਕੇਤੇ ਪਸੂ ਉਪਾਏ ॥*
*ਕੇਤੇ ਨਾਗ ਕੁਲੀ ਮਹਿ ਆਏ ਕੇਤੇ ਪੰਖ ਉਡਾਏ ॥*
*ਅੰਗ - ੧੫੬*

*ਕਈ ਜਨਮ ਭਏ ਕੀਟ ਪਤੰਗਾ ॥*
*ਕਈ ਜਨਮ ਗਜ ਮੀਨ ਕੁਰੰਗਾ ॥*
*ਕਈ ਜਨਮ ਪੰਖੀ ਸਰਪ ਹੋਇਓ ॥*
*ਕਈ ਜਨਮ ਹੈਵਰ ਬ੍ਰਿਖ ਜੋਇਓ ॥ ੧ ॥*
*ਮਿਲੁ ਜਗਦੀਸ ਮਿਲਨ ਕੀ ਬਰੀਆ ॥*
*ਚਿਰੰਕਾਲ ਇਹ ਦੇਹ ਸੰਜਰੀਆ ॥ ੧ ॥ ਰਹਾਉ ॥*
*ਅੰਗ - ੧੭੬*

ਮਹਾਰਾਜ ਕਹਿੰਦੇ, ਤੇਰਾ ਆਹ ਸਫਰ ਹੈ ਭਾਈ। 'ਸੁਨਹੁ ਰੇ ਤੂ ਕਉਨੁ ਕਹਾ ਤੇ ਆਇਓ ॥' ਮੰਨਦੇ ਹਾਂ ਅਸੀਂ ਏਸ ਚੀਜ਼ ਨੂੰ? ਅਸੀਂ ਤਾਂ ਇਹ ਸਮਝਦੇ ਹਾਂ ਕਿ ਮੁੱਢ ਤੋਂ ਹੀ ਮੈਂ ਮਨੁੱਖ ਬਣਦਾ ਆ ਰਿਹਾ ਹਾਂ ਤੇ ਮਨੁੱਖ ਹੀ ਬਣੀ ਜਾਣਾ ਹੈ।' ਏਤੀ ਨ ਜਾਨਉ ਕੇਤੀਕ ਮੁਦਤਿ ਚਲਤੇ ਖਬਰਿ ਨ ਪਾਇਓ ॥' ਤੈਨੂੰ ਹੈ ਕੋਈ ਪਤਾ? ਕਿਤੇ ਪੱਥਰ ਬਣਿਆ, ਕਿਤੇ ਗਰਭ ਦੇ ਵਿਚ ਹੀ ਫਿਰਦੇ ਰਹੇ, ਜੂਨਾਂ ਦੇ ਵਿਚ ਫਿਰਦੇ ਹਾਂ -

*ਕਈ ਜਨਮ ਸੈਲ ਗਿਰਿ ਕਰਿਆ ॥*
*ਕਈ ਜਨਮ ਗਰਭ ਹਿਰਿ ਖਰਿਆ ॥*
*ਕਈ ਜਨਮ ਸਾਖ ਕਰਿ ਉਪਾਇਆ ॥*
*ਲਖ ਚਉਰਾਸੀਹ ਜੋਨਿ ਭ੍ਰਮਾਇਆ ॥   ਅੰਗ - ੧੭੬*

ਜੂਨਾਂ ਦੇ ਵਿਚ ਘੁੰਮਦੇ ਫਿਰਦੇ ਹਾਂ ਤੇ ਹੁਣ ਕੀ ਹੈ ਤੂੰ? ਹੁਣ ਤੈਨੂੰ ਮਨੁੱਖ ਕਹਿੰਦੇ ਨੇ -

*ਧਾਰਨਾ - ਤੇਰਾ ਰੱਖਿਆ ਮਾਨਸ ਨਾਉਂ,*
*ਪੁਤਲਾ ਹੈ ਤੂੰ ਖਾਕ ਦਾ।*

*ਕਬੀਰ ਮਾਟੀ ਕੇ ਹਮ ਪੂਤਰੇ ਮਾਨਸੁ ਰਾਖਿਓ ਨਾਉ ॥*
*ਚਾਰਿ ਦਿਵਸ ਕੇ ਪਾਹੁਨੇ ਬਡ ਬਡ ਰੂੰਧਹਿ ਠਾਉ ॥*
*ਅੰਗ - ੧੩੬੭*

ਮਿੱਟੀ ਦੇ ਪੁਤਲਿਆਂ ਦਾ ਨਾਮ ਮਨੁੱਖ ਰੱਖ ਦਿਤਾ। ਇਹ ਮਨੁੱਖ ਫੇਰ ਅੱਗੇ ਵਧ ਗਿਆ। ਸਰਦਾਰ ਬਹਾਦਰ, ਫਲਾਣਾ, ਢਿਮਕਾ; ਪਤਾ ਹੀ ਨਹੀਂ ਕਿੰਨੀਆਂ ਕੁ ਉਪਾਧੀਆਂ ਹੋਰ ਨਾਲ ਲਈਆਂ। ਚਾਰ ਦਿਨ ਦਾ ਪ੍ਰਾਹੁਣਾ ਆਇਆ ਸੀ ਸੰਸਾਰ ਦੇ ਉੱਤੇ ਤੇ ਇਥੇ ਬੜੇ ਹੀ ਝਗੜੇ ਝਾਟੇ, ਲੜਾਈਆਂ, ਪਤਾ ਨਹੀਂ ਕੀ-ਕੀ ਕਰਦਾ ਹੈ। ਇਹਦੇ ਨਾਲੋਂ ਕਮਲਾ ਕੌਣ ਹੋਏਗਾ।

ਸੋ ਮਹਾਰਾਜ ਕਹਿਣ ਲੱਗੇ, ਜਮਾਲ! ਇਸ ਤਰ੍ਹਾਂ ਦੇ ਨਾਲ ਸਰੀਰ ਦੀ ਬਣਤਰ ਹੈ। ਇਹਦੇ ਵਿਚ ਪ੍ਰਮੇਸ਼ਰ ਨੇ ਆਪਣੀ ਜੋਤ ਪਾ ਦਿਤੀ। ਹੈ ਤਾਂ ਤੂੰ ਜੋਤ ਪ੍ਰਮੇਸ਼ਰ ਦੀ। ਸਰੀਰ ਨਹੀਂ ਹੈਂ, ਸਰੀਰ ਤਾਂ ਪੰਜਾਂ ਤੱਤਾਂ ਦਾ ਹੈ। ਤੇਰਾ ਅਸਲਾ ਜੋਤ ਹੈ ਲੇਕਿਨ ਇਹਦੇ ਵਿਚ ਪ੍ਰਮੇਸ਼ਰ ਨਾਲੋਂ ਅੱਡ ਹੋ ਗਿਆ। ਕਹਿਣ ਲੱਗਿਆ, ਸੱਚੇ ਪਾਤਸ਼ਾਹ! ਜਦੋਂ ਮੈਂ ਵਾਹਿਗੁਰੂ ਦੇ ਨਾਲ ਜੁੜਿਆ ਹੋਇਆ ਸੀ, ਫੇਰ

ਮੈਂ ਅੱਡ ਕਿਵੇਂ ਹੋ ਗਿਆ। ਮੈਨੂੰ ਫੇਰ ਪ੍ਰਮੇਸ਼ਰ ਭੁੱਲ ਕਿਵੇਂ ਗਿਆ ਕਿਉਂਕਿ ਮੇਰੇ ਵਿਚ ਵੀ ਓਹੀ ਸ਼ਕਤੀਆਂ ਨੇ ਜਿਹੜੀਆਂ ਵਾਹਿਗੁਰੂ ਵਿਚ ਨੇ। ਜੇ ਮੈਂ ਉਹਦੀ ਜੋਤ ਹਾਂ, ਉਹਦਾ ਪੁੱਤਰ ਹਾਂ ਤਾਂ ਸ਼ਕਤੀਆਂ ਤਾਂ ਮੇਰੇ ਵਿਚ ਵੀ ਓਹੀ ਚਾਹੀਦੀਆਂ ਨੇ ਤੇ ਪ੍ਰਮੇਸ਼ਰ ਦੇ ਉਤੇ ਮਾਇਆ ਹੈ ਨਹੀਂ ਤੇ ਮੇਰੇ ਉੱਤੇ ਮਾਇਆ ਕਿਵੇਂ ਪੈ ਗਈ?

ਮਹਾਰਾਜ ਕਹਿਣ ਲੱਗੇ, ਜਮਾਲ! ਜਿਹਨੇ ਇਹ ਸਰੀਰ ਬਣਾਇਆ ਹੈ। ਉਹਨੇ ਨਾਲ ਹੀ ਹੰਕਾਰ ਦਾ ਜਜ਼ਬਾ ਇਹਦੇ ਵਿਚ ਪਾ ਦਿਤਾ, ਸਰੀਰ 'ਚ, ਪ੍ਰਾਕ੍ਰਿਤੀ 'ਚ। ਉਹ ਜਿਸ ਵਕਤ ਜੋਤ ਨੇ ਆ ਕੇ ਇਹਦੇ ਵਿਚ ਪ੍ਰਕਾਸ਼ ਕਰਿਆ, ਇਹਦੇ ਵਿਚ ਜਾਗਰਤ ਆਈ ਇਹਦੇ ਵਿਚ, ਉਸ ਵੇਲੇ ਉਹਨੂੰ ਤਾਂ ਭੁੱਲ ਗਈ, ਉਸ ਵੇਲੇ ਹੰਕਾਰ ਦੇ ਘੇਰੇ ਵਿਚ ਹੋ ਕੇ ਉਹਨੇ ਆਪਣਾ ਵੱਖਰਾ ਵਿਅਕਤੀਤ੍ਵ ਬਣਾ ਲਿਆ, ਵੱਖਰੀ ਹਸਤੀ ਬਣਾ ਲਈ ਤੇ ਇਹਦੇ ਵਿਚ ਹਉਮੈ ਪਾ ਦਿਤੀ -

*ਜਿਨਿ ਰਚਿ ਰਚਿਆ ਪੁਰਖਿ ਬਿਧਾਤੈ ਨਾਲੇ ਹਉਮੈ ਪਾਈ ॥*
*ਜਨਮ ਮਰਣੁ ਉਸ ਹੀ ਕਉ ਹੈ ਰੇ ਓਹਾ ਆਵੈ ਜਾਈ ॥*
*ਅੰਗ - ੯੯੯*

ਹੁਣ ਮਹਾਰਾਜ ਨੇ ਸਾਫ ਕਰ ਦਿਤੀ ਗੱਲ ਕਿ ਉਹ ਜੋਤ ਨਹੀਂ ਜੰਮਦੀ ਮਰਦੀ। ਉਹ ਜਿਹੜੀ ਹਉਮੈ ਦੇ ਵਿਚ ਜਾਗਰਤਾ ਹੈ, ਉਹ ਜੀਵ ਕਹਾਉਣ ਲੱਗ ਗਈ। ਉਹ ਜੀਵ ਜੰਮਦਾ ਮਰਦਾ ਤੁਰਿਆ ਫਿਰਦਾ ਹੈ। ਇੱਥੇ ਹੈ ਕੌਣ? ਇਕੱਲਾ ਨਿਰੰਕਾਰ ਆਪੇ ਹੀ, ਕੋਈ ਹੋਰ ਚੀਜ਼ ਨਹੀਂ। -

*ਬਾਜੀਗਰਿ ਜੈਸੇ ਬਾਜੀ ਪਾਈ ॥*
*ਨਾਨਾ ਰੂਪ ਭੇਖ ਦਿਖਲਾਈ ॥*
*ਸਾਂਗੁ ਉਤਾਰਿ ਥੰਮ੍ਹਿਓ ਪਾਸਾਰਾ ॥*
*ਤਬ ਏਕੋ ਏਕੰਕਾਰਾ ॥* *ਅੰਗ - ੭੩੬*
*ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ॥*
*ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰ ਏਕ॥ ਜਾਪੁ ਸਾਹਿਬ*

ਖੇਲ੍ਹ ਹੋ ਰਹੀ ਹੈ ਕਹਿੰਦੇ।

*ਬਰਨੁ ਚਿਹਨੁ ਨਾਹੀ ਕਿਛੁ ਰਚਨਾ*
*ਮਿਥਿਆ ਸਗਲ ਪਸਾਰਾ ॥*
*ਭਨਤਿ ਨਾਨਕੁ ਜਬ ਖੇਲੁ ਉਝਾਰੈ ਤਬ ਏਕੈ ਏਕੰਕਾਰਾ ॥*
*ਅੰਗ - ੧੦੦੦*

ਜਦੋਂ ਉਹ ਖੇਲ੍ਹ ਨੂੰ ਉਜਾੜ ਦਿੰਦਾ ਹੈ, ਖਤਮ ਕਰ ਦਿੰਦਾ ਹੈ, ਉਸ ਵੇਲੇ ਇਕੱਲਾ ਹੀ ਵਾਹਿਗੁਰੂ ਰਹਿ ਜਾਂਦਾ ਹੈ। ਇਹ ਸਾਰਾ ਪਸਾਰਾ ਹੁੰਦਾ ਹੈ -

*ਜਬ ਉਦਕਰਖ ਕਰਾ ਕਰਤਾਰਾ॥*
*ਪ੍ਰਜਾ ਧਰਤ ਤਬ ਦੇਹ ਅਪਾਰਾ॥*
*ਜਬ ਆਕਰਖ ਕਰਤ ਹੋ ਕਬਹੂੰ॥*
*ਤੁਮ ਮੈਂ ਮਿਲਤ ਦੇਹ ਧਰ ਸਭਹੂੰ॥*
*ਕਬਯੋ ਬਾਚ ਬੇਨਤੀ ਚੌਪਈ, ਪਾ: ੧੦*

ਸਾਰੇ ਉਹਦੇ ਵਿਚ ਹੀ ਸਮਾ ਜਾਂਦੇ ਨੇ -

*ਏਕੈ ਰੂਪ ਅਨੂਪ ਸਰੂਪਾ*
*ਰੰਕ ਭਯੋ ਰਾਵ ਕਹੀ ਭੂਪਾ॥*
*ਕਬਯੋ ਬਾਚ ਬੇਨਤੀ ਚੌਪਈ, ਪਾ: ੧੦*

ਸਰੂਪ ਅਨੂਪ ਨੇ, ਹੈਗਾ ਇੱਕੋ ਹੀ। ਕਿਤੇ ਗਰੀਬ ਹੋ ਗਿਆ, ਕਿਤੇ ਰਾਵ ਹੋ ਗਿਆ, ਕਿਤੇ ਬਾਦਸ਼ਾਹ ਬਣ ਗਿਆ।

*ਅੰਡਜ ਜੇਰਜ ਸੇਤਜ ਕੀਨੀ॥*
*ਉਤਭੁਜ ਖਾਨਿ ਬਹੁਰਿ ਰਚਿ ਦੀਨੀ॥*
*ਕਹੂੰ ਫੂਲਿ ਰਾਜਾ ਹ੍ਵੈ ਬੈਠਾ॥*
*ਕਹੂੰ ਸਿਮਟਿ ਭਯੋ ਸੰਕਰ ਇਕੈਠਾ॥*
*ਕਬਯੋ ਬਾਚ ਬੇਨਤੀ ਚੌਪਈ, ਪਾ: ੧੦*

ਕਿਤੇ ਫੁੱਲਿਆ ਪਿਆ ਹੈ ਰਾਜਾ ਬਣਿਆ ਹੋਇਆ ਹੈ। ਕਿਤੇ ਸਮਾਧੀ 'ਚ ਬੈਠਾ ਹੈ।

*ਸਿਗਰੀ ਸ੍ਰਿਸਟਿ ਦਿਖਾਇ ਅਚੰਭਵ॥*
*ਆਦਿ ਜੁਗਾਦਿ ਸਰੂਪ ਸੁਯੰਭਵ॥*
*ਕਬਯੋ ਬਾਚ ਬੇਨਤੀ ਚੌਪਈ, ਪਾ: ੧੦*

ਸੋ ਹਉਮੈ ਕਰਕੇ ਅੰਤਸ਼ਕਰਣ ਦੀ ਜਿਹੜੀ ਚੇਤਨ ਸੱਤਾ ਹੈ, ਸਾਧਸੰਗਤ ਜੀ! ਇਹ ਗੱਲ ਸਮਝਣ ਦਾ ਯਤਨ ਕਰੋ, ਇਹਦੇ ਵਿਚ ਮੈਂ ਭਾਵ ਆ ਜਾਂਦਾ ਹੈ। ਮੈਂ ਦ੍ਰਿੜ੍ਹ ਹੋ ਜਾਂਦੀ ਹੈ, ਉਹ ਦ੍ਰਿੜ੍ਹ ਜਿਹੜੀ ਜਿਹਨੂੰ ਅਭਿਆਸ ਕਹਿੰਦੇ ਨੇ ਉਹ ਹਟਦਾ ਨਹੀਂ। ਇਹ ਦਿਮਾਗ ਦੀ ਇੱਕ ਸਥਿਤੀ ਹੈ। ਇੱਕ ਦਿਮਾਗ ਦੀ ਸਥਿਤੀ ਉਹ ਹੈ ਜਿਹਦੇ 'ਚ ਵਾਹਿਗੁਰੂ-ਵਾਹਿਗੁਰੂ ਨਜ਼ਰ ਆਉਂਦਾ ਹੈ। ਇੱਕ ਇਹ ਹੈ ਕਿ ਆਪਣਾ ਆਪ ਨਜ਼ਰ ਆਉਂਦਾ ਹੈ, ਬੇਗਾਨੇ, ਗੈਰ, ਚੰਗੇ-ਮਾੜੇ, ਨਜ਼ਰ ਆਉਂਦੇ ਨੇ, ਦੁਸ਼ਮਣ ਨਜ਼ਰ ਆਉਂਦੇ ਨੇ, ਮਿੱਤਰ ਨਜ਼ਰ ਆਉਂਦੇ ਨੇ। ਹਿੱਤ ਨਜ਼ਰ ਆਉਂਦਾ ਹੈ, ਅਹਿਤ ਨਜ਼ਰ ਆਉਂਦਾ ਹੈ, ਲਾਭ-ਹਾਨ ਨਜ਼ਰ ਆਉਂਦਾ ਹੈ, ਦੁੱਖ-ਸੁੱਖ ਨਜ਼ਰ ਆਉਂਦਾ ਹੈ ਕਿਉਂਕਿ ਦਿਮਾਗ ਦੀ ਸਥਿਤੀ ਨਾਲ ਸਬੰਧ ਰਖਦਾ ਹੈ। ਇਹ ਦਿਮਾਗ ਦੀ ਸਥਿਤੀ ਨੂੰ ਅਧਿਆਸ ਕਿਹਾ ਜਾਂਦਾ ਹੈ ਕਿ ਅਧਿਆਸ ਪੱਕ ਗਿਆ। ਬਾਰ-ਬਾਰ ਜੰਮਦਿਆਂ-ਮਰਦਿਆਂ ਦਾ ਸਾਡਾ ਅਧਿਆਸ ਪੱਕ ਗਿਆ। ਅਸੀਂ ਓਸ ਚੀਜ਼ ਨੂੰ ਤਾਂ ਗਏ ਭੁੱਲ ਤੇ ਅਧਿਆਸ ਵਿਚ ਅਸੀਂ ਫਸ ਗਏ। ਹਉਮੈ ਨੇ ਸਾਨੂੰ ਅੱਡ ਕਰ ਦਿਤਾ।

ਇੱਕ ਮਹਾਂਪੁਰਸ਼ ਸਾਖੀ ਸੁਣਾ ਕੇ ਗੱਲ ਦੱਸਿਆ ਕਰਦੇ ਨੇ। ਦਸਦੇ ਤਾਂ ਬਹੁਤ ਤਰੀਕਿਆਂ ਦੇ ਨਾਲ ਹੈ। ਮਹਾਂਪੁਰਸ਼ਾਂ ਦੇ ਜਿਹੜੇ ਬਚਨ ਹੁੰਦੇ ਨੇ ਉਹ ਜੀਵ ਨੂੰ ਸਮਝਾਉਣ ਵਾਸਤੇ ਹੁੰਦੇ ਨੇ। ਇੱਕ ਕੋਈ ਪੇਂਜਾ ਸੀ,

ਉਨ੍ਹਾਂ ਕੋਲ ਸੰਤ ਆ ਕੇ ਹਰ ਸਾਲ ਰਜਾਈ ਨਵੀਂ ਉਨ੍ਹਾਂ ਨੇ ਪਿੰਜਾ ਲੈ ਲੈਣੀ। ਉਹਨੇ ਬੜੇ ਪ੍ਰੇਮ ਨਾਲ ਰਜਾਈ ਬਣਵਾਉਣੀ। ਉਸ ਤੋਂ ਬਾਅਦ ਉਹ ਫੇਰ ਇੱਕ ਸਾਲ ਨਹੀਂ ਸੀ ਆਉਂਦੇ। ਇੱਕ ਦਿਨ ਏਸ ਨੂੰ ਸੁਪਨਾ ਆਇਆ ਕਿ ਪ੍ਰਤੱਖ ਵਰਗਾ ਸੁਪਨਾ। ਸੁਪਨਾ ਵਿਚ ਇਹ ਆਇਆ ਕਿ ਰਾਜੇ ਦਾ ਦੂਤ ਆਇਆ, ਉਸ ਨੇ ਕਿਹਾ ਏ ਪੇਂਜੇ! ਰੂੰ ਆ ਰਹੀ ਹੈ। 50 ਗੱਡੇ ਰੂੰ ਦੇ ਪਿੰਜਣੇ ਨੇ, ਦੂਤ ਨੇ ਕਿਹਾ ਹੈ ਕਿ ਐਤਕੀਂ ਤੇਰੇ ਤੋਂ ਸਾਰੀ ਰੂੰ ਪਿੰਜਾਉਣੀ ਹੈ ਤੇ ਰਜਾਈਆਂ ਭਰਾਉਣੀਆਂ ਨੇ ਤੇ ਹਰਿਦੁਆਰ ਜਾ ਕੇ ਮਹਾਤਮਾਂ ਨੂੰ ਪੁੰਨ ਅਰਥੀ ਦੇਣੀ ਹੈ ਤੇ ਇਹਦੇ 'ਚ ਤੈਨੂੰ ਮਿਹਨਤ ਵਗੈਰਾ ਕੋਈ ਨਹੀਂ ਮਿਲਣੀ। ਉਹ ਕਹਿੰਦਾ, ਮੈਂ ਤਾਂ ਇਕੱਲਾ ਬੰਦਾ ਹਾਂ, ਮੈਂ ਪੰਜਾਹ ਗੱਡੇ ਕਿਵੇਂ ਪਿੰਜ ਦੇਵਾਂਗਾ ਰੂੰ ਦੇ? ਕਿਵੇਂ 50 ਗੱਡੇ ਰੂੰ ਦੀਆਂ ਰਜਾਈਆਂ ਭਰ ਦੇਵਾਂਗਾ? ਮੇਰੇ ਤੋਂ ਨਹੀਂ ਇਹ ਹੋਣਾ।

ਉਹ ਕਹੀ ਜਾਂਦਾ ਹੈ ਕਿ ਤੈਨੂੰ ਫੇਰ ਰਾਜ ਦੰਡ ਮਿਲੇਗਾ, ਤੈਨੂੰ ਕੈਦ ਹੋਏਗੀ, ਤੈਨੂੰ ਕੋਰੜੇ ਲੱਗਣਗੇ। ਜਿਉਂ ਝਗੜਾ ਵਧਿਆ, ਬਹੁਤ ਜ਼ਿਆਦਾ ਝਗੜਾ ਵੱਧ ਗਿਆ। ਝਗੜਾ ਵਧਿਆ ਹੋਇਆ, ਦਿਮਾਗ ਤੇ ਅਸਰ ਹੋ ਗਿਆ ਸੁਪਨੇ 'ਚ। ਜਦੋਂ ਜਾਗ ਆ ਗਈ, ਤਾਂ ਅਧਿਆਸ ਓਧਰਲਾ ਪੱਕ ਗਿਆ, ਏਧਰਲਾ ਹਟ ਗਿਆ। ਇੱਕੋ ਗੱਲ ਕਰੀ ਜਾਂਦਾ ਹੈ ਉਠ ਕੇ ਕਿ ਮੇਰੇ ਤੋਂ ਨਹੀਂ ਐਨੀ ਰੂੰ ਪਿੰਜ ਹੋਣੀ। ਕੰਮ ਛੱਡ ਦਿਤਾ, ਘਰ ਛੱਡ ਦਿਤਾ, ਚਲਿਆ ਗਿਆ। ਹਰ ਵਕਤ ਇਹੀ ਕਹੀ ਜਾਂਦਾ, ਮੇਰੇ ਤੋਂ ਨਹੀਂ ਰੂੰ ਪਿੰਜ ਹੋਣੀ।

ਏਥੇ ਆਪਾਂ ਵੀ ਕਈ ਕਮਲੇ ਦੇਖੇ ਨੇ, ਉਨ੍ਹਾਂ ਦੇ ਦਿਮਾਗ ਤੇ ਅਸਰ ਹੋ ਜਾਂਦਾ ਹੈ, ਜੇ ਕਿਸੇ ਦਾ ਕਰਜ਼ਾ ਦੇਣਾ ਹੋਵੇ, ਜਾਂ ਪੈਸਾ ਮਾਰਿਆ ਜਾਵੇ। ਉਹ ਇਹੀ ਕਹੀ ਜਾਣਗੇ ਕਿ ਮੇਰਾ ਪੈਸਾ ਖਾ ਲਿਆ। ਕਿਉਂਕਿ ਦਿਮਾਗ ਦੀ ਸਥਿਤੀ ਹੋ ਜਾਂਦੀ ਹੈ ਸਾਧਸੰਗਤ ਜੀ। ਇਹ ਕੋਈ ਗਰੰਟੀ ਨਹੀਂ ਹੈ ਕਿ ਦਿਮਾਗ ਸਾਡਾ ਸਹੀ ਰਹੇ। ਪਤਾ ਨਹੀਂ ਕਿਹੜੇ ਵੇਲੇ ਚੱਕਰ ਖਾ ਜਾਵੇ। ਕਿੰਨੇ ਬੰਦੇ ਆਪਾਂ ਦੇਖਦੇ ਹਾਂ।

ਸੋ ਇਸ ਤਰ੍ਹਾਂ ਦੇ ਨਾਲ ਉਹ ਅਧਿਆਸ ਪੱਕਿਆ ਹੋਇਆ, ਜਦੋਂ ਸਾਲ ਬਾਅਦ ਮਹਾਤਮਾ ਆਏ ਤਾਂ ਉਨ੍ਹਾਂ ਨੇ ਆ ਕੇ ਪੁੱਛਿਆ ਕਿ ਉਹ ਪੇਂਜਾ ਕਿੱਥੇ ਚਲਿਆ ਗਿਆ? ਉਹ ਕਹਿੰਦੇ, ਮਹਾਰਾਜ! ਉਹ ਤਾਂ ਕਮਲਾ ਹੋ ਗਿਆ।

ਕਹਿੰਦੇ, ਹੈਂ! ਉਹ ਤਾਂ ਚੰਗਾ ਭਲਾ ਸੀ?

ਕੋਈ ਕਾਰਨ ਹੈ? ਕੋਈ ਗੱਲ ਕਹਿੰਦਾ ਹੈ?

ਉਹ ਕਹਿੰਦੇ, ਇਸ ਤਰ੍ਹਾਂ ਕਹੀ ਜਾਂਦਾ ਹੈ ਮਹਾਰਾਜ ਕਿ ਮੈਂ ਨਹੀਂ ਪੰਜਾਹ ਗੱਡੇ ਰੂੰ ਪਿੰਜਣੀ, ਮੈਂ ਨਹੀਂ ਰਜਾਈਆਂ ਭਰਨੀਆਂ।

ਮਹਾਤਮਾ ਨੇ ਸੋਚਿਆ ਕਿ ਇਹਨੂੰ ਕੋਈ ਬਹੁਤ ਭਿਆਨਕ ਸੁਪਨਾ ਆਇਆ ਹੈ। ਉਸ ਭਿਆਨਕ ਸੁਪਨੇ ਦਾ ਅਸਰ ਇਹਦੇ ਦਿਮਾਗ 'ਤੇ ਚਲਿਆ ਗਿਆ। ਦਿਮਾਗ ਦੇ ਵਿਚ ਅਧਿਆਸ ਪੱਕ ਗਿਆ। ਅਧਿਆਸ ਪੱਕਣ ਨਾਲ ਹੁਣ ਉਹ ਐਸੀ ਸਥਿਤੀ 'ਚ ਆ ਗਿਆ ਕਿ ਨਾ ਉਹ ਅਕਲ ਵਾਲਾ ਰਿਹਾ ਤੇ ਨਾ ਪਾਗਲ। ਯਾਨਿ ਉਸ ਮਾਮਲੇ 'ਤੇ ਪਾਗਲ ਹੋ ਗਿਆ। ਜਿਹੜੇ ਕਮਲੇ ਤੁਸੀਂ ਦੇਖੋਂਗੇ, ਉਨ੍ਹਾਂ 'ਤੇ ਇੱਕ ਅੱਧੀ ਚੀਜ਼ ਹਾਵੀ ਹੁੰਦੀ ਹੈ, ਉਹੀ ਗੱਲ ਬਾਰ-ਬਾਰ ਕਹੀ ਜਾਂਦੇ ਹੁੰਦੇ ਨੇ। ਸੋ ਮਹਾਤਮਾ ਨੇ ਟੋਲ੍ਹਿਆ, ਟੋਲ੍ਹ ਕੇ ਕਹਿਣ ਲੱਗੇ ਕਿ ਏ ਪੇਂਜੇ। ਕਹਿੰਦਾ, ਮੇਰੇ ਤੋਂ ਨਹੀਂ ਰੂੰ ਪਿੰਜ ਹੋਣੀ ਪੰਜਾਹ ਗੱਡੇ। ਕਹਿੰਦੇ, ਤੈਨੂੰ ਖੁਸ਼ਖਬਰੀ ਦੇਣ ਆਇਆ ਹਾਂ।

ਕਾਹਦੀ ਖੁਸ਼ਖਬਰੀ।

ਕਹਿੰਦੇ, ਜਿਹੜੇ ਰਾਜੇ ਨੇ ਗੱਡੇ ਭੇਜੇ ਸੀ, ਉਹ ਇੱਕ ਥਾਂ 'ਤੇ ਆ ਕੇ ਜਦੋਂ ਪੜਾਅ ਕਰਿਆ ਉਨ੍ਹਾਂ ਨੇ, ਤੇਰੇ ਵਲ ਨੂੰ ਆਉਣ ਵਾਸਤੇ।

ਕਹਿੰਦਾ, ਅੱਛਾ ਫੇਰ ਕੀ ਹੋਇਆ?

ਕਹਿੰਦੇ, ਗੱਡੇ ਦੇ ਨੇੜੇ ਰੋਟੀਆਂ ਪਕਾਉਣ ਲੱਗ ਗਿਆ, ਗੱਡਾ ਚਲਾਉਣ ਵਾਲਾ। ਹਵਾ ਜ਼ੋਰ ਨਾਲ ਆਈ, ਉਹ ਅੱਗ ਜਿਹੜੀ ਸੀ ਉਹ ਜਾ ਕੇ ਰੂੰ ਦੇ ਗੱਡੇ ਨੂੰ ਲੱਗ ਗਈ। ਕਹਿੰਦੇ ਤੂੰ ਦੇਖ ਲੈ, ਰੂੰ ਕਿਵੇਂ ਅੱਗ ਫੜਦੀ ਹੈ।

ਕਹਿੰਦਾ, ਹਾਂ ਜੀ, ਬਹੁਤ ਫੜਦੀ ਹੈ। ਕਹਿੰਦਾ, ਫੇਰ ਕੀ ਹੋਇਆ, ਛੇਤੀ ਦੱਸੋ?

ਕਹਿੰਦੇ, ਫੇਰ ਕੀ ਹੋਣਾ ਸੀ ਗੱਡਾ ਜਲ ਗਿਆ, ਉਥੋਂ ਹਵਾ ਨੇ ਰੂੰ ਉਡਾਈ, ਪਿਛਲਾ ਗੱਡਾ, ਉਸ ਤੋਂ ਪਿਛਲਾ ਗੱਡਾ, ਪੰਜਾਹ ਦੇ ਪੰਜਾਹ ਗੱਡੇ ਰੂੰ ਦੇ ਜਲ ਗਏ। ਹੁਣ ਰਾਜੇ ਨੂੰ ਰੂੰ ਕਿਤੋਂ ਮਿਲੀ ਨਹੀਂ ਹੈ। ਅਸੀਂ ਗਏ ਸੀ। ਸਾਨੂੰ ਉਹਨੇ ਕਿਹਾ ਕਿ ਪੇਂਜੇ ਨੂੰ ਕਹਿ ਦਿਓ ਕਿ ਹੁਣ ਨਹੀਂ ਅਸੀਂ ਪਿੰਜਾਉਣੀ ਰੂੰ। ਹੁਣ ਸਾਡਾ ਖਿਆਲ ਹਟ ਗਿਆ। ਜਦੋਂ ਸੰਤਾਂ ਨੇ ਇਹ ਗੱਲ ਕਹੀ, ਉਹਦੀ ਹੋਸ਼ ਪਰਤ ਆਈ।

ਇਹਨੂੰ ਅਧਿਆਸ ਕਹਿੰਦੇ ਨੇ, ਇਹ ਸਾਡਾ ਅਧਿਆਸ ਪੱਕ ਗਿਆ। ਮੈਂ ਵਿਚ ਦ੍ਰਿੜ੍ਹ ਹੋ ਗਏ, ਮੈਂ 'ਚ ਦ੍ਰਿੜ੍ਹ ਹੋ ਕੇ ਅਸੀਂ ਆਪਣੇ ਆਪ ਨੂੰ ਵਾਹਿਗੁਰੂ ਦੇ ਨਾਲੋਂ ਅੱਡ ਕਰ ਲਿਆ ਤੇ ਸਾਨੂੰ ਹੁਣ ਗੁਰੂ ਸਾਹਿਬ ਮਹਾਰਾਜ ਸਮਝਾਉਂਦੇ ਨੇ ਕਿ ਇਹ ਤਾਂ ਅਕਾਲਪੁਰਖ ਦਾ ਖੇਲ੍ਹ ਹੋ ਰਿਹਾ ਹੈ ਪ੍ਰੇਮੀਆਂ। ਤੂੰ ਅੱਡ ਹੋਇਆਂ ਕਿਉਂ

ਬੈਠਾ ਹੈਂ? ਇਸ ਸਰੀਰ 'ਚ ਕੋਈ ਨਹੀਂ ਵਸਦਾ, ਇਸ 'ਚ ਵਾਹਿਗੁਰੂ ਵਸਦਾ ਹੈ। ਤੂੰ ਬੁੱਝਣ ਦਾ ਯਤਨ ਕਰ, ਇਸ ਤਰ੍ਹਾਂ ਫੁਰਮਾਨ ਕਰਦੇ ਨੇ –

*ਧਾਰਨਾ – ਬੁੱਝ ਬੰਦਿਆ, ਅੰਦਰ ਕੌਣ ਤੇਰੇ ਵਸਦਾ।*
*ਨਾ ਇਹੁ ਮਾਨਸੁ ਨਾ ਇਹੁ ਦੇਉ ॥*
*ਨਾ ਇਹੁ ਜਤੀ ਕਹਾਵੈ ਸੇਉ ॥*
*ਨਾ ਇਹੁ ਜੋਗੀ ਨਾ ਅਵਧੂਤਾ ॥*
*ਨਾ ਇਸੁ ਮਾਇ ਨ ਕਾਹੂ ਪੂਤਾ ॥*
*ਇਆ ਮੰਦਰ ਮਹਿ ਕੌਨ ਬਸਾਈ ॥*
*ਤਾ ਕਾ ਅੰਤੁ ਨ ਕੋਊ ਪਾਈ ॥* *ਅੰਗ – ੮੭੧*

ਕਹਿੰਦੇ, ਜਿਹੜਾ ਤੇਰੇ ਅੰਦਰ ਵਸਦਾ ਹੈ ਇਹ ਨਾ ਤਾਂ ਮਾਨਸ ਹੈ, ਨਾ ਦੇਵਤਾ ਹੈ। ਬੁੱਝ ਕਹਿੰਦੇ, ਕੌਣ ਵਸਦਾ ਹੈ ਇਹਦੇ ਅੰਦਰ। ਕਹਿੰਦੇ, ਉਹ ਵਸਦਾ ਹੈ –

*ਧਾਰਨਾ – ਬ੍ਰਹਮਾ ਬਿਸ਼ਨ ਨਾ ਅੰਤ ਜਿਹਦਾ ਜਾਣਦੇ,*
*ਦੇਹੀ ਅੰਦਰ ਉਹ ਵਸਦਾ।*
*ਇਆ ਮੰਦਰ ਮਹਿ ਕੌਨ ਬਸਾਈ ॥*
*ਤਾ ਕਾ ਅੰਤੁ ਨ ਕੋਊ ਪਾਈ ॥ ੧ ॥ ਰਹਾਉ ॥*
*ਨਾ ਇਹੁ ਗਿਰਹੀ ਨਾ ਓਦਾਸੀ ॥*
*ਨਾ ਇਹੁ ਰਾਜ ਨ ਭੀਖ ਮੰਗਾਸੀ ॥*
*ਨਾ ਇਸੁ ਪਿੰਡੁ ਨ ਰਕਤੂ ਰਾਤੀ ॥*
*ਨਾ ਇਹੁ ਬ੍ਰਹਮਨੁ ਨਾ ਇਹੁ ਖਾਤੀ ॥ ੨ ॥*
*ਨਾ ਇਹੁ ਤਪਾ ਕਹਾਵੈ ਸੇਖੁ ॥*
*ਨਾ ਇਹੁ ਜੀਵੈ ਨ ਮਰਤਾ ਦੇਖੁ ॥*
*ਇਸੁ ਮਰਤੇ ਕਉ ਜੇ ਕੋਊ ਰੋਵੈ ॥*
*ਜੋ ਰੋਵੈ ਸੋਈ ਪਤਿ ਖੋਵੈ ॥ ੩ ॥*
*ਗੁਰ ਪ੍ਰਸਾਦਿ ਮੈ ਡਗਰੋ ਪਾਇਆ ॥*
*ਜੀਵਨ ਮਰਨੁ ਦੋਊ ਮਿਟਵਾਇਆ ॥*
*ਕਹੁ ਕਬੀਰ ਇਹੁ ਰਾਮ ਕੀ ਅੰਸੁ ॥*
*ਜਸ ਕਾਗਦ ਪਰ ਮਿਟੈ ਨ ਮੰਸੁ ॥* *ਅੰਗ – ੮੭੧*

ਕਹਿਣ ਲੱਗੇ, ਪ੍ਰੇਮੀਆਂ! ਏਸ ਸਰੀਰ ਦੇ ਅੰਦਰ ਕੋਈ ਨਹੀਂ ਵਸਦਾ, ਕਿਉਂਕਿ ਵਾਹਿਗੁਰੂ ਆਪੇ ਹੀ ਆਪ ਸੀਗਾ। ਕੋਈ ਦੂਜੀ ਚੀਜ਼ ਇੱਥੇ ਨਹੀਂ ਆਈ, ਜੜ੍ਹ ਵੀ ਓਹੀ ਹੈ ਤੇ ਚੇਤਨ ਵੀ ਓਹੀ ਹੈ। ਜਦੋਂ ਜੜ੍ਹ 'ਤੇ ਚੇਤਨ ਦਾ ਭੇਤ ਮਿਟ ਜਾਏਗਾ, ਉਸ ਵੇਲੇ ਇਹ ਗੱਲ ਤੈਨੂੰ ਸਮਝ 'ਚ ਆ ਜਾਏਗੀ। ਲੇਕਿਨ ਅਕਲ ਨਾਲ ਨਹੀਂ ਇਹ ਮਿਲ ਸਕਦਾ।

ਕ੍ਰਿਸ਼ਨ ਮਹਾਰਾਜ ਇਹੀ ਗੱਲ ਅਰਜੁਨ ਨੂੰ ਸਮਝਾਉਂਦੇ ਹੋਏ ਫੁਰਮਾਉਂਦੇ ਨੇ ਕਿ ਹੇ ਅਰਜੁਨ! ਮਾਤ ਲੋਕ ਵਿਚ ਜੀਵ ਹਨ, ਇਹ ਮੇਰੀ ਹੀ ਅੰਸ ਹਨ। ਇਹ ਜੀਵ ਪ੍ਰਾਣੀ ਅਨਾਦੀ ਕਾਲ ਤੋਂ ਹੋ ਰਹੇ ਨੇ ਅਤੇ ਮਨ ਆਦੀ। ਜੋ ਛੇ ਪ੍ਰਕਾਰ ਇੰਦਰੇ ਨੇ, ਉਨ੍ਹਾਂ ਨੂੰ ਪ੍ਰਾਕਿਰਤੀ ਆਪਣੀ ਤਰਫ ਖਿੱਚੀ ਜਾਂਦੀ ਹੈ। ਉਹਦੇ ਨਾਲ ਜਿਹੜੀ ਇਹਦੀ ਚੇਤਨਤਾ ਹੈ, ਉਹ ਜੰਮਦੀ-ਮਰਦੀ ਰਹਿੰਦੀ ਹੈ, ਜੀਵ ਆਤਮਾ ਬੁੱਧੀ ਦੇ ਵਸ ਹੈ। ਬੁੱਧੀ ਮਨ ਦੇ ਵਸ ਹੈ, ਮਨ ਇੰਦਰੀਆਂ ਦੇ ਵਸ ਹੈ ਤੇ ਜਿਹੜੀਆਂ ਇੰਦਰੀਆਂ ਨੇ ਉਹ ਭੋਗਾਂ ਦੇ ਵਸ ਨੇ, ਹੁਣ ਇਸ ਤਰ੍ਹਾਂ ਅਸੀਂ ਥੱਲੇ ਉਤਰ ਆਏ, ਜਿਹੜੇ ਭੋਗ ਨੇ ਸਾਡੇ, ਉਹ ਸਾਡੇ ਸੰਸਕਾਰ ਬਣ ਜਾਂਦੇ, ਕਰਮ ਬਣ ਜਾਂਦੇ ਨੇ, ਉਹਦੇ ਬੰਨ੍ਹੇ ਹੋਏ ਅਸੀਂ ਜੰਮਦੇ ਰਹਿੰਦੇ ਹਾਂ, ਮਰਦੇ ਰਹਿੰਦੇ ਹਾਂ। ਉਹ ਸਾਰਾ ਝਗੜਾ ਹਉਮੈ ਦਾ ਹੈ –

*ਧਾਰਨਾ – ਜੰਮਦਾ ਤੇ ਮਰਦਾ ਹੈ,*
*ਹਉਮੈ ਦਾ ਬੰਨਿਆ ਹੋਇਆ।*

ਕਹਿਣ ਲੱਗੇ, ਭਾਈ ਜਮਾਲ! ਆਹ ਜਿਹੜਾ ਹੰਕਾਰ ਦਾ ਤੱਤ ਆ ਗਿਆ, ਜਿਹਨੂੰ ਹੰਗਤਾ ਤੇ ਮਮਤਾ ਕਹਿੰਦੇ ਨੇ, ਗੁਰੂ ਮਹਾਰਾਜ ਇਹਨੂੰ ਹਉਮੈ ਕਹਿੰਦੇ ਨੇ। ਇਹਦੇ ਕਰਕੇ ਸੰਸਾਰ ਜੰਮੀ ਜਾਂਦਾ ਹੈ ਤੇ ਮਰੀ ਜਾਂਦਾ ਹੈ। ਜੰਮਦਾ-ਮਰਦਾ, ਆਪਣੇ ਸਿਰ ਲੈ ਲੈਂਦਾ ਹੈ। ਵੱਖਰਾ ਹੋ ਜਾਂਦਾ ਹੈ, ਉਸ ਕਰਕੇ ਦੁੱਖ ਦਾ ਖਾਤਮਾ ਨਹੀਂ ਹੁੰਦਾ। ਬਾਕੀ ਇਹ ਮਨ ਜਿਹੜਾ ਹੈ, ਇਹ ਅੰਨ੍ਹਾ ਹੋਇਆ-ਹੋਇਆ ਹੈ ਕਿਉਂਕਿ ਇਹਦੇ ਉੱਤੇ ਮੈਲ ਪੈ ਗਈ –

*ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ*
*ਕਾਲਾ ਹੋਆ ਸਿਆਹੁ ॥*
*ਖੰਨਲੀ ਧੋਤੀ ਉਜਲੀ ਨ ਹੋਵਈ ਜੇ ਸਉ ਧੋਵਣਿ ਪਾਹੁ ॥*
*ਅੰਗ – ੬੫੧*

ਐਨਾ ਕਾਲਾ ਹੋ ਗਿਆ ਕਿ ਆਪਣਾ ਸਰੂਪ ਹੀ ਨਹੀਂ ਇਹਨੂੰ ਦਿਸਦਾ। ਅੰਨ੍ਹਾ ਹੋ ਗਿਆ।

ਕਹਿਣ ਲੱਗਿਆ, "ਸੱਚੇ ਪਾਤਸ਼ਾਹ! ਮੈਲ ਕਿਵੇਂ ਜਾਵੇ?"

ਮਹਾਰਾਜ ਕਹਿੰਦੇ, "ਮੈਲ ਜਾਂਦੀ ਹੈ ਪ੍ਰਭੂ ਦੀ ਕ੍ਰਿਪਾ ਦੇ ਨਾਲ, ਸਾਧੂ ਦੀ ਸੰਗਤ ਨਾਲ। ਇਹ ਮਨ ਜਿਹੜਾ ਹੈ ਫੇਰ ਜੀਵ ਆਤਮਾ ਦੇ ਵਸ ਵਿਚ ਆ ਜਾਂਦਾ ਹੈ। ਨਹੀਂ ਤਾਂ ਜੀਵ ਆਤਮਾ ਨੇ ਬੁੱਧੀ ਨੂੰ ਥੱਲੇ ਕਰਿਆ ਹੋਇਆ ਹੈ। ਬੁੱਧੀ ਨੂੰ ਮਨ ਨੇ ਕਰਿਆ ਹੋਇਆ ਹੈ, ਮਨ ਨੂੰ ਇੰਦਰੀਆਂ ਨੇ ਕਰਿਆ ਹੋਇਆ, ਇੰਦਰਿਆਂ ਨੇ ਭੋਗਾਂ ਨੇ ਕਰਿਆ ਹੋਇਆ ਹੈ। ਉਲਟਾ process ਹੈ। ਜਦ ਉਲਟਾ ਜਾਵੇਂਗਾ ਤਾਂ ਇਸ ਸਰੀਰ ਦਾ ਅਸਲੀ ਮਾਲਕ ਜੋ ਹੈ, ਜੀਵ ਆਤਮਾ, ਉਹ ਫੇਰ ਮਨ ਨੂੰ ਵੀ ਤਾੜਨਾ ਕਰਦਾ ਹੈ –

*ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ ॥* *ਅੰਗ – ੨੭੪*

*ਕਰਨ ਨ ਸੁਨੈ ਕਾਹੂ ਕੀ ਨਿੰਦਾ ॥* *ਅੰਗ – ੨੭੪*

ਨਹੀਂ ਸੁਣਨ ਦਿੰਦਾ ਕਿਉਂਕਿ ਵਸ ਨੇ ਉਹਦੇ। ਹੱਥਾਂ ਨੂੰ ਮਾੜੇ ਥਾਂ ਕੰਮ ਨਹੀਂ ਕਰਨ ਦਿੰਦਾ। ਪੈਰਾਂ ਨੂੰ ਮਾੜੇ ਥਾਂ ਜਾਣ ਨਹੀਂ ਦਿੰਦਾ। ਕਿਉਂਕਿ ਕੰਟਰੋਲ ਕਰ ਲਿਆ,

ਘਰ ਦੇ ਵਿਚ ਅਸਲੀ ਰਾਜਾ ਜਾਗ ਪਿਆ।

ਸੋ ਮਹਾਰਾਜ ਕਹਿੰਦੇ, ਮਨ ਜੀਵ ਆਤਮਾ ਦੇ ਵਸ 'ਚ ਆਇਆ ਹੋਇਆ, ਮੈਲਾ ਹੋਇਆ ਹੋਇਆ ਹੈ ਤੇ ਇਹ ਹੁੰਦਾ ਨਹੀਂ, ਨਾ ਤਾਂ ਤੀਰਥਾਂ 'ਤੇ ਜਾ ਕੇ ਇਹਨੂੰ ਕੁਛ ਸਫਾਈ ਹੋ ਸਕਦੀ ਹੈ। ਇਹ ਹੰਕਾਰ, ਹਉਮੈ ਹਟਦੀ ਨਹੀਂ ਹੈ -

*ਮਨ ਕਾਮਨਾ ਤੀਰਥ ਦੇਹ ਛੁਟੈ ॥*
*ਗਰਬੁ ਗੁਮਾਨੁ ਨ ਮਨ ਤੇ ਹੁਟੈ ॥*
*ਸੋਚ ਕਰੈ ਦਿਨਸੁ ਅਰੁ ਰਾਤਿ ॥*
*ਮਨ ਕੀ ਮੈਲੁ ਨ ਤਨ ਤੇ ਜਾਤਿ ॥* *ਅੰਗ - ੨੬੫*

ਦਿਨ ਰਾਤ ਕਹਿੰਦੇ ਨ੍ਹਾਈ ਜਾਵੇ ਤੀਰਥਾਂ 'ਚ -

*ਇਸੁ ਦੇਹੀ ਕਉ ਬਹੁ ਸਾਧਨਾ ਕਰੈ ॥*
*ਮਨ ਤੇ ਕਬਹੂ ਨ ਬਿਖਿਆ ਟਰੈ ॥* *ਅੰਗ - ੨੬੫*

ਇਸ ਤਰ੍ਹਾਂ ਕਹਿੰਦੇ ਕਿ ਜੇ ਮੈਲ ਲਾਹੁੰਣੀ ਹੈ, ਪ੍ਰੇਮੀਆਂ! ਉਹਦੀ ਤੈਨੂੰ ਅਸੀਂ ਜੁਗਤ ਦਸ ਦਿੰਦੇ ਹਾਂ -

*ਧਾਰਨਾ - ਮੈਲ ਲਹਿ ਜਾਂਦੀ ਹੈ,*
*ਪ੍ਰਭ ਜੀ ਦਾ ਸਿਮਰਨ ਕਰਕੇ।*

ਕਹਿਣ ਲੱਗੇ, ਜੇ ਪ੍ਰਭੂ ਨੂੰ ਯਾਦ ਰੱਖੋ, ਉਹ ਪਰਮ ਨਿਰਮਲ ਹੈ। ਜਦੋਂ ਨਿਰਮਲ ਦਾ ਸ੍ਰੋਤ ਇਹਦੇ ਵਿਚ ਪੈਣਾ ਸ਼ੁਰੂ ਜਾਂਦਾ ਹੈ। ਜਿਸ ਤਰ੍ਹਾਂ ਦੇ ਨਾਲ ਇੱਕ ਟੂਟੀ ਦੇ ਥੱਲੇ ਮੈਲਾ ਪਾਣੀ ਦਾ ਬਰਤਨ ਰੱਖ ਦਿਓ, ਉਤੋਂ ਟੂਟੀ ਖੋਲ੍ਹ ਦਿਓ, ਜਿਉਂ-ਜਿਉਂ ਪਾਣੀ ਉਹਦੇ ਵਿਚ ਪੈਂਦਾ ਜਾਏਗਾ, ਤਿਉਂ-ਤਿਉਂ ਮੈਲਾ ਪਾਣੀ ਨਿਕਲਦਾ ਜਾਏਗਾ। ਚੁਬੱਚਾ ਹੈ, ਬਟਨ ਦੱਬ ਦਿਓ ਬਿਜਲੀ ਦਾ, ਜਦੋਂ ਟਿਊਬਵੈੱਲ ਚੱਲੇਗਾ, ਮੈਲਾ ਪਾਣੀ ਆਪਣੇ ਆਪ ਬਾਹਰ ਨਿਕਲ ਜਾਏਗਾ ਤੇ ਚੁਬੱਚਾ ਨਿਰਮਲ ਜਲ ਨਾਲ ਭਰ ਜਾਏਗਾ। ਇਸੇ ਤਰ੍ਹਾਂ ਸਾਡੇ ਜਿਹੜੇ ਮੈਲੇ ਸੰਸਕਾਰ ਨੇ, ਜਦੋਂ ਵਾਹਿਗੁਰੂ ਦੀ ਯਾਦ, ਵਾਹਿਗੁਰੂ ਦਾ ਪਿਆਰ, ਵਾਹਿਗੁਰੂ ਦੀ ਸੋਝੀ ਸਾਡੇ ਹਿਰਦੇ 'ਚ ਸਮਾਏਗੀ, ਇਹ ਮੈਲ ਬਾਹਰ ਨਿਕਲਣ ਲੱਗ ਜਾਏਗੀ -

*ਪ੍ਰਭ ਕੈ ਸਿਮਰਨਿ ਮਨ ਕੀ ਮਲੁ ਜਾਇ ॥*
*ਅੰਮ੍ਰਿਤ ਨਾਮੁ ਰਿਦ ਮਾਹਿ ਸਮਾਇ ॥* *ਅੰਗ - ੨੬੩*

ਉਸ ਵੇਲੇ ਅੰਮ੍ਰਿਤ ਨਾਲ ਨੇ ਮਨ ਵਿਚ ਵਸਣਾ ਹੈ। ਜਿੰਨਾਂ ਚਿਰ ਤੱਕ ਮਨ ਮੈਲਾ ਹੈ, ਓਨੀ ਦੇਰ ਤੱਕ ਤਾਂ ਮੈਲ ਨੂੰ ਦੂਰ ਕਰਦਾ ਹੈ -

*ਭਰੀਐ ਮਤਿ ਪਾਪਾ ਕੈ ਸੰਗਿ ॥*
*ਓਹੁ ਧੋਪੈ ਨਾਵੈ ਕੈ ਰੰਗਿ ॥* *ਅੰਗ - ੪*

ਸੋ ਇਸ ਤਰ੍ਹਾਂ ਬੁੱਧੀ ਜਿਹੜੀ ਹੈ ਇਹ ਸਤੋ ਗੁਣੀ ਅੰਸ ਹੈ, ਪ੍ਰਕ੍ਰਿਤੀ ਹੈ ਸਾਧਸੰਗਤ ਜੀ, ਜਿਹਨੂੰ ਅਸੀਂ ਅਕਲ ਕਹਿੰਦੇ ਹਾਂ, ਮਨ ਕਹਿੰਦੇ ਹਾਂ, ਚਿੱਤ ਕਹਿੰਦੇ ਹਾਂ, ਅਹੰਭਾਵ ਕਹਿੰਦੇ, ਇਹ ਸਾਰਾ ਜੜ੍ਹ ਹੈ, ਇਹ ਚੇਤਨ ਦੀ ਸਤਾ ਪੈਂਦੀ ਹੈ, ਪ੍ਰਕਾਸ਼ ਪੈਂਦਾ ਹੈ, ਉਹਦੇ ਨਾਲ ਇਹ ਉੱਠ ਕੇ ਪ੍ਰਮੇਸ਼ਰ ਤੋਂ ਬੇਮੁਖ ਹੋ ਜਾਂਦੇ ਨੇ। ਉਹਦਾ ਪ੍ਰਤੀਬਿੰਬ ਪੈਣ ਕਰਕੇ ਇਹ ਬੁੱਧੀ ਨੂੰ ਢੱਕ ਲੈਂਦੇ ਨੇ। ਮਹਾਰਾਜ ਕਹਿੰਦੇ ਬੁੱਧੀ ਨਹੀਂ ਪਹੁੰਚਦੀ ਉਥੇ। ਉਹਦੇ ਪਹੁੰਚਣ ਵਾਸਤੇ ਤੁਹਾਨੂੰ ਕਿਸੇ ਅਵਸਥਾ 'ਚ ਪਹੁੰਚਣਾ ਪੈਂਦਾ ਹੈ-

*ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ ॥*
*ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ ॥* *ਅੰਗ - ੮*

ਸਰਮ ਖੰਡ 'ਚ ਜਾ ਕੇ ਇਹ ਬੁੱਧੀ ਬਦਲਣੀ ਸ਼ੁਰੂ ਹੁੰਦੀ ਹੈ -

*ਕਹਿ ਕਬੀਰ ਬੁਧਿ ਹਰਿ ਲਈ ਮੇਰੀ*
*ਬੁਧਿ ਬਦਲੀ ਸਿਧਿ ਪਾਈ ॥* *ਅੰਗ - ੩੩੯*

ਉਹ ਹੋਰ ਬੁੱਧੀ ਹੈ, ਆਤਮ ਵਿਛੈਣੀ ਬੁੱਧੀ, ਅਨੇਕਾਂ ਨਾਮ ਨੇ ਉਹਦੇ, ਉਹਨੂੰ ਕੋਈ ਤੀਸਰੀ ਅੱਖ ਕਹਿੰਦਾ ਹੈ, ਕੋਈ ਉਹਨੂੰ ਗਿਆਨ ਇੰਦਰਾ ਕਹਿੰਦਾ ਹੈ, ਮਹਾਰਾਜ ਜੀ ਉਹਨੂੰ ਬਿਅੰਨ ਅੱਖੜੀਆਂ ਕਹਿੰਦੇ ਨੇ। ਉਹ ਖੁਲ੍ਹ ਜਾਂਦੀਆਂ ਨੇ ਪ੍ਰਮੇਸ਼ਰ ਦਾ ਦਰਸ਼ਨ ਕਰਕੇ, ਉਹਨੂੰ ਮਹਾਰਾਜ ਵਿਵੇਕ ਬੁੱਧੀ ਵੀ ਕਹਿੰਦੇ ਨੇ -

*ਬਿਬੇਕ ਬੁਧਿ ਸਭ ਜਗ ਮਹਿ*
*ਨਿਰਮਲ ਬਿਚਰਿ ਬਿਚਰਿ ਰਸੁ ਪੀਜੈ ॥*
*ਗੁਰ ਪਰਸਾਦਿ ਪਦਾਰਥੁ ਪਾਇਆ*
*ਸਤਿਗੁਰ ਕਉ ਇਹੁ ਮਨੁ ਦੀਜੈ ॥* *ਅੰਗ - ੧੩੨੫*

ਸੋ ਇਹ ਹਉਮੈ ਕਰਕੇ ਆਦਮੀ ਫਸਦਾ ਹੈ, ਕਿਉਂਕਿ ਜਿਹੜਾ ਅੰਤਸ਼ਕਰਣ ਹੈ, ਇਹਦੇ ਵਿਚ ਹਉਮੈ ਕਰਕੇ ਪੁਰਸ਼, ਇਸ ਤਰ੍ਹਾਂ ਕਹਿੰਦਾ ਹੈ ਕਿ ਮੈਂ ਕਰਿਆ, ਜੇ ਮੈਂ ਆਹ ਗੱਲ ਨਾ ਕਰਦਾ, ਸਭ ਫਸ ਜਾਂਦੇ। ਇਹ ਮੈਂ ਕੰਮ ਕਰਿਆ, ਮੈਂ ਦਾਨ ਦਿਤਾ ਤਾਂ ਸਕੂਲ ਬਣਿਆ, ਇਹ ਮੈਂ ਦਾਨ ਦਿਤਾ ਤਾਂ ਗੁਰਦੁਆਰਾ ਬਣਿਆ, ਮੈਂ ਕੀਰਤਨ ਕਰਿਆ ਤਾਂ ਇੱਥੇ ਸਿੱਖੀ ਫੈਲੀ ਹੈ। ਮਹਾਰਾਜ ਕਹਿੰਦੇ, ਇਹ ਸਾਰੀਆਂ ਚੀਜ਼ਾਂ ਲੇਖੇ 'ਚ ਪੈਣ ਵਾਲੀਆਂ ਨਹੀਂ, ਇਸ ਤਰ੍ਹਾਂ ਫੁਰਮਾਉਂਦੇ ਨੇ -

*ਜਬ ਇਹ ਜਾਨੈ ਮੈਂ ਕਿਛੁ ਕਰਤਾ॥*
*ਜਬ ਲਗੁ ਜਾਨੈ ਮੁਝ ਤੇ ਕਛੁ ਹੋਇ ॥*
*ਤਬ ਇਸ ਕਉ ਸੁਖੁ ਨਾਹੀ ਕੋਇ ॥*
*ਜਬ ਇਹ ਜਾਨੈ ਮੈ ਕਿਛੁ ਕਰਤਾ ॥*
*ਤਬ ਲਗੁ ਗਰਭ ਜੋਨਿ ਮਹਿ ਫਿਰਤਾ ॥*
*ਜਬ ਧਾਰੈ ਕੋਊ ਬੈਰੀ ਮੀਤੁ ॥*
*ਤਬ ਲਗੁ ਨਿਹਚਲੁ ਨਾਹੀ ਚੀਤੁ ॥*
*ਜਬ ਲਗੁ ਮੋਹ ਮਗਨ ਸੰਗਿ ਮਾਇ ॥*
*ਤਬ ਲਗੁ ਧਰਮ ਰਾਇ ਦੇਇ ਸਜਾਇ ॥*
*ਪ੍ਰਭ ਕਿਰਪਾ ਤੇ ਬੰਧਨ ਤੂਟੈ ॥*
*ਗੁਰ ਪ੍ਰਸਾਦਿ ਨਾਨਕ ਹਉ ਛੂਟੈ ॥* *ਅੰਗ - ੨੭੮*

ਇਹ ਹਉਮੈ ਦੇ ਰੂਪ ਦੱਸੇ ਨੇ ਮਹਾਰਾਜ ਨੇ, ਅੱਡ-ਅੱਡ। ਜਦ ਇਹਦੇ ਮਨ 'ਚ ਖਿਆਲ ਆਉਂਦਾ ਹੈ ਕਿ ਮੈਂ ਕੁਛ ਕਰਦਾ ਹਾਂ, ਮੈਂ ਕਰ ਦੇਵਾਂ, ਮੈਂ ਇਨ੍ਹਾਂ ਦਾ ਭਲਾ ਕਰ ਦੇਵਾਂ। ਮੈਂ ਇਨ੍ਹਾਂ ਵਾਸਤੇ ਆਹ ਬਣਾ ਜਾਵਾਂ। ਕਹਿੰਦੇ, ਇਹ ਮੈਂ ਦੇ ਉਤੇ ਆਸਰਾ ਰੱਖ ਕੇ ਗੱਲ ਕਰ ਰਿਹਾ ਹੈ। ਇੱਥੇ ਤਾਂ ਸਾਰਾ ਕੁਛ ਮਹਾਰਾਜ ਗੁਰੂ ਦਸਵੇਂ ਪਾਤਸ਼ਾਹ ਨੇ, ਬੁੱਧੂਸ਼ਾਹ ਪੀਰ ਨੂੰ ਦੱਸਿਆ ਸੀ ਕਿ ਹੁਕਮ ਦੀ ਖੇਡ ਹੋ ਰਹੀ ਹੈ। ਇੱਥੇ ਕੁਛ ਨਹੀਂ ਕੋਈ ਕਰਦਾ। ਇਹ ਜਦੋਂ ਕਹਿੰਦਾ ਹੈ ਕਿ ਮੈਂ ਕਰਦਾ ਹਾਂ, ਮੈਂ ਕਰਿਆ, ਮੈਂ ਸਕੂਲ ਬਣਾਇਆ, ਮੈਂ ਗੁਰਦੁਆਰਾ ਬਣਾਇਆ ਹੈ। ਕੰਮ ਤਾਂ ਬਹੁਤ ਵਧੀਆ ਹੈ। ਨੇਕ ਕੰਮ ਕਰਿਆ ਹੈ, ਪਰ ਕੰਮ ਦੇ ਫਲ ਵਿਚ ਫਸ ਗਿਆ ਉਹ। ਫਲ ਭੋਗੇਗਾ, ਚਾਹੇ ਬੈਕੁੰਠ ਧਾਮ 'ਚ ਜਾ ਕੇ ਭੋਗੇ, ਚਾਹੇ ਇਸੇ ਸੰਸਾਰ 'ਚ ਆ ਕੇ, ਵੱਡੀ ਪਦਵੀ ਪ੍ਰਾਪਤ ਕਰਕੇ ਆ ਕੇ ਭੋਗੇ, ਕਿਉਂਕਿ ਬੰਨ੍ਹਿਆ ਗਿਆ ਏਸ ਚੀਜ਼ ਨਾਲ। ਇਸ ਤਰ੍ਹਾਂ ਬੰਨ੍ਹਿਆ ਜਾਂਦਾ ਹੈ ਆਦਮੀ। ਮੇਰਾ ਫਲਾਣਾ ਵੈਰੀ ਹੈ, ਇਹਨੇ ਮੈਨੂੰ ਬੜਾ ਤੰਗ ਕਰਿਆ ਹੈ, ਆਹ ਤਾਂ ਮੇਰਾ ਮਿੱਤਰ ਹੈ, ਸਾਡਾ ਹਿਤੀ ਹੈ, ਮਹਾਰਾਜ ਕਹਿੰਦੇ - 'ਤਬ ਲਗੁ ਨਿਹਚਲੁ ਨਾਹੀ ਚੀਤੁ ॥' ਗਿਆਨ ਨਹੀਂ ਹੋਇਆ, ਦੋ ਵਿਚ ਚੱਲ ਰਿਹਾ ਹੈਂ ਤੂੰ। ਸੋ ਦੋਹਾਂ ਦੇ ਵਿਚ ਜਿੰਨੀ ਦੇਰ ਤੱਕ ਹੈਂ, ਤੂੰ ਓਨੀਂ ਦੇਰ ਤੱਕ ਜੰਮਦਾ ਮਰਦਾ ਰਹੇਂਗਾ - 'ਜਬ ਲਗੁ ਮੋਹ ਮਗਨ ਸੰਗਿ ਮਾਇ ॥' ਜਿੰਨਾਂ ਚਿਰ ਮੋਹ ਦੇ ਵਿਚ ਮਗਨ ਹੈਂ, ਚਾਹੇ ਪੈਸੇ ਦਾ ਮੋਹ ਹੈ, ਚਾਹੇ ਪਰਿਵਾਰ ਦਾ ਮੋਹ ਹੈ, ਚਾਹੇ ਬੱਚਿਆਂ ਦਾ ਮੋਹ ਹੈ। ਚਾਹੇ ਕੋਠੀਆਂ ਦਾ ਮੋਹ ਹੈ, ਚਾਹੇ ਆਪਣੇ ਸਾਥੀਆਂ ਦਾ ਮੋਹ ਹੈ। ਮਹਾਰਾਜ ਕਹਿੰਦੇ ਪਤਾ ਹੈ ਕੀ ਹੋਏਗਾ? 'ਤਬ ਲਗੁ ਧਰਮੁ ਰਾਇ ਦੇਇ ਸਜਾਇ ॥' ਓਨਾਂ ਚਿਰ ਤੂੰ ਸਦਾ ਵਾਸਤੇ ਤਿਆਰ ਹੋਈ ਜਾਹ। ਕਿਉਂਕਿ ਕਰਮ ਚੰਗੇ ਵੀ ਹੁੰਦੇ ਨੇ, ਮਾੜੇ ਵੀ ਹੁੰਦੇ ਨੇ। 'ਪ੍ਰਭ ਕਿਰਪਾ ਤੇ ਬੰਧਨ ਤੂਟੈ ॥ ਗੁਰ ਪ੍ਰਸਾਦਿ ਨਾਨਕ ਹਉ ਛੂਟੈ ॥ ' ਗੁਰੂ ਦੀ ਕ੍ਰਿਪਾ ਹੋ ਜਾਵੇ ਤਾਂ ਇਹ ਹਉਮੈ ਛੁਟਦੀ ਹੈ। ਇਹ ਪੈਦਾ ਕਿੱਥੋਂ ਹੋਈ ਕਹਿੰਦੇ? -

*ਹਉਮੈ ਕਿਥਹੁ ਊਪਜੈ ਕਿਤੁ ਸੰਜਮਿ ਇਹ ਜਾਇ ॥*

*ਅੰਗ - ੪੬੬*

ਮਹਾਰਾਜ ਕਹਿੰਦੇ, ਹੁਕਮ ਤੋਂ ਹੋਈ ਹੈ -

*ਹਉਮੈ ਏਹੋ ਹੁਕਮੁ ਹੈ ਪਇਐ ਕਿਰਤਿ ਫਿਰਾਹਿ ॥*
*ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ ॥*

*ਅੰਗ - ੪੬੬*

ਇਹਦੇ ਵਿਚ ਹੀ ਦਾਰੂ ਰੱਖ ਦਿਤੀ। ਕਿਹੜੀ ਹੈ? ਕਹਿੰਦੇ -

*ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ ॥*
*ਨਾਨਕੁ ਕਹੈ ਸੁਣਹੁ ਜਨਹੁ ਇਤੁ ਸੰਜਮਿ ਦੁਖ ਜਾਹਿ ॥*

*ਅੰਗ- ੪੬੬*

ਸੋ ਹਉਮੈ ਦੋਹੀਂ ਪਾਸੀ ਹੁੰਦੀ ਹੈ, ਮੋਟੀ ਹਉਮੈ ਨੂੰ ਤਾਂ ਆਪਾਂ ਸਾਰੇ ਹੀ ਜਾਣਦੇ ਹਾਂ। ਸੂਖਮ ਹਉਮੈ ਵੀ ਹੁੰਦੀ ਹੈ, ਜਿਵੇਂ ਮੈਂ ਐਨਾ ਭਜਨ ਕਰਦਾ ਹਾਂ, ਮੈਂ ਐਨੇ ਵਜੇ ਉਠਦਾ ਹੈ, ਭਜਨ ਸਿਮਰਨ ਕਰਨਾ, ਤਪ ਕਰਨਾ, ਸੇਵਾ ਕਰਨੀ, ਕੁਰਬਾਨੀ ਦਾ ਅਹੰਭਾਵ ਲਿਆਉਣਾ, ਇਹ ਹਉਮੈ ਹੋਇਆ ਕਰਦੀ ਹੈ। ਸਥੂਲ ਹਉਮੈ ਹੁੰਦੀ ਹੈ, ਰਾਜ ਦੀ, ਜੋਬਨ ਦੀ, ਸੁੰਦਰਤਾ ਦੀ, ਵਿਦਿਆ ਦੀ, ਹੁਨਰ ਦੀ, ਕੁਲ ਦੀ, ਜਾਤੀ ਦੀ, ਇਹ ਮੁੱਕਦੀ ਨਹੀਂ, ਜਿਹੜੀ ਸਥੂਲ ਹਉਮੈ ਹੈ। ਸੋ ਹਉਮੈ ਦੇ ਵਿਚ ਜੀਵ ਫਸਿਆ ਹੋਇਆ, ਇਹ ਹਸਦਾ ਰਹਿੰਦਾ ਹੈ ਤੇ ਇਹਦੇ ਰੂਪ ਨੇ ਬਹੁਤ ਜ਼ਿਆਦਾ ਮਹਾਰਾਜ ਨੇ ਖੋਲ੍ਹ-ਖੋਲ੍ਹ ਕੇ ਦਸੇ ਨੇ, ਇਸ ਤਰ੍ਹਾਂ ਪੜ੍ਹ ਲਓ -

*ਧਾਰਨਾ - ਸਮਝ ਲੈ ਮਨਾਂ, ਓ ਵੱਖੋ ਵੱਖ ਰੂਪ ਹਉਮੈ ਦੇ।*

*ਜਿਸ ਕੈ ਅੰਤਰਿ ਰਾਜ ਅਭਿਮਾਨੁ ॥*
*ਸੋ ਨਰਕਪਾਤੀ ਹੋਵਤ ਸੁਆਨੁ ॥* *ਅੰਗ - ੨੭੮*

ਮਹਾਰਾਜ ਸਾਨੂੰ ਵੱਖਰੇ-ਵੱਖਰੇ ਰੂਪ ਦਸਦੇ ਨੇ ਹਉਮੈ ਦੇ। ਰਾਜ ਦੇ ਅਭਿਮਾਨ ਵਿਚ ਕੁੱਤਾ ਬਣਦਾ ਹੈ। ਰਾਜ ਦਾ ਮਾਣ, ਚਾਹੇ ਕੋਈ ਰਾਜਸੀ ਅਫਸਰ ਹੈ, ਚਾਹੇ ਉਹ ਰਾਜਸੀ ਕਰਮਚਾਰੀ ਹੈ, ਅਭਿਮਾਨ ਉਹਦੇ ਮਨ ਵਿਚ ਹੋਵੇ ਕਿ ਮੈਂ ਫਲਾਣਾ, ਮੇਰੇ ਕੋਲ ਆਹ ਅਖਤਿਆਰ ਨੇ, ਕਹਿੰਦੇ, ਨਤੀਜਾ ਕੀ ਕਰਨਾ ਹੈ ਇਸ ਹਉਮੈ ਨੇ। ਕੁੱਤਾ ਬਣਾ ਦਏਗੀ ਅਤੇ ਨਰਕ ਵਿਚ ਜਾਏਗਾ -

*ਜੋ ਜਾਨੈ ਮੈ ਜੋਬਨਵੰਤੁ ॥ ਸੋ ਹੋਵਤ ਬਿਸਟਾ ਕਾ ਜੰਤੁ ॥*

*ਅੰਗ - ੨੭੮*

ਕਿੱਥੇ ਗਿਆ ਦੇਖ ਲਓ, ਵਿਸ਼ਟਾ ਦਾ ਜੰਤ ਬਣ ਗਿਆ -

*ਆਪਸ ਕਉ ਕਰਮਵੰਤੁ ਕਹਾਵੈ ॥*
*ਜਨਮਿ ਮਰੈ ਬਹੁ ਜੋਨਿ ਭ੍ਰਮਾਵੈ ॥*
*ਧਨ ਭੂਮਿ ਕਾ ਜੋ ਕਰੈ ਗੁਮਾਨੁ ॥* *ਅੰਗ - ੨੭੮*

ਹੋ ਜਾਂਦਾ ਹੈ ਸਾਨੂੰ ਗੁਮਾਨ ਕਿ ਮੇਰੇ ਕੋਲ ਜ਼ਮੀਨ ਹੈ। ਇਹਦੇ ਨਾਲੋਂ ਮੇਰੀਆਂ ਕੋਠੀਆਂ ਜ਼ਿਆਦਾ। ਮੈਨੂੰ ਤਾਂ ਕਈ ਆਹੀ ਦਸਦੇ ਨੇ, ਜਿਥੇ ਜਾਓ ਕਹਿਣਗੇ, ਚੰਡੀਗੜ੍ਹ 'ਚ ਤਾਂ ਮੇਰੇ shop cum flat ਨੇ, ਸਾਡੇ ਕੋਲ ਤਾਂ ਜੀ ਕਾਰਾਂ ਬੜੀਆਂ ਨੇ, ਮੇਰੇ ਬੱਚੇ ਤਾਂ ਏਸ ਤਰ੍ਹਾਂ ਨੇ ਜੀ, ਸਾਰੀਆਂ ਹਉਮੈ ਦੀਆਂ ਗੱਲਾਂ ਨੇ।

*ਧਨ ਭੂਮਿ ਕਾ ਜੋ ਕਰੈ ਗੁਮਾਨੁ ॥*
*ਸੋ ਮੂਰਖੁ ਅੰਧਾ ਅਗਿਆਨੁ ॥*
*ਕਰਿ ਕਿਰਪਾ ਜਿਸ ਕੈ ਹਿਰਦੈ ਗਰੀਬੀ ਬਸਾਵੈ ॥*

*ਨਾਨਕ ਈਹਾ ਮੁਕਤੁ ਆਗੈ ਸੁਖੁ ਪਾਵੈ ॥* *ਅੰਗ - ੨੭੮*
*ਧਨਵੰਤਾ ਹੋਇ ਕਰਿ ਗਰਬਾਵੈ ॥*
*ਤ੍ਰਿਣ ਸਮਾਨਿ ਕਛੁ ਸੰਗਿ ਨ ਜਾਵੈ ॥*
*ਬਹੁ ਲਸਕਰ ਮਾਨੁਖ ਊਪਰਿ ਕਰੇ ਆਸ ॥*
*ਪਲ ਭੀਤਰਿ ਤਾ ਕਾ ਹੋਇ ਬਿਨਾਸ ॥*
*ਸਭ ਤੇ ਆਪ ਜਾਨੈ ਬਲਵੰਤੁ ॥*
*ਖਿਨ ਮਹਿ ਹੋਇ ਜਾਇ ਭਸਮੰਤੁ ॥*
*ਕਿਸੈ ਨ ਬਦੈ ਆਪਿ ਅਹੰਕਾਰੀ ॥*
*ਧਰਮ ਰਾਇ ਤਿਸੁ ਕਰੇ ਖੁਆਰੀ ॥*
*ਗੁਰ ਪ੍ਰਸਾਦਿ ਜਾ ਕਾ ਮਿਟੈ ਅਭਿਮਾਨੁ ॥*
*ਸੋ ਜਨੁ ਨਾਨਕ ਦਰਗਹ ਪਰਵਾਨੁ ॥ ੨ ॥*
*ਕੋਟਿ ਕਰਮ ਕਰੈ ਹਉ ਧਾਰੇ ॥*
*ਸ੍ਰਮੁ ਪਾਵੈ ਸਗਲੇ ਬਿਰਥਾਰੇ ॥* *ਅੰਗ - ੨੭੮*

ਸਾਰੇ ਨੇਕ ਕਰਮ ਕਰਕੇ, ਸੇਵਾ ਕਰਕੇ, ਦਾਨ ਕਰਕੇ, ਤੀਰਥ ਕਰਕੇ, ਕਰੋੜਾਂ ਹੀ ਕਰਮ ਕਰੇ, ਮਹਾਰਾਜ ਕਹਿੰਦੇ ਇੱਕ ਦੋ ਚਾਰ ਨਹੀਂ, ਲੇਕਿਨ ਫੇਰ ਕਹੇ ਕਿ ਮੈਂ ਕਰੇ। ਉਹਦੇ ਨਾਲ ਕੀ ਹੁੰਦਾ ਹੈ, ਕਹਿੰਦੇ, ਥਕੇਵਾਂ ਪੱਲੇ ਪਿਆ -

*ਅਨਿਕ ਤਪਸਿਆ ਕਰੇ ਅਹੰਕਾਰ ॥* *ਅੰਗ - ੨੭੮*

ਮੈਂ ਇਸ ਤਰ੍ਹਾਂ ਤਪਸਿਆ ਕਰੀ, ਫਲਾਣੇ ਥਾਉਂ ਐਨਾ ਨਾਮ ਜਪਿਆ, ਐਨਾ ਭਜਨ ਕਰਿਆ। ਉਹਦਾ ਮਾਣ ਕਰਦਾ ਹੈ ਕਿ ਇਹਨੇ ਨਹੀਂ ਕਰਿਆ, ਮੈਂ ਕਰਿਆ ਹੈ। ਮਹਾਰਾਜ ਕਹਿੰਦੇ ਫੇਰ ਕੀ ਹੋਏਗਾ?

*ਨਰਕ ਸੁਰਗ ਫਿਰਿ ਫਿਰਿ ਅਵਤਾਰ ॥* *ਅੰਗ - ੨੭੮*

ਕਦੇ ਨਰਕ 'ਚ ਜਾਏਗਾ, ਕਦੇ ਸਵਰਗ 'ਚ ਤੇ ਮੁੜ-ਮੁੜ ਕੇ ਜੰਮਦਾ-ਮਰਦਾ ਰਹੇਂਗਾ -

*ਅਨਿਕ ਜਤਨ ਕਰਿ ਆਤਮ ਨਹੀ ਦ੍ਰਵੈ ॥*
*ਹਰਿ ਦਰਗਹ ਕਹੁ ਕੈਸੇ ਗਵੈ ॥* *ਅੰਗ - ੨੭੮*

ਜੇ ਆਤਮਾ ਨਹੀਂ ਦ੍ਰਵੀ, ਇਹਦੇ ਵਿਚ ਫਰਕ ਨਹੀਂ ਪਿਆ ਕੋਈ, ਤਾਂ ਕਹਿੰਦੇ ਦਰਗਾਹ ਦੇ ਵਿਚ ਕਿਵੇਂ ਜਾਏਂਗਾ? -

*ਆਪਸ ਕਉ ਜੋ ਭਲਾ ਕਹਾਵੈ ॥*
*ਤਿਸਹਿ ਭਲਾਈ ਨਿਕਟਿ ਨ ਆਵੈ ॥*
*ਸਰਬ ਕੀ ਰੇਨ ਜਾ ਕਾ ਮਨੁ ਹੋਇ ॥*
*ਕਹੁ ਨਾਨਕ ਤਾ ਕੀ ਨਿਰਮਲ ਸੋਇ ॥* *ਅੰਗ - ੨੭੮*

ਕਹਿਣ ਲੱਗੇ, ਭਾਈ ਜਮਾਲ! ਤੈਨੂੰ ਅਸੀਂ ਹਉਮੈ ਦਾ ਰੂਪ ਦਸਿਆ ਹੈ, ਤੈਨੂੰ ਅਸੀਂ ਜੀਵ ਦਾ ਰੂਪ ਦੱਸਿਆ ਹੈ ਤੇ ਜੀਵ ਜਿਹੜਾ ਹੈ ਇਹ ਸਤਿ ਨਹੀਂ ਹੋਇਆ ਕਰਦਾ। ਕਹਿੰਦਾ ਫੇਰ ਮਹਾਰਾਜ ਮੈਂ ਹੈ ਹੀਂ ਨਹੀਂ? ਮਹਾਰਾਜ ਕਹਿੰਦੇ, ਅਧਿਆਸ ਪੱਕ ਗਿਆ, ਤਾਂ ਤੈਨੂੰ ਤੂੰ ਲਗਦਾ ਹੈਂ। ਤੂੰ ਨਹੀਂ ਹੈਂ, ਇਹ ਤਾਂ ਕੂੜੀ ਹਉਮੈ ਹੈ। ਦਿਨ ਚੜ੍ਹਨ 'ਤੇ ਰਾਤ ਨਹੀਂ ਰਿਹਾ ਕਰਦੀ। ਹਨ੍ਹੇਰਾ ਉਸੇ ਵੇਲੇ ਖਤਮ ਹੋ ਜਾਂਦਾ ਹੈ। ਜੇ ਰਾਤ ਸੱਚੀ ਹੋਵੇ ਤਾਂ ਦਿਨ ਵਿਚ ਵੀ ਰਹੇ। ਕਹਿੰਦੇ ਰਾਤ ਸੱਚੀ ਨਹੀਂ ਹੈ, ਚਾਨਣਾ ਹੋਇਆ ਤੇ ਰਾਤ ਖਤਮ ਹੋ ਗਈ। ਇਸੇ ਤਰ੍ਹਾਂ ਜਦੋਂ ਸੱਚ ਦਾ ਸੂਰਜ ਚੜ੍ਹ ਜਾਂਦਾ ਹੈ, ਝੂਠੀ ਮੈਂ ਮਰ ਜਾਂਦੀ ਹੈ, ਫੇਰ ਉਥੇ ਕੀ ਹੁੰਦਾ ਹੈ? ਸੱਚ ਆ ਕੇ ਪ੍ਰਵੇਸ਼ ਕਰ ਲੈਂਦਾ ਹੈ। ਸੱਚ ਇਹ ਹੈ ਕਿ ਸਾਰਿਆਂ ਦੇ ਅੰਦਰ ਪ੍ਰਮੇਸ਼ਰ ਆਪੇ ਹੀ ਖੇਲ੍ਹ ਕਰ ਰਿਹਾ ਹੈ। ਇਥੇ ਦੂਜਾ ਨਹੀਂ ਕੋਈ, ਸਾਰਿਆਂ ਦੇ ਅੰਦਰ ਇੱਕ ਪ੍ਰਮੇਸ਼ਰ ਲੇਕਿਨ ਇਹਦਾ ਜਿਹੜਾ ਜੜ੍ਹ ਹਿੱਸਾ ਹੈ, ਜਿਹਨੂੰ ਅੰਤਸ਼ਕਰਣ ਕਹਿੰਦੇ ਨੇ, ਉਹਨੇ ਜਾਗਰੁਕਤਾ ਆਉਣ ਤੇ 'ਮੈਂ' ਬਣਾ ਲਈ, 'ਮੈਂ' ਬਣਾਉਣ ਨਾਲ ਉਹ ਫਸਿਆ ਫਿਰਦਾ ਹੈ, ਦੁੱਖ ਸੁਖ ਭੋਗਦਾ ਹੈ। ਜੇ ਉਹ ਮੈਂ ਨੂੰ ਛੱਡ ਦੇਵੇ, ਮੈਂ ਤਾਂ ਕੁਛ ਨਹੀਂ -

*ਮੈ ਨਾਹੀ ਪ੍ਰਭ ਸਭੁ ਕਿਛੁ ਤੇਰਾ ॥*
*ਈਘੈ ਨਿਰਗੁਨ ਊਘੈ ਸਰਗੁਨ*
*ਕੇਲ ਕਰਤ ਬਿਚਿ ਸੁਆਮੀ ਮੇਰਾ ॥ ੧ ॥ ਰਹਾਉ ॥*
*ਨਗਰ ਮਹਿ ਆਪਿ ਬਾਹਰਿ ਫੁਨਿ ਆਪਨ*
*ਪ੍ਰਭ ਮੇਰੇ ਕੋ ਸਗਲ ਬਸੇਰਾ ॥*
*ਆਪੇ ਹੀ ਰਾਜਨੁ ਆਪੇ ਹੀ ਰਾਇਆ*
*ਕਹ ਕਹ ਠਾਕੁਰੁ ਕਹ ਕਹ ਚੇਰਾ ॥* *ਅੰਗ - ੮੨੭*

ਕਹਿੰਦੇ, ਆਪੇ ਹੀ ਰਾਜਾ ਬਣਿਆ ਹੋਇਆ ਹੈ, ਆਪੇ ਹੀ ਰੰਕ ਬਣਿਆ ਹੋਇਆ ਹੈ, ਆਪੇ ਹੀ ਰਿਆਇਆ ਬਣਿਆ ਹੋਇਆ ਹੈ, ਆਪੇ ਹੀ ਹਾਕਮ ਬਣਿਆ ਹੋਇਆ ਹੈ ਤੇ ਜਦੋਂ ਇਹ ਪਛਾਣ ਵਿਚ ਆ ਜਾਂਦੀ ਹੈ ਗੱਲ, ਫੇਰ ਮਹਾਰਾਜ ਕਹਿੰਦੇ, ਸੋਝੀ ਜਾਗਦੀ ਹੈ -

*ਮਨ ਮੇਰੇ ਜਿਨਿ ਅਪੁਨਾ ਭਰਮੁ ਗਵਾਤਾ ॥*
*ਤਿਸ ਕੈ ਭਾਣੈ ਕੋਇ ਨ ਭੂਲਾ ਜਿਨਿ ਸਗਲੋ ਬ੍ਰਹਮੁ ਪਛਾਤਾ ॥*
*ਅੰਗ - ੬੧੦*

ਜਦੋਂ ਸੱਚ ਦੀ ਪਛਾਣ ਹੋ ਗਈ ਤੇ ਜੜ੍ਹ ਨੂੰ ਜੜ੍ਹ ਨਾ ਸਮਝਿਆ। ਚੇਤਨ ਨੂੰ ਚੇਤਨ ਨਾ ਸਮਝਿਆ। ਜੜ੍ਹ ਤੇ ਚੇਤਨ ਦੋਹਾਂ ਨੂੰ ਇਕੱਠੇ ਕਰ ਦਿਤਾ ਕਿ ਆਪੇ ਹੀ ਪ੍ਰਮੇਸ਼ਰ ਆਪਣੇ ਰੰਗਾਂ 'ਚ ਖੇਲ੍ਹਦਾ ਹੈ, ਇੱਥੇ ਦੂਜਾ ਕੋਈ ਨਹੀਂ ਹੈ। ਇਸ ਤਰ੍ਹਾਂ ਪੜ੍ਹ ਲਓ -

*ਧਾਰਨਾ - ਵੇਖ ਪਿਆਰਿਆ! ਸਭਨਾਂ ਅੰਦਰ ਏਕੋ ਰਾਮ ਹੈ।*

ਮਹਾਰਾਜ ਕਹਿਣ ਲੱਗੇ, ਦੇਖ ਪਿਆਰਿਆ! -

*ਨਿਰਗੁਨੁ ਆਪਿ ਸਰਗੁਨੁ ਭੀ ਓਹੀ ॥*
*ਕਲਾ ਧਾਰਿ ਜਿਨਿ ਸਗਲੀ ਮੋਹੀ ॥*
*ਅਪਨੇ ਚਰਿਤ ਪ੍ਰਭਿ ਆਪਿ ਬਨਾਏ ॥*
*ਅਪੁਨੀ ਕੀਮਤਿ ਆਪੇ ਪਾਏ ॥*
*ਹਰਿ ਬਿਨੁ ਦੂਜਾ ਨਾਹੀ ਕੋਇ ॥*

*ਸਰਬ ਨਿਰੰਤਰਿ ਏਕੋ ਸੋਇ ॥*
*ਓਤਿ ਪੋਤਿ ਰਵਿਆ ਰੂਪ ਰੰਗ ॥* *ਅੰਗ - ੨੮੭*

ਇਸ ਤਰ੍ਹਾਂ ਰਮਿਆ ਹੋਇਆ ਹੈ ਜਿਵੇਂ ਕੱਪੜਾ ਬੁਣਿਆ ਹੁੰਦਾ ਹੈ, ਪਰ ਪ੍ਰਗਾਸ ਕਦੋਂ ਹੁੰਦਾ ਹੈ -

*ਭਏ ਪ੍ਰਗਾਸ ਸਾਧ ਕੈ ਸੰਗ ॥* *ਅੰਗ - ੨੮੭*

ਕੋਈ ਪੂਰਾ ਮਿਲ ਜਾਵੇ, ਉਹਦੀ ਸੰਗਤ ਦੇ ਨਾਲ ਉਹਦਾ ਪ੍ਰਕਾਸ਼ ਹੁੰਦਾ ਹੈ, ਨਹੀਂ ਤਾਂ ਹਉਮੈ ਦਾ ਜਿਹੜਾ ਕਾਲਾ ਬੱਦਲ ਹੈ, ਢੱਕ ਕੇ ਰੱਖਦਾ ਹੈ ਉਹਨੂੰ।

*ਰਚਿ ਰਚਨਾ ਅਪਨੀ ਕਲ ਧਾਰੀ ॥*
*ਅਨਿਕ ਬਾਰ ਨਾਨਕ ਬਲਿਹਾਰੀ ॥* *ਅੰਗ - ੨੮੭*

ਸਮਝਾ ਦਿਤਾ, ਸਮਝਣ ਦੇ ਨਾਲ ਕਹਿਣ ਲੱਗਿਆ, ਪਾਤਸ਼ਾਹ! ਇੱਕ ਸ਼ੰਕਾ ਰਹਿ ਗਿਆ।

ਮਹਾਰਾਜ ਕਹਿਣ ਲੱਗੇ, ਉਹ ਵੀ ਦੱਸ ਦੇ।

ਮਹਾਰਾਜ ਜੇ ਸਾਰਿਆਂ ਦੇ ਅੰਦਰ ਇੱਕ ਵਾਹਿਗੁਰੂ ਹੈ, ਫੇਰ ਇੱਕ ਦੇ ਦੁੱਖੀ ਹੋਣ ਨਾਲ ਸਾਰੇ ਦੁਖੀ ਹੋਣੇ ਚਾਹੀਦੇ ਨੇ। ਉਹ ਤਾਂ ਇੱਕੋ ਹੀ ਹੈ। ਇੱਕ ਦੀ ਭੁੱਖ ਨਵਿਰਤ ਹੋ ਜਾਏ, ਸਾਰੇ ਰੱਜ ਜਾਣੇ ਚਾਹੀਦੇ ਨੇ। ਇੱਕ ਦੇ ਅੰਦਰ ਗਿਆਨ ਦਾ ਪ੍ਰਕਾਸ਼ ਹੋ ਜਾਵੇ, ਸਾਰਿਆਂ ਦੇ ਅੰਦਰ ਪ੍ਰਕਾਸ਼ ਹੋ ਜਾਣਾ ਚਾਹੀਦਾ ਹੈ।

ਮਹਾਰਾਜ ਕਹਿੰਦੇ, ਦੇਖ ਅਕਾਸ਼ ਹੈ ਨਾ ਸਾਰੇ ਪਰੀਪੂਰਨ।

ਕਹਿੰਦਾ ਹਾਂ।

ਕਹਿੰਦੇ, ਸਾਰੇ ਭਾਂਡਿਆਂ ਦੇ ਵਿਚ ਵੀ ਆਕਾਸ਼ ਹੈ। ਆਕਾਸ਼ space ਨੂੰ ਕਹਿੰਦੇ ਨੇ। ਕੋਠੀ ਦੇ ਅੰਦਰ ਵੀ ਪ੍ਰਕਾਸ਼ ਹੈ। ਸਾਰੀਆਂ ਕੋਠੀਆਂ ਦੇ ਅੰਦਰ ਇੱਕੋ ਹੀ ਪ੍ਰਕਾਸ਼ ਹੈ, ਜਿਹਦੇ ਅੰਦਰ ਕੋਈ ਬਟਨ ਦਬਾਏਗਾ, ਸਵਿੱਚ ਦੱਬੇਗਾ, ਪ੍ਰਕਾਸ਼ ਉਹਦੇ ਅੰਦਰ ਹੀ ਆਏਗਾ, ਦੂਜਿਆਂ 'ਚ ਨਹੀਂ ਆਉਂਦਾ ਹੁੰਦਾ ਹੈ। ਹੈਗਾ ਵਾਹਿਗੁਰੂ ਹੀ ਸਾਰਿਆਂ ਦੇ ਅੰਦਰ, ਜਿਸ ਘਟ 'ਚ ਉਹਨੇ ਪ੍ਰਗਟ ਹੋਣਾ ਹੈ, ਉਥੇ ਹੀ ਹੁੰਦਾ ਹੈ। ਬਾਕੀ ਘਟਾਂ ਦੇ ਵਿਚ ਨਹੀਂ ਪ੍ਰਗਟ ਹੋਇਆ ਕਰਦਾ ਤੇ ਇਸੇ ਤਰ੍ਹਾਂ ਦੇ ਨਾਲ ਤਾਰਿਆਂ ਦਾ ਪਰਛਾਵਾਂ ਸਾਰੇ ਜਲਾਂ 'ਚ ਪੈਂਦਾ ਹੈ, ਦਿਸਦਾ ਹੈ ਪਰ ਉਹ ਨਿਆਰਾ ਹੈ ਸਾਰਿਆਂ ਤੋਂ। ਉਹਦੇ ਵਿਚ ਹੁੰਦਾ ਹੋਇਆ, ਦਿਸਦਾ ਹੋਇਆ ਵੀ, ਨਿਆਰਾ ਰਹਿੰਦਾ ਹੈ। ਇਸੇ ਤਰ੍ਹਾਂ ਨਿਰਗੁਣ ਬ੍ਰਹਮ ਸਭ ਕੁਛ ਹੁੰਦਾ ਹੋਇਆ, ਸਾਰਿਆਂ ਤੋਂ ਅਸੰਗ ਤੇ ਨਿਆਰਾ ਰਹਿੰਦਾ ਹੈ। ਹੈਗਾ ਸਾਰਿਆਂ ਦੇ ਅੰਦਰ -

*ਕਾਹੇ ਰੇ ਬਨ ਖੋਜਨ ਜਾਈ ॥*
*ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ ॥ ੧ ॥*
*ਰਹਾਉ ॥*
*ਪੁਹਪ ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ ॥*
*ਤੈਸੇ ਹੀ ਹਰਿ ਬਸੇ ਨਿਰੰਤਰਿ ਘਟ ਹੀ ਖੋਜਹੁ ਭਾਈ ॥ ੧ ॥*
*ਬਾਹਰਿ ਭੀਤਰਿ ਏਕੋ ਜਾਨਹੁ ਇਹੁ ਗੁਰ ਗਿਆਨੁ ਬਤਾਈ ॥*
*ਅੰਗ - ੬੮੪*

ਅੰਦਰ ਵੀ ਉਹਨੂੰ ਦੇਖ, ਬਾਹਰ ਵੀ ਹੈ -

*ਜਨ ਨਾਨਕ ਬਿਨੁ ਆਪਾ ਚੀਨੈ*
*ਮਿਟੈ ਨ ਭ੍ਰਮ ਕੀ ਕਾਈ ॥* *ਅੰਗ - ੬੭੮*

ਹੁਣ ਗੱਲ ਇਥੇ ਆ ਕੇ ਮੁੱਕ ਗਈ। ਜਿੰਨਾਂ ਚਿਰ ਆਪਾ ਨਹੀਂ ਚੀਨਦਾ, ਭਰਮ ਦੀ ਕਾਈ ਨਹੀਂ ਮੁੱਕਦੀ, ਓਨੀਂ ਦੇਰ ਤੱਕ ਹਉਮੈ ਦਾ ਨਾਸ਼ ਨਹੀਂ ਹੁੰਦਾ।

ਸੋ ਉਸ ਵੇਲੇ ਭਾਈ ਜਮਾਲ ਨੇ ਬੇਨਤੀ ਕੀਤੀ ਕਿ ਸੱਚੇ ਪਾਤਸ਼ਾਹ! ਆਪ ਨੇ ਬਹੁਤ ਤਰੀਕੇ ਦੇ ਨਾਲ, ਆਪ ਦੀ ਬਾਣੀ ਨੂੰ ਪੜ੍ਹ ਕੇ, ਵੀਚਾਰ ਕੇ, ਬੜਾ ਕੁਛ ਸਮਝ 'ਚ ਆ ਗਿਆ।

ਮਹਾਰਾਜ ਕਹਿਣ ਲੱਗੇ, ਭਾਈ ਜਮਾਲ! ਆਹੀ ਅਸੀਂ ਕਿਹਾ ਸੀ ਕਿ ਬਈ ਬਾਣੀ ਪੜ੍ਹਨ ਦੇ ਵਿਚ ਭੇਦ ਹੈ। ਬਾਣੀ ਸੁਣਨ ਵਿਚ ਭੇਦ ਹੈ, ਬਾਣੀ ਮੰਨਣ ਵਿਚ ਭੇਦ ਹੈ। ਬਾਣੀ ਕਮਾਉਣ ਵਿਚ ਭੇਦ ਹੈ। ਸੋ ਹੁਣ ਤੂੰ ਏਸ ਬਾਣੀ ਨੂੰ ਕਮਾ, ਸੁਣਿਆ ਹੈ ਤੂੰ ਤੇ ਸੁਣ ਕੇ ਮੰਨ ਲਿਆ।

ਜੇ ਅਸੀਂ ਵੀ ਸੁਣ ਲਈਏ ਸਾਧਸੰਗਤ ਜੀ! ਬਾਣੀ ਤਾਂ ਓਹੀ ਹੈ ਬੜੀ ਸੁਖਾਲੀ, ਸੁਣ ਕੇ ਮੰਨ ਲਈਏ, ਸਾਡਾ ਵੀ ਉਧਾਰ ਹੋ ਸਕਦਾ ਹੈ। ਕਿੱਡਾ ਵੱਡਾ ਗੁਰਸਿੱਖ ਹੋਇਆ ਕਿ ਗੁਰੂ ਇਤਿਹਾਸ 'ਚ ਉਨ੍ਹਾਂ ਸਿੱਖਾਂ ਦੇ ਨਾਉਂ ਆਉਂਦੇ ਨੇ ਜਿਹੜੇ ਪੂਰਨ ਪਦਵੀ ਨੂੰ ਪਹੁੰਚੇ ਹੋਏ ਸੀ, ਬ੍ਰਹਮਗਿਆਨ ਅਵਸਥਾ ਨੂੰ। ਜਿਨ੍ਹਾਂ ਦੇ ਅੰਦਰ -

*ਆਤਮ ਰਸ ਜਿਹ ਜਾਨਹੀ, ਸੋ ਹੈ ਖਾਲਸ ਦੇਵ॥*
*ਪ੍ਰਭ ਮਹਿ, ਮੋ ਮਹਿ, ਤਾਸ ਮਹਿ, ਰੰਚਕ ਨਾਹਨ ਭੇਵ॥*
*(ਸਰਬ ਲੋਹ ਗ੍ਰੰਥ 'ਚੋਂ)*

ਭੇਦ ਮਿਟਾ ਦਿਤਾ ਸੀ, ਗੁਰੂ ਦੀ ਜੋਤ ਨਾਲ ਜੋਤ ਹੋ ਕੇ ਇੱਕੋ ਓਤ ਪੋਤ ਹੋ ਗਏ ਸੀ। ਸੋ ਐਸੇ ਗੁਰਸਿੱਖਾਂ ਦਾ ਹੁੰਦਾ ਹੈ, ਸੋ ਕਹਿਣ ਲੱਗਿਆ, ਪਾਤਸ਼ਾਹ! ਕੋਈ ਸਾਧਨ ਦੱਸੋ। ਹੁਣ ਇਹ ਐਨਾ ਵਜ਼ਨ ਮੇਰੇ ਤੋਂ ਚੁੱਕਿਆ ਨਹੀਂ ਜਾਂਦਾ ਤੇ ਬਾਣੀ ਕਮਾਈ ਨਹੀਂ ਜਾਂਦੀ। ਕੋਈ ਆਪ ਸਾਧਨ ਦੱਸੋ, ਜਿਸ ਦੇ ਨਾਲ ਮੈਂ ਬਾਣੀ ਕਮਾ ਲਵਾਂ। ਮਹਾਰਾਜ ਕਹਿੰਦੇ, ਪਿਆਰਿਆ! ਉਹ ਸਾਧਨ ਹੈ ਸਿਮਰਨ। ਸਿਮਰਨ ਕਹਿੰਦੇ ਨੇ, ਯਾਦ ਨੂੰ ਤੇ ਵਾਹਿਗੁਰੂ ਉਹਦਾ ਨਾਉਂ ਅਸੀਂ ਰੱਖਿਆ ਹੈ। ਗੁਰੂ ਨਾਨਕ ਪਾਤਸ਼ਾਹ

ਨੇ ਨਾਮ ਦਿਤਾ, ਵਾਹਿਗੁਰੂ ਕਹਿੰਦੇ ਹਾਂ ਜਦ ਅਸੀਂ ਤਾਂ ਖੰਡਾਂ-ਬ੍ਰਹਿਮੰਡਾਂ 'ਚ ਪਰੀਪੂਰਨ ਜੋਤ -

*ਜਿਮੀ ਜਮਾਨ ਕੇ ਬਿਖੈ ਸਮੱਸਤਿ ਏਕ ਜੋਤ ਹੈ॥*
*ਨਾ ਘਾਟ ਹੈ ਨ ਬਾਢ ਹੈ ਨਾ ਘਾਟਿ ਬਾਢਿ ਹੋਤ ਹੈ॥*

*ਅਕਾਲ ਉਸਤਤਿ*

ਜਦੋਂ ਤੇਰਾ ਧਿਆਨ ਇਹਦੇ ਵਿਚ ਪਰਪੱਕ ਹੋਣ ਲੱਗ ਜਾਏਗਾ, ਦੁਨੀਆਂ ਵਲੋਂ ਪਿੱਛੇ ਹਟਣ ਲੱਗ ਜਾਏਗਾ। ਉਸ ਵੇਲੇ ਇਹ ਯਾਦ ਵਧਦੀ ਜਾਏਗੀ, ਓਧਰਲਾ ਅਧਿਆਸ ਘਟਦਾ ਜਾਏਗਾ। ਜਿਸ ਵਕਤ ਇਹ ਯਾਦ 24 ਘੰਟੇ ਦੀ ਬਣ ਜਾਏਗੀ ਤੇ ਅਵਸਥਾ ਐਸੀ ਆ ਜਾਏਗੀ, ਜੈਸੀ ਗੁਰੂ ਮਹਾਰਾਜ ਨੇ ਵਰਣਨ ਕੀਤੀ ਹੈ, ਪੜ੍ਹੋ ਪਿਆਰ ਨਾਲ -

*ਧਾਰਨਾ - ਨਹੀਂਓਂ ਜੀਂਵਦੀ, ਮੱਛੀ ਨੀਰ ਤੋਂ ਬਿਨਾਂ।*

*ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ ॥*
*ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ ॥*
*ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ ॥*
*ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ ॥*
*ਤਿਉ ਸੰਤ ਜਨਾ ਹਰਿ ਪ੍ਰੀਤਿ ਹੈ ਦੇਖਿ ਦਰਸੁ ਅਘਾਵੈ ॥*

*ਅੰਗ - ੭੦੮*

ਕਹਿਣ ਲੱਗੇ, ਭਾਈ ਜਮਾਲ! ਇਹਦਾ ਇਲਾਜ ਇਹੀ ਹੈ ਕਿ ਓਧਰਲਾ ਅਧਿਆਸ ਘਟਾਉਣਾ ਸ਼ੁਰੂ ਕਰ ਦੇ। ਇਧਰਲਾ ਵਧਾਉਣਾ ਸ਼ੁਰੂ ਕਰ ਦੇ। ਇਹ ਸਿਮਰਨ ਨਾਲ ਹੋਇਆ ਕਰਦਾ ਹੈ। ਜਿਉਂ-ਜਿਉਂ ਸਿਮਰਨ ਵਧਦਾ ਜਾਏਗਾ, ਤਿਉਂ-ਤਿਉਂ ਪ੍ਰਮੇਸ਼ਰ ਦੀ ਯਾਦ, ਸਤਿ ਦੀ ਯਾਦ ਪੱਕਦੀ ਜਾਏਗੀ ਤੇ ਝੂਠ ਦੀ ਰਾਤ ਖਤਮ ਹੁੰਦੀ ਜਾਏਗੀ। ਅਖੀਰ ਜਦੋਂ ਝੂਠ 'ਚੋਂ ਉੱਠ ਕੇ, ਹਉਮੈ 'ਚੋਂ ਉੱਠ ਕੇ, ਸੁਰਤ ਨੇ ਸਤਿ ਦੇ ਨਾਲ ਜੁੜ ਜਾਣਾ ਹੈ, ਉਸ ਵੇਲੇ ਪੁਲ ਬਣ ਜਾਏਗਾ। ਉਸ ਵੇਲੇ ਉਧਰ ਵੀ ਪ੍ਰਕਾਸ਼ ਹੋ ਜਾਏਗਾ, ਓਧਰੋਂ ਝੂਠੀ ਮੈਂ ਮਰ ਜਾਏਗੀ। ਏਧਰ ਸਤਿ ਦੀ ਪ੍ਰਾਪਤੀ ਹੋ ਜਾਏਗੀ। ਸੋ ਇਹਦਾ ਜਤਨ ਇਹੀ ਹੈ ਕਿ ਸਿਮਰਨ ਜਿਹਨੂੰ ਕਹਿੰਦੇ ਨੇ, ਨਾਮ ਜਪਣਾ -

*ਵਾਹਿਗੁਰੂ ਗੁਰਮੰਤ੍ਰ ਹੈ ਜਪਿ ਹਉਮੈ ਖੋਈ।*

*ਭਾਈ ਗੁਰਦਾਸ ਜੀ, ਵਾਰ ੧੩/੨*

ਇਹਨੂੰ ਜਪੋ, ਜਪਣ ਦੇ ਨਾਲ ਹਉਮੈ ਦਾ ਨਾਸ਼ ਹੋ ਜਾਏਗਾ। ਨਾ ਪੜ੍ਹਨ ਦੇ ਨਾਲ ਜਾਂਦੀ ਹੈ, ਨਾ ਵਿਚਾਰਨ ਦੇ ਨਾਲ ਜਾਂਦੀ ਹੈ। ਕੋਈ ਸਾਧਨ ਨਹੀਂ, ਹਉਮੈ ਨੂੰ ਕੱਟਣ ਦਾ, ਸਿਰਫ ਇੱਕ ਵਾਹਿਗੁਰੂ ਦਾ ਨਾਮ ਸਾਧਨ ਹੈ। ਸੋ ਇਸ ਤਰ੍ਹਾਂ ਤੂੰ ਸਾਵਧਾਨ ਹੋ ਕੇ ਨਾਮ ਜਪ, ਸਾਮ੍ਹਣੇ ਹੋ ਗਿਆ ਬੈਠ ਗਿਆ। ਮਹਾਰਾਜ ਨੇ ਕ੍ਰਿਪਾ ਕਰੀ, ਹੱਥ ਰੱਖ ਦਿਤਾ ਸੀਸ ਦੇ ਉਤੇ। ਨਾਲ ਹੁਕਮ ਦਿਤਾ, ਕਹਿਣ ਲੱਗੇ, ਭਾਈ ਜਮਾਲ! ਕਹੁ ਵਾਹਿਗੁਰੂ! ਕਹੁ ਵਾਹਿਗੁਰੂ! ਕਹੁ ਵਾਹਿਗੁਰੂ। ਤਿੰਨ ਵਾਰੀ ਵਾਹਿਗੁਰੂ ਕਹਾ ਕੇ, ਹਉਮੈ ਦਾ ਨਾਸ਼ ਕਰ ਦਿਤਾ ਤੇ ਸਿੱਖ ਨੇ ਫੇਰ ਕਮਾਈ ਕੀਤੀ ਬਾਣੀ ਦੀ, ਨਾਮ ਦੀ ਕਮਾਈ ਕੀਤੀ। ਸੋ ਇਸ ਤਰ੍ਹਾਂ ਜੇ ਅਸੀਂ ਬਾਣੀ ਦੀ ਕਮਾਈ ਕਰੀਏ। ਬਾਣੀ ਪੜ੍ਹਨੀ ਪਹਿਲਾਂ, ਫੇਰ ਬਾਣੀ ਦੇ ਅਰਥ ਵੀਚਾਰ ਕਰਨੇ, ਫੇਰ ਬਾਣੀ ਦੇ ਭਾਵ ਵਿਚ ਜਾਣਾ। ਫੇਰ ਬਾਣੀ ਨੂੰ ਮੰਨਣਾ। ਭਾਵ 'ਚ ਤਾਂ ਚਲੇ ਜਾਂਦਾ ਹੈ ਆਦਮੀ, ਲੇਕਿਨ ਮੰਨਦਾ ਨਹੀਂ ਹੈ। ਮੰਨੇਗਾ ਕਿਵੇਂ, ਬਾਣੀ ਵਿਚ ਤਾਂ ਬਹੁਤ ਗੱਲਾਂ ਹੁੰਦੀਆਂ ਨੇ। ਮੰਨਣਾ ਹੌਲੀ-ਹੌਲੀ ਸ਼ੁਰੂ ਕਰੋ, ਫੇਰ ਮੰਨ ਕੇ ਉਹਦੀ ਕਮਾਈ ਕਰੋ। ਮੰਨਣ ਤੇ ਨਹੀਂ ਖਹਿੜਾ ਛੁਟਦਾ। ਇਸ ਤੋਂ ਬਾਅਦ ਫੇਰ ਨਿਧਿਆਸਣ ਕਰਨਾ ਪੈਂਦਾ ਹੈ, ਕਮਾਈ ਕਰਨੀ ਪੈਂਦੀ ਹੈ। ਕਮਾਈ ਤੋਂ ਬਾਅਦ ਨਤੀਜਾ ਸਾਮ੍ਹਣੇ ਆਉਂਦਾ ਹੈ। ਸੋ ਇਸ ਤਰ੍ਹਾਂ ਦੇ ਨਾਲ ਸਾਡਾ ਵੀ ਉਧਾਰ ਹੋ ਸਕਦਾ ਹੈ, ਉਸ ਗੁਰਸਿੱਖ ਦਾ ਉਧਾਰ ਹੋਇਆ ਹੈ, ਜਿਸ ਦੀ ਬਦੌਲਤ ਸਾਨੂੰ ਵੀ ਬਹੁਤ ਕੁਛ ਪਤਾ ਲੱਗਿਆ। ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ, ਇਥੇ ਹੀ ਸਮਾਪਤੀ ਹੈ।

*ਅਨੰਦ ਸਾਹਿਬ, ਗੁਰਸਤੋਤਰ, ਅਰਦਾਸ, ਹੁਕਮਨਾਮਾ।*

## 'ਆਤਮ ਮਾਰਗ' ਸੰਬੰਧੀ ਜ਼ਰੂਰੀ ਬੇਨਤੀਆਂ

**1. ਰਿਨੂਅਲ ਦਾ ਚੰਦਾ ਭੇਜਣ ਲਈ ਮੈਂਬਰਸ਼ਿਪ ਨੰਬਰ ਅਤੇ ਰਿਨੂਅਲ ਤਾਰੀਖ ਦਾ ਵੇਰਵਾ ਜ਼ਰੂਰ ਦਿਤਾ ਜਾਵੇ ਅਤੇ ਇਹ ਵੀ ਦਸਿਆ ਜਾਵੇ ਕਿ ਚੰਦਾ ਰਿਨੂਅਲ ਲਈ ਹੈ ਜਾਂ ਨਵੀਂ ਮੈਂਬਰਸ਼ਿਪ ਲਈ ਹੈ।**

**2. ਜੇ ਕਿਸੇ ਪ੍ਰੇਮੀ ਨੇ ਆਤਮ ਮਾਰਗ ਲਈ ਚੰਦਾ ਜਮ੍ਹਾਂ ਕਰਾਇਆ ਹੋਵੇ ਅਤੇ ਉਸ ਨੂੰ ਮੈਗਜ਼ੀਨ ਨਾ ਪੁਜਦਾ ਹੋਵੇ ਤਾਂ ਉਹ ਜਮ੍ਹਾਂ ਕਰਵਾਈ ਗਈ ਰਕਮ ਦਾ ਰਸੀਦ ਨੰਬਰ ਆਦਿ ਲਿਖ ਕੇ ਭੇਜਣ ਦੀ ਕ੍ਰਿਪਾਲਤਾ ਕਰੇ।**

**3. 'ਆਤਮ ਮਾਰਗ' ਇਕ ਧਾਰਮਿਕ ਮੈਗਜ਼ੀਨ ਹੈ, ਇਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਛਪੀ ਹੁੰਦੀ ਹੈ, ਕ੍ਰਿਪਾ ਕਰਕੇ ਇਸ ਨੂੰ ਰੱਦੀ ਵਿਚ ਨਾ ਵਰਤਿਆ ਜਾਵੇ। ਜੇਕਰ ਆਪ ਪੁਰਾਣੇ ਮੈਗਜ਼ੀਨ ਨਹੀਂ ਰਖਣਾ ਚਾਹੁੰਦੇ ਤਾਂ ਇਹ ਸਾਡੇ ਕਿਸੇ ਵੀ ਵਿਤਰਣ ਕੇਂਦਰ ਤੇ ਵਾਪਿਸ ਕਰ ਦਿਤੇ ਜਾਣ।**

# ਬਾਬਾਣੀਆਂ ਕਹਾਣੀਆਂ

*ਸੰਤ ਵਰਿਆਮ ਸਿੰਘ ਜੀ*
*ਬਾਨੀ ਵਿ. ਗੁ. ਰੂ. ਮਿਸ਼ਨ।*

*(ਲੜੀ ਜੋੜਨ ਲਈ ਦੇਖੋ, ਫਰਵਰੀ ਅੰਕ, ਪੰਨਾ-17)*

ਚੌਥੀ ਕਿਸਮ ਦੀ ਮਾਇਆ ਵਾਹਿਗੁਰੂ ਜੀ ਨੇ ਸੰਸਾਰ ਦੀ ਰਚਨਾ ਕਰਦਿਆਂ ਇਕ ਖੇਲ੍ਹ ਕਰਨ ਵਾਸਤੇ ਆਪਣੀ ਹੀ ਮਾਇਆ ਸ਼ਕਤੀ ਦਾ ਪ੍ਰਸਾਰਣ ਕੀਤਾ। ਵਾਹਿਗੁਰੂ ਜੀ ਵਿਚ ਐਨੀਆਂ ਸ਼ਕਤੀਆਂ ਹਨ ਕੋਈ ਵੀ ਦੁਨੀਆਂ ਵਿਚ ਉਨ੍ਹਾਂ ਦਾ ਥਾਹ ਨਹੀਂ ਪਾ ਸਕਦਾ। ਉਨ੍ਹਾਂ ਵਿਚੋਂ ਹੀ ਇਕ ਮਾਇਆ ਸ਼ਕਤੀ ਹੈ ਜਿਸ ਦੀ ਰਚਨਾ ਪ੍ਰਭੂ ਨੇ ਆਪ ਹੀ ਆਪਣੇ ਆਪ ਤੋਂ ਕੀਤੀ। ਕਈ ਚਿੰਤਕਾਂ ਦਾ ਇਹ ਮਤ ਹੈ ਕਿ ਸੰਸਾਰ ਦੇ ਅੰਦਰ ਦੋ ਤਤਵ ਹਨ – ਇਕ ਵਿਚੋਂ ਦੁਖ ਪਰੇਸ਼ਾਨੀਆਂ, ਬੇਚੈਨੀ ਪੈਦਾ ਹੁੰਦੀ ਹੈ, ਉਹ ਜੜ੍ਹ ਤਤੂ ਹੈ। ਜੋ ਤਿੰਨ ਗੁਣਾਂ – ਰਜੋ, ਤਮੋ, ਸਤੋ ਗੁਣ ਦੇ ਰੂਪ ਵਿਚ ਹੋ ਕੇ ਸੰਸਾਰ ਰਚਦਾ ਹੈ। ਇਹ ਪ੍ਰਾਕ੍ਰਿਤਕ ਤਤੂ ਪਰਵਰਤਨਸ਼ੀਲ ਹੈ, ਛਿੰਨ ਭੰਗਰ ਹੈ, ਰੂਪ ਬਦਲਦਾ ਹੈ, ਇਕ ਰਸ ਨਹੀਂ ਰਹਿੰਦਾ। ਸਾਰੇ ਦੁਖਾਂ ਦਾ ਮੂਲ ਕਾਰਨ ਇਹ ਜੜ੍ਹ ਤਤੂ ਮਾਇਆ ਹੈ। ਦੂਸਰੇ ਵਿਚੋਂ ਸ਼ਾਂਤੀ ਰਸ ਅਤੇ ਪ੍ਰੇਮ ਅਨੰਦ ਦੀ ਵਰਸ਼ਾ ਹਰ ਸਮੇਂ ਵਰਸਦੀ ਰਹਿੰਦੀ ਹੈ। ਉਨ੍ਹਾਂ ਦਾ ਵੀ ਇਸ ਕਰਕੇ ਇਹ ਮਤ ਹੈ ਕਿ ਵਾਹਿਗੁਰੂ ਜੀ ਸਤਿ, ਚਿਤ, ਅਨੰਦ ਅਤੇ ਪ੍ਰਿਅ ਹਨ। ਸਤਿ ਹੋਂਦ ਨੂੰ ਆਖਿਆ ਜਾਂਦਾ ਹੈ ਜਿਸ ਦਾ ਕਦੇ ਵੀ ਅਭਾਵ ਨਾ ਹੋਵੇ। ਭੂਤ, ਭਵਿਖਤ, ਵਰਤਮਾਨ ਤੋਂ ਪਹਿਲਾਂ ਅਤੇ ਪਿਛੋਂ ਉਸ ਦੀ ਹੋਂਦ ਸਦੀਵੀ ਰਹੇ, ਜਿਸ ਵਿਚੋਂ ਨਾ ਕੁਝ ਘਟਦਾ ਹੋਵੇ, ਨਾ ਕੁਛ ਵਧਦਾ ਹੋਵੇ। ਜਿਸ ਦੇ ਬਾਰੇ ਗੁਰੂ ਦਸ਼ਮੇਸ਼ ਪਿਤਾ ਜੀ ਨੇ ਸੰਕੇਤ ਦਿੰਦਿਆਂ ਫੁਰਮਾਨ ਕੀਤਾ ਹੈ –

***ਜਿਮੀ ਜਮਾਨ ਕੈ ਬਿਖੈ ਸਮੱਸਤ ਏਕ ਜੋਤ ਹੈ॥***
***ਨ ਘਾਟ ਹੈ ਨ ਬਾਢ ਹੈ ਨ ਘਾਟ ਬਾਢ ਹੋਤ ਹੈ॥***
***ਨ ਹਾਨਿ ਹੈ ਨ ਬਾਨਿ ਹੈ ਸਮਾਨ ਰੂਪ ਜਾਨੀਐ॥***
***ਮਕੀਨ ਔ ਮਕਾਨ ਅਪ੍ਰਮਾਨ ਤੇਜ ਮਾਨੀਐ॥***
***(ਅਕਾਲ ਉਸਤਤਿ)***

ਇਸ ਸਤਿ ਦੀ ਵਿਆਖਿਆ ਕਰਦੇ ਹੋਏ ਗੁਰੂ ਦਸ਼ਮੇਸ਼ ਪਿਤਾ ਜੀ ਫੁਰਮਾਉਂਦੇ ਹਨ –

***ਨਾ ਦੇਹ ਹੈ ਨ ਗੇਹ ਹੈ***
***ਨ ਜਾਤ ਹੈ ਨ ਪਾਤ ਹੈ॥***
***ਨ ਮੰਤ੍ਰ ਹੈ ਨ ਮਿਤ੍ਰ ਹੈ***
***ਨ ਤਾਤ ਹੈ ਨ ਮਾਤ ਹੈ॥***
***ਨ ਅੰਗ ਹੈ ਨ ਰੰਗ ਹੈ***
***ਨ ਸੰਗ ਹੈ ਨ ਸਾਥ ਹੈ॥***
***ਨ ਦੋਖ ਹੈ ਨ ਦਾਗ ਹੈ***
***ਨ ਦ੍ਵੈਖ ਹੈ ਨ ਦੇਹ ਹੈ॥ ਅਕਾਲ ਉਸਤਤਿ***

ਸੋ ਇਹ ਹਸਤੀ ਹੈ ਜਿਸ ਦੇ ਰੂਪ ਰੇਖ ਬਾਰੇ ਕੁਝ ਵੀ ਕਿਹਾ ਨਹੀਂ ਜਾ ਸਕਦਾ। ਉਸਦੇ ਰਹਿਣ ਦਾ ਕੋਈ ਇਕ ਥਾਂ ਨਹੀਂ ਹੈ, ਉਸ ਦਾ ਕੋਈ ਨਾਮ ਨਹੀਂ ਹੈ, ਕੀ ਉਹਨੂੰ ਕਿਹਾ ਜਾਵੇ ਉਹਦੇ ਬਾਰੇ ਕੋਈ ਦੱਸ ਹੀ ਨਹੀਂ ਸਕਦਾ। ਕਿਉਂਕਿ ਉਸਦੀ ਹੋਂਦ ਸਦੀਵੀ ਹੈ ਅਸੀਂ ਸਿਰਫ ਐਨਾ ਹੀ ਜਾਣ ਸਕਦੇ ਹਾਂ ਕਿ ਉਹ ਸੰਸਾਰ ਵਿਚ **'ਸਤਿ'** ਹਸਤੀ ਹੈ। ਅਸਾਡੇ ਅਨੁਭਵ 'ਚ ਆਉਣ ਵਾਲੀ ਗੱਲ ਐਤਨੀ ਹੀ ਹੈ ਕਿ ਅਸੀਂ ਉਸ ਦੀ ਹੋਂਦ ਨੂੰ ਅਨੁਭਵ ਕਰ ਨਹੀਂ ਸਕਦੇ –

***ਨਹੀ ਜਾਨ ਜਾਈ ਕਛੂ ਰੂਪ ਰੇਖੰ॥***
***ਕਹਾ ਬਾਸ ਤਾਂਕੋ ਫਿਰੈ ਕਉਨ ਭੇਖੰ॥***
***ਕਹਾ ਨਾਮ ਤਾਕੋ ਕਹਾ ਕੈ ਕਹਾਵੈ॥***
***ਕਹਾ ਮੈ ਬਖਾਨੋ ਕਹੇ ਮੋ ਨ ਆਵੈ॥***
***ਅਕਾਲ ਉਸਤਤਿ***

ਉਹ ਆਪ ਹੀ ਆਪ ਹੈ, ਜੋ ਕੁਝ ਵੀ ਨਜ਼ਰ ਆਉਂਦਾ ਹੈ, ਉਹ ਸਭ ਆਪ ਹੀ ਹੋ ਕੇ ਪਸਰਿਆ ਹੈ, ਜਦੋਂ ਅਦ੍ਵੈਤ ਦਾ ਨਿਸ਼ਚਾ ਪੂਰੀ ਤਰ੍ਹਾਂ ਪ੍ਰੱਪਕ ਹੋ ਜਾਂਦਾ ਹੈ, ਉਸ ਨੂੰ ਅੱਖਰਾਂ ਦਾ ਰੂਪ ਦਿੰਦੇ ਹੋਏ ਗੁਰੂ ਦਸ਼ਮੇਸ਼ ਪਿਤਾ ਜੀ ਇਸ ਤਰ੍ਹਾਂ ਫੁਰਮਾਨ ਕਰਦੇ ਹਨ –

***ਕਹੂੰ ਬ੍ਰਹਮ ਬਾਦ ਕਹੂੰ ਬਿਦਿਆ ਕੇ ਬਿਖਾਦ***
***ਕਹੂੰ ਨਾਦ ਕੋ ਨ ਨਾਦ ਕਹੂੰ ਪੂਰਨ ਭਗਤ ਹੋ॥***
***ਕਹੂੰ ਬੇਦ ਰੀਤ ਕਹੂੰ ਬਿਦਿਆ ਕੀ ਪ੍ਰਤੀਤ***
***ਕਹੂੰ ਨੀਤ ਅਉ ਅਨੀਤ***
***ਕਹੂੰ ਜ੍ਵਾਲਾ ਸੀ ਜਗਤ ਹੋ।।***
***ਪੂਰਨ ਪ੍ਰਤਾਪ ਕਹੂੰ ਇਕਾਤੀ ਕੋ ਜਾਪ ਕਹੂੰ***
***ਤਾਪ ਕੋ ਅਤਾਪ ਕਹੂੰ ਜੋਗ ਤੇ ਡਿਗਤ ਹੋ।।***
***ਕਹੂੰ ਬਰਦੇਤ ਕਹੂੰ ਛਲ ਸੇ ਛਿਨਾਇ ਲੇਤ***
***ਸਰਬ ਕਾਲ ਸਰਬ ਠਉਰ ਏਕ ਸੇ ਲਗਤ ਹੋ॥***
***(ਅਕਾਲ ਉਸਤਤਿ)***

ਸੋ ਇਸ ਪਾਰਬ੍ਰਹਮ ਹਸਤੀ ਨੂੰ ਅਸੀਂ ਸਤਿ ਹੀ ਕਹਿ ਸਕਦੇ ਹਾਂ, ਸਤਿ Truth ਨਹੀਂ ਹੋਇਆ ਕਰਦੀ। ਸਚਾਈ ਆਦਮੀ ਦੇ ਸੁਭਾਅ ਦਾ ਇਕ ਗੁਣ ਹੋਇਆ ਕਰਦਾ ਹੈ ਪਰ ਇਹ 'ਸਤਿ' ਸਦੀਵੀ ਹੋਂਦ (Eternity) ਨੂੰ ਜਣਾਉਂਦਾ ਹੈ। ਇਸ ਹੋਂਦ ਬਾਰੇ ਕੋਈ ਵੀ ਕੁਝ ਨਹੀਂ ਕਹਿ ਸਕਦਾ, ਸਿਰਫ 'ਹੈ' ਹੀ ਕਹਿ ਸਕਦੇ ਹਾਂ। ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ ਕਿ ਇਸ ਸਤਿ ਦੇ ਵੱਖੋ-ਵੱਖਰੇ ਅਨੁਭਵ ਆਉਣ ਵਾਲੇ ਰੂਪ ਹੁੰਦਿਆਂ ਵੀ ਕੋਈ ਤਬਦੀਲੀ ਨਹੀਂ ਆਉਂਦੀ। ਸਰਗੁਣ ਵੀ ਓਹੀ ਹੈ ਜਿਸ ਨੂੰ ਅਸੀਂ 'ੴ' ਆਖਦੇ ਹਾਂ, ਨਿਰਗੁਣ ਵੀ ਓਹੀ ਹੈ, ਨਿਰੰਕਾਰ ਵੀ ਓਹੀ ਹੈ ਅਤੇ ਸੁੰਨ ਸਮਾਧ ਵੀ ਓਹੀ ਹੈ। ਆਪੇ ਹੀ ਆਪਣੇ ਪਸਾਰੇ ਨੂੰ ਦੇਖਣ ਵਾਲਾ ਹੈ, ਆਪ ਹੀ ਪਸਾਰਾ ਪਸਾਰ ਕੇ ਅਨੇਕ ਰੂਪ ਹੁੰਦਾ

ਹੋਇਆ ਆਪਣੇ ਆਪ ਨੂੰ ਵੇਖਦਾ ਹੈ, ਗੁਰੂ ਮਹਾਰਾਜ ਜੀ ਦਾ ਫੁਰਮਾਨ ਹੈ -

*ਸਰਗੁਨ ਨਿਰਗੁਨ ਨਿਰੰਕਾਰ*
*ਸੁੰਨ ਸਮਾਧੀ ਆਪਿ॥*
*ਆਪਨ ਕੀਆ ਨਾਨਕਾ*
*ਆਪੇ ਹੀ ਫਿਰਿ ਜਾਪਿ॥ ਅੰਗ - 290*

ਇਸ 'ਸਤਿ' ਨੇ ਆਪਣਾ ਪਸਾਰਾ ਆਪ ਕੀਤਾ ਹੈ। ਸੁਖਮਨੀ ਸਾਹਿਬ ਜੀ ਵਿਚ ਬਹੁਤ ਖੋਲ੍ਹ ਕੇ ਫੁਰਮਾਇਆ ਹੈ ਕਿ ਹਰ ਥਾਂ ਦੇ ਉਤੇ ਪਾਰਬ੍ਰਹਮ ਹੀ ਹੈ, ਜਦੋਂ ਪਸਾਰਾ ਪਸਾਰ ਕੇ ਅਨੇਕ ਰੂਪ ਧਾਰਦਾ ਹੈ ਜੈਸੇ-ਜੈਸੇ ਸਰੀਰ ਵਿਚ ਉਸਦੀ ਚੇਤਨ ਸ਼ਕਤੀ ਕੰਮ ਕਰਦੀ ਹੈ, ਓਹੋ ਜਿਹਾ ਹੀ ਉਸ ਨੂੰ ਆਖਿਆ ਜਾਂਦਾ ਹੈ ਕਿਉਂਕਿ ਦੇਵਤਾ ਦੇ ਸਰੀਰ ਵਿਚ ਓਹੀ ਚੇਤਨ ਸ਼ਕਤੀ ਦੇਵਤਾ ਕਹਾਉਂਦੀ ਹੈ। ਮਨੁੱਖ ਦੇ ਸਰੀਰ ਵਿਚ ਓਹੀ ਚੇਤਨ ਸ਼ਕਤੀ ਮਨੁੱਖ ਕਹਾਉਂਦੀ ਹੈ, ਇਸਤ੍ਰੀ ਕਹਾਉਂਦੀ ਹੈ; ਪਸ਼ੂਆਂ ਵਿਚ ਪਸ਼ੂਆਂ ਦੀ ਜਾਤੀ ਅਨੁਸਾਰ ਨਾਮ ਪੈਂਦਾ ਹੈ ਜਿਵੇਂ ਕਿ ਸ਼ੇਰ, ਹਾਥੀ, ਬੈਲ, ਮੱਝ ਆਦਿ। ਜੋ ਉਸ ਨੂੰ ਭਾਉਂਦਾ ਹੈ ਓਹੋ ਹੀ ਹੁੰਦਾ ਹੈ, ਓਹੋ ਹੀ ਹੋ ਰਿਹਾ ਹੈ, ਓਹੋ ਹੀ ਹੋਵੇਗਾ ਇਥੇ ਕਿਸੇ ਵਿਚ ਬਲ ਨਹੀਂ ਕਿ ਉਸ ਵਿਚ ਕੋਈ ਦਖਲ ਦੇ ਸਕੇ।

*ਇਸ ਕਾ ਬਲੁ ਨਾਹੀ ਇਸੁ ਹਾਥ॥*
*ਕਰਨ ਕਰਾਵਨ ਸਰਬ ਕੋ ਨਾਥ॥*
*ਆਗਿਆਕਾਰੀ ਬਪੁਰਾ ਜੀਉ।।*
*ਜੋ ਤਿਸੁ ਭਾਵੈ ਸੋਈ ਫੁਨਿ ਥੀਉ।।*
*ਅੰਗ - 277*

ਉਹ ਆਪ ਹੀ ਆਪਣੇ ਆਪ ਤੋਂ ਆਪਣਾ ਪਸਾਰਾ ਰੂਪ ਸ਼ਕਤੀ ਵਰਤ ਕੇ ਪਸਰ ਜਾਂਦਾ ਹੈ ਜਿਸ ਵਿਚ ਮਾਇਆ ਵੀ ਉਸ ਦੀ ਅਨੰਤ ਸ਼ਕਤੀਆਂ ਵਿਚੋਂ ਇਕ ਸ਼ਕਤੀ ਹੈ। ਬੇਅੰਤ (infinite) ਸ਼ਕਤੀਆਂ ਹਨ, ਕੋਈ ਨਹੀਂ ਜਾਣ ਸਕਦਾ ਕਿ ਨਿਰਗੁਣ ਅਵਸਥਾ ਦੇ ਵਿਚ ਕਿਵੇਂ ਹੁੰਦਾ ਹੈ, ਨਿਰੰਕਾਰ ਅਵਸਥਾ ਵਿਚ ਕਿਵੇਂ ਹੁੰਦਾ ਹੈ, ਸੁੰਨ ਸਮਾਧੀ ਵਿਚ ਕਿਵੇਂ ਹੁੰਦਾ ਹੈ। ਕੇਵਲ ਇਹ ਸਤਿ ਹੀ ਆਪਣੇ ਆਪ ਨੂੰ ਆਪੇ ਹੀ ਜਾਣਦਾ ਹੈ। ਅਸੀਂ ਤਾਂ ਉਸਦੀ ਪਸਾਰੇ ਦੀ ਸ਼ਕਤੀ ਤੋਂ ਹੋਂਦ ਵਿਚ ਆਏ ਹੋਏ ਜੀਵ ਹਾਂ। ਉਸ ਨੇ ਕਿਵੇਂ ਪਸਾਰਾ ਕੀਤਾ, ਇਸ ਬਾਰੇ ਪਸਾਰੇ ਵਿਚ ਰੂਪਮਾਨ ਹੋਏ ਜੀਵ ਕੁਝ ਵੀ ਨਹੀਂ ਕਹਿ ਸਕਦੇ। ਗੁਰੂ ਦਸ਼ਮੇਸ਼ ਪਿਤਾ ਜੀ ਫੁਰਮਾਨ ਕਰਦੇ ਹਨ-

*ਆਪੁ ਆਪੁਨੀ ਬੁਧਿ ਹੈ ਜੇਤੀ।।*
*ਬਰਨਤ ਭਿੰਨ ਭਿੰਨ ਤੁਹਿ ਤੇਤੀ॥*
*ਤੁਮਰਾ ਲਖਾ ਨ ਜਾਇ ਪਸਾਰਾ॥*
*ਕਿਹ ਬਿਧਿ ਸਜਾ ਪ੍ਰਥਮ ਸੰਸਾਰਾ॥*
*ਕਬਜੋ ਬਾਚ ਬੇਨਤੀ ਚੌਪਈ*

ਤੇ ਜਪੁਜੀ ਸਾਹਿਬ ਵਿਚ ਫੁਰਮਾਨ ਆਉਂਦਾ ਹੈ -

*ਥਿਤਿ ਵਾਰੁ ਨਾ ਜੋਗੀ ਜਾਣੈ*
*ਰੁਤਿ ਮਾਹੁ ਨ ਕੋਈ॥*
*ਜਾ ਕਰਤਾ ਸਿਰਠੀ ਕਉ ਸਾਜੇ*
*ਆਪੇ ਜਾਣੈ ਸੋਈ।। ਅੰਗ - 4*

ਸੋ ਜੋ ਕੁਝ ਅਸੀਂ ਮਾਇਕ ਜੀਵ ਕਹਿ ਸਕਦੇ ਹਾਂ, ਉਹ ਸਿਰਫ ਐਨਾ ਹੀ ਹੈ ਜਿੰਨੀ ਕੁ ਸਾਨੂੰ ਸੋਝੀ ਪ੍ਰਾਪਤ ਹੋਈ ਹੈ-

*ਅਪਨੀ ਮਾਇਆ ਆਪਿ ਪਸਾਰੀ*
*ਆਪਹਿ ਦੇਖਨਹਾਰਾ।।*
*ਨਾਨਾ ਰੂਪੁ ਧਰੇ ਬਹੁ ਰੰਗੀ*
*ਸਭ ਤੇ ਰਹੈ ਨਿਆਰਾ॥ ਅੰਗ - 537*

ਭਾਈ ਗੁਰਦਾਸ ਜੀ ਆਪਣੀਆਂ ਵਾਰਾਂ ਵਿਚ ਫੁਰਮਾਨ ਕਰਦੇ ਹਨ-

*ਨਿਰੰਕਾਰ ਆਕਾਰ ਹੋਇ*
*ਏਕੰਕਾਰ ਅਪਾਰ ਸਦਾਯਾ।*
*ਏਕੰਕਾਰਹੁੰ ਸ਼ਬਦ ਧੁਨ*
*ਓਅੰਕਾਰ ਅਕਾਰ ਬਨਾਯਾ।*
*ਭਾਈ ਗੁਰਦਾਸ ਜੀ, ਵਾਰ 26/2*

ਸੁਖਮਨੀ ਸਾਹਿਬ ਵਿਚ ਫੁਰਮਾਨ ਆਉਂਦਾ ਹੈ -

*ਪਾਰਬ੍ਰਹਮ ਕੇ ਸਗਲੇ ਠਾਉ॥*
*ਜਿਤੁ ਜਿਤੁ ਘਰਿ ਰਾਖੈ ਤੈਸਾ ਤਿਨ ਨਾਉ॥*
*ਆਪੇ ਕਰਨ ਕਰਾਵਨ ਜੋਗੁ॥*
*ਪ੍ਰਭ ਭਾਵੈ ਸੋਈ ਫੁਨਿ ਹੋਗੁ॥*
*ਪਸਰਿਓ ਆਪਿ ਹੋਇ ਅਨਤ ਤਰੰਗ॥*
*ਲਖੇ ਨ ਜਾਹਿ ਪਾਰਬ੍ਰਹਮ ਕੇ ਰੰਗ।।*
*ਜੈਸੀ ਮਤਿ ਦੇਇ ਤੈਸਾ ਪਰਗਾਸ॥*
*ਪਾਰਬ੍ਰਹਮੁ ਕਰਤਾ ਅਬਿਨਾਸ॥*
*ਸਦਾ ਸਦਾ ਸਦਾ ਦਇਆਲ।।*
*ਸਿਮਰਿ ਸਿਮਰਿ ਨਾਨਕ ਭਏ ਨਿਹਾਲ॥*
*ਅੰਗ - 275*

ਸੋ ਇਹ ਜੀਵ ਪਸਾਰੇ ਬਾਰੇ ਕੁਝ ਵੀ ਕਹਿਣ ਤੋਂ ਅਸਮਰੱਥ ਹੈ। ਇਹ ਵਾਹਿਗੁਰੂ ਜੀ ਆਪ ਹੀ ਜਾਣਦੇ ਹਨ, ਉਹ ਸਰਬ ਕਲਾ ਸਮਰੱਥ ਹਨ। ਅਸਾਡੇ ਕੋਲ ਬਹੁਤ ਹੀ ਸੀਮਤ ਗਿਆਨ ਹੈ, ਅਸਾਨੂੰ ਸਿਰਫ ਪੰਜ ਅਗਿਆਨ ਇੰਦ੍ਰੇ ਹੀ ਪ੍ਰਾਪਤ ਹੋਏ ਹਨ ਜੋ ਬਾਹਰ ਨੂੰ ਖੁਲ੍ਹਦੇ ਹਨ। ਅੱਖਾਂ ਬਾਹਰ ਦੇਖਦੀਆਂ ਹਨ, ਕੰਨ ਬਾਹਰਲੀਆਂ ਅਵਾਜ਼ਾਂ ਸੁਣਦੇ ਹਨ, ਰਸਨਾ ਰਸ-ਕਸ ਦਾ ਸਵਾਦ ਲੈਂਦੀ ਹੈ, ਨਾਸਕਾ ਸੁਗੰਧ ਅਤੇ ਦੁਰਗੰਧ ਬਾਹਰੋਂ ਹੀ ਪ੍ਰਾਪਤ ਕਰਦੀ ਹੈ। ਸਪਰਸ਼ ਵੀ ਅਸੀਂ ਬਾਹਰ ਤੋਂ ਹੀ ਅਨੁਭਵ ਕਰਦੇ ਹਾਂ। ਵਾਹਿਗੁਰੂ ਜੀ ਨੇ ਕ੍ਰਿਪਾ ਕਰਕੇ ਅਸਾਨੂੰ ਪੰਜ ਗਿਆਨ ਇੰਦ੍ਰੇ ਵੀ ਦਿਤੇ ਹੋਏ ਹਨ ਜੋ ਅਨੰਤ ਵਿਚ ਝਾਕਦੇ ਹਨ, ਅਨੰਤ ਵਿਚੋਂ ਸੁਣਦੇ ਹਨ ਇਨ੍ਹਾਂ ਨੂੰ ਦਿਬਯ ਇੰਦ੍ਰੇ ਕਿਹਾ ਜਾਂਦਾ ਹੈ ਜਿਵੇਂ ਕਿ ਦਿਬਯ ਨੇਤਰ ਇਸੇ ਸੰਸਾਰ ਨੂੰ ਪ੍ਰਭੂ ਦਾ ਰੂਪ ਕਰਕੇ ਦੇਖਦੇ ਹਨ, ਦਿਬਯ

ਸ੍ਰਵਣ ਇਸੇ ਸੰਸਾਰ ਦੇ ਰੌਲੇ-ਗੌਲੇ ਵਿਚੋਂ ਅਖੰਡ ਨਾਮ ਧੁਨ ਸੁਣਦੇ ਹਨ -

***ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ***
***ਸੁ ਬਿਨੁ ਹਰਿ ਜਾਪਤ ਹੈ ਨਹੀ ਹੋਰ॥***

***ਅੰਗ - 1265***

ਦੀ ਅਵਸਥਾ ਮਾਣਦੇ ਹਨ। ਸਭ ਤੋਂ ਸ਼੍ਰੋਮਣੀ ਰਸ ਜੋ ਕਮਲ ਸਿੱਧਾ ਹੋਣ ਤੇ ਅੰਮ੍ਰਿਤ ਦੀ ਵਰਖਾ ਨਾਲ ਸ਼ਰਸ਼ਾਰ ਹੋਣ ਉਪਰੰਤ ਅਸਾਡੀ ਦਿਬਯ ਰਸਨਾ ਨੂੰ ਪ੍ਰਾਪਤ ਹੁੰਦਾ ਹੈ ਉਹ ਦਿਬਯ ਰਸਨਾ ਹੀ ਜਾਣਦੀ ਹੈ, ਉਹ ਵੀ ਅਕਹਿ ਹੈ ਕਿਉਂਕਿ ਸੰਸਾਰ ਵਿਚ ਹੋਰ ਕੋਈ ਵਸਤੂ ਨਹੀਂ ਹੈ ਜਿਸ ਨਾਲ ਇਸ ਨਾਮ ਰਸ ਦੀ ਤੁਲਨਾ ਕੀਤੀ ਜਾਵੇ। ਇਸ ਤਰ੍ਹਾਂ ਦਿਬਯ ਨਾਸਕਾ ਦਿਬਯ ਸੁਗੰਧੀ ਨੂੰ ਹਰ ਪਲ, ਹਰ ਸਮੇਂ ਅਨੁਭਵ ਕਰਦੀ ਹੈ। ਅਨੇਕ-ਅਨੇਕ ਕਿਸਮ ਦੀਆਂ ਸੁਗੰਧੀਆਂ ਦਿਬਯ ਨਾਸਕਾ ਨੂੰ ਪ੍ਰਾਪਤ ਹੁੰਦੀਆਂ ਹਨ। ਨਾਮ ਦੀਆਂ ਦਿਬਯ ਝਰਨਾਟਾਂ, ਸਰੀਰ ਦੀ ਦਿਬਯ ਸ਼ਕਤੀ ਅਨੁਭਵ ਕਰਦੀ ਹੈ। ਇਹ ਦਿਬਯ ਹੁੰਦੀਆਂ ਹੋਈਆਂ ਵੀ ਪੂਰਨ ਤੌਰ ਉਪਰ ਸਮੱਸਤ ਵਾਹਿਗੁਰੂ ਨੂੰ ਜਾਨਣ ਤੋਂ ਅਸਮਰਥ ਹੁੰਦੀਆਂ ਹਨ ਕਿਉਂਕਿ ਵਾਹਿਗੁਰੂ ਜੀ ਆਪਣੀ ਮਹਿਮਾ ਆਪ ਹੀ ਜਾਣਦੇ ਹਨ। ਅਸਾਨੂੰ ਤਾਂ ਸਿਰਫ ਪੰਜ ਅਗਿਆਨ ਇੰਦ੍ਰੇ ਅਤੇ ਦਿਬਯ ਗਿਆਨ ਇੰਦ੍ਰੇ ਹੀ ਪ੍ਰਾਪਤ ਹੋਏ ਹਨ। ਇਹ ਵੀ ਵਾਹਿਗੁਰੂ ਜੀ ਦੀ ਬੜੀ ਭਾਰੀ ਕ੍ਰਿਪਾ ਹੈ ਜਿਸ ਨਾਲ ਇਹ ਜੀਵ ਸੰਸਾਰ ਵਿਚ ਆਪਣਾ ਕਾਰਜ ਕਰ ਰਿਹਾ ਹੈ। ਉਸਦੇ ਅਨੰਤ (infinite) ਅਨੁਭਵ ਇੰਦ੍ਰੇ ਹੁੰਦਿਆਂ ਹੋਇਆਂ ਕੋਈ ਵੀ ਇੰਦ੍ਰੇ ਨਹੀਂ ਹਨ। ਅਨੰਤ ਰਸਨਾ ਹੁੰਦਿਆਂ ਹੋਇਆਂ ਕੋਈ ਵੀ ਰਸਨਾ ਨਹੀਂ ਹੈ। ਅਨੰਤ ਨੇਤਰ ਹੁੰਦਿਆਂ ਹੋਇਆਂ ਕੋਈ ਵੀ ਨੇਤਰ ਨਹੀਂ ਹੈ। ਅਨੰਤ ਨਾਸਕਾ ਹੁੰਦਿਆਂ ਹੋਇਆਂ ਕੋਈ ਵੀ ਨਾਸਕਾ ਨਹੀਂ ਹੈ ਉਹ ਸਭ ਕੁਝ ਆਪ ਹੀ ਆਪ ਹੈ। ਉਸ ਬਾਰੇ ਸੋਚਿਆ ਨਹੀਂ ਜਾ ਸਕਦਾ। ਐਨਾ ਹੀ ਕਹਿ ਸਕਦੇ ਹਾਂ ਕਿ ਉਹ ਸਤਿ ਸਦਾ ਸਤਿ ਹੀ ਹੈ ਅਤੇ ਉਸ ਤੋਂ ਬਿਨਾਂ ਹੋਰ ਇਥੇ ਕਿਸੇ ਕਿਸਮ ਦੇ ਅਸਤਿ ਦੀ ਕੋਈ ਵੀ ਹੋਂਦ ਨਹੀਂ ਹੈ ਜਿਵੇਂ ਕਿ ਅਸਾਡਾ ਸ਼੍ਰੋਮਣੀ ਸਿਧਾਂਤ ਗੁਰੂ ਮਹਾਰਾਜ ਜੀ ਨੇ ਅੰਕਿਤ ਕੀਤਾ ਹੈ -

***ਆਦਿ ਸਚੁ ਜੁਗਾਦਿ ਸਚੁ॥***
***ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥***

***ਅੰਗ - 1***

ਇਸ ਏਕੰਕਾਰ ਰੂਪੀ ਸਤਿ ਨੂੰ ਕੋਈ ਦੁਨੀਆਂ ਦੀ ਫਿਲਾਸਫੀ ਵਰਨਣ ਨਹੀਂ ਕਰ ਸਕਦੀ ਅਤੇ ਨਾ ਹੀ ਇਸ ਦੇ ਅਨੁਭਵ ਵਿਚ ਅਰਬਾਂ ਖਰਬਾਂ ਸਾਲਾਂ ਦੀ ਚੁੱਪ ਕੋਈ ਅਨੁਮਾਨ ਲਾ ਸਕਦੀ ਹੈ ਅਤੇ ਨਾ ਹੀ ਉਸ ਦੇ ਦਿਤੇ ਹੋਏ ਪਦਾਰਥਾਂ ਦੀ ਭੁੱਖ ਬੇਅੰਤ ਪਦਾਰਥ ਪ੍ਰਾਪਤ ਹੋ ਕੇ ਦੂਰ ਹੋ ਸਕਦੀ ਹੈ ਕਿਉਂਕਿ ਜਿੰਨਾਂ ਕੁਝ ਅਸਾਨੂੰ ਪ੍ਰਾਪਤ ਹੋਵੇਗਾ ਉਸ ਤੋਂ ਅੱਗੇ ਅਨੰਤ ਪਦਾਰਥ ਹੋਰ ਹਨ ਅਤੇ ਅਸਾਡੀ ਸੂਝ ਵਿਚੋਂ ਲੱਖਾਂ ਸਿਆਣਪਾਂ ਉਸ ਨੂੰ ਨਹੀਂ ਜਾਣ ਸਕਦੀਆਂ। ਜੇ ਕੋਈ ਜੀਵ ਉਸ ਦੇ ਹੁਕਮ ਵਿਚ ਅਤੇ ਰਜ਼ਾ ਵਿਚ ਆਪਣੀ ਹਉਂ ਨੂੰ ਛੱਡ ਕੇ ਲੀਨ ਹੋ ਜਾਵੇ ਤਾਂ ਉਸ ਨੂੰ ਸਚਿਆਰ ਪਦਵੀ ਪ੍ਰਾਪਤ ਹੋ ਕੇ ਕੂੜ ਦੀ ਕੰਧ ਟੁੱਟ ਜਾਇਆ ਕਰਦੀ ਹੈ ਅਤੇ ਇਹ ਨਿਰਣੇ ਲੈਣ ਗਿਆ ਹੋਇਆ ਜੀਵਨ ਹੁਕਮ ਦੀ ਸੋਝੀ ਪ੍ਰਾਪਤ ਹੁੰਦਿਆਂ ਹੀ ਆਪਣੀ ਹੋਂਦ ਪੂਰਨ ਰੂਪ ਵਿਚ ਗੁਆ ਬੈਠਦਾ ਹੈ ਅਤੇ ਸਤਿ ਦੇ ਰੂਪ ਵਿਚ ਹੀ ਸਮਾਅ ਜਾਂਦਾ ਹੈ ਜੋ ਕਿ ਸਤਿ ਅਵਸਥਾ ਹੈ, ਸੋ ਇਸ ਤਰ੍ਹਾਂ ਨਾਲ ੧ੳ ਜੀ ਨੂੰ 'ਸਤਿ' ਹੀ ਕਹਿੰਦੇ ਹਨ। ਉਹ ਕਿਸੇ ਸਮੇਂ ਵੀ ਅਸੱਤਿ ਨਹੀਂ ਹੋਇਆ ਕਰਦਾ। ਉਸ ਦਾ ਦੂਸਰਾ ਅਨੁਭਵ ਜੋ ਅਸਾਨੂੰ ਪ੍ਰਾਪਤ ਹੈ ਉਹ ਇਹ ਹੈ ਕਿ ਉਹ ਪੂਰਨ ਚੇਤਨ ਹੋਂਦ ਹੈ। ਉਹ ਮੂਲ ਪ੍ਰਕ੍ਰਿਤੀ ਵਾਂਗੂੰ ਜੜ੍ਹ ਹੋਂਦ ਨਹੀਂ ਹੈ। ਉਸ ਨੂੰ ਆਪਣੀ ਰਚਨਾ ਕਰਨ ਵਾਸਤੇ ਕਿਸੇ ਜੜ੍ਹ ਤਤੂ ਦੀ ਮਦਦ ਦੀ ਲੋੜ ਨਹੀਂ ਹੈ। ਕਈ ਸਿਆਣੇ ਇਸ ਗੱਲ ਉਪਰ ਵਿਸ਼ਵਾਸ਼ ਰਖਦੇ ਹਨ ਕਿ ਜਿਵੇਂ ਘੁਮਿਆਰ ਨੇ ਭਾਂਡੇ ਬਣਾਉਣੇ ਹੁੰਦੇ ਹਨ ਤਾਂ ਉਸ ਨੂੰ ਇਹ ਕਾਰਜ ਕਰਨ ਲਈ ਵਧੀਆ ਮਿਟੀ ਦੀ ਲੋੜ ਹੁੰਦੀ ਹੈ, ਉਸ ਨੂੰ ਘੁੰਮਣ ਵਾਲੇ ਚੱਕ ਦੀ ਲੋੜ ਹੈ, ਚੱਕ ਦੀ ਚਾਲ ਨੂੰ ਸੀਮਤ ਅਤੇ ਰੋਕਣ ਵਾਸਤੇ ਡੰਡੇ ਦੀ ਲੋੜ ਹੈ ਅਤੇ ਭਾਂਡਿਆਂ ਨੂੰ ਸ਼ਕਲ ਦੇਣ ਵਾਸਤੇ technology (ਤਕਨੀਕੀ, ਕਾਬਲੀਅਤ) ਦੀ ਲੋੜ ਹੈ। ਵਾਹਿਗੁਰੂ ਜੀ ਨੂੰ ਕਿਸੇ ਦੂਸਰੀ ਵਸਤੂ ਦੀ ਉਕੀ ਹੀ ਲੋੜ ਨਹੀਂ, ਉਹ ਆਪ ਹੀ ਕਰਣ ਕਾਰਨ ਹਨ। ਉਹ ਆਪ ਹੀ ਸਮਰੱਥ ਹੈ। ਇਕ ਸ਼ਬਦ ਤੋਂ ਸਾਰੀ ਉਤਪਤੀ ਉਸ ਦੇ ਹੁਕਮ ਵਿਚ ਆਪ ਹੀ ਹੋ ਜਾਇਆ ਕਰਦੀ ਹੈ। ਇਸ ਬਾਰੇ ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ -

***ਕੀਤਾ ਪਸਾਉ ਏਕੋ ਕਵਾਉ॥***
***ਤਿਸ ਤੇ ਹੋਏ ਲਖ ਦਰੀਆਉ॥***

***ਅੰਗ - 3***

ਅਸੀਂ ਜੋ ਜੀਵ ਹਾਂ ਅਸਾਡਾ ਵਾਹ ਇਕ ਪ੍ਰਮ ਸ਼ਕਤੀ ਨਾਲ ਪੈਂਦਾ ਹੈ, ਜਿਸ ਨੂੰ ਮਾਇਆ ਆਖਿਆ ਜਾਂਦਾ ਹੈ। ਮਾਇਆ ਮੂਲ ਪ੍ਰਕ੍ਰਿਤੀ ਨਹੀਂ ਹੈ ਕਿਉਂਕਿ ਪ੍ਰਕ੍ਰਿਤੀ ਵਿਚ ਪੰਜ ਤਨ ਮਾਤਰਾਂ ਸ਼ਬਦ, ਸਪਰਸ਼, ਰੂਪ, ਰਸ, ਗੰਧ ਅਤੇ ਅਹੰਭਾਵ ਤੋਂ ਪਸਾਰਾ ਅੱਗੇ ਚਲਦਾ ਹੈ। ਇਨ੍ਹਾਂ ਪੰਜਾਂ ਤਨ ਮਾਤਰਾ ਤੋਂ ਪੰਜ ਤੱਤਾਂ ਦਾ ਪਸਾਰਾ - ਸ਼ਬਦ ਤੋਂ ਅਕਾਸ਼, ਸਪਰਸ਼ ਤੋਂ ਹਵਾ, ਰੂਪ ਤੋਂ ਤੇਜ, ਰਸ ਤੋਂ ਪਾਣੀ, ਗੰਧ ਤੋਂ ਮਿੱਟੀ ਪੈਦਾ ਹੋ ਕੇ ਪੰਜਾਂ ਤੱਤਾਂ ਤੋਂ ਸਰੀਰ ਬਣਦੇ ਹਨ। 25 ਪ੍ਰਕ੍ਰਿਤੀਆਂ ਤੋਂ ਗਿਆਨ ਇੰਦ੍ਰਿਆਂ ਦੀ ਉਤਪਤੀ ਹੁੰਦੀ ਹੈ ਅਤੇ ਅਹੰਭਾਵ ਤੋਂ ਅੰਤਸ਼ਕਰਣ 'ਮੈਂ' ਚਿਤ (ਚੇਤਨਾ ਸ਼ਕਤੀ) ਬੁਧੀ ਅਤੇ ਮਨ ਵਜੂਦ ਵਿਚ ਆਉਂਦੇ ਹਨ। ਕਈਆਂ ਦਾ ਇਹ ਮਤ ਹੈ ਕਿ ਮੂਲ ਪ੍ਰਕ੍ਰਿਤੀ ਵੀ ਓਸੇ ਤਰ੍ਹਾਂ ਹੈ ਜਿਸ ਤਰ੍ਹਾਂ ਵਾਹਿਗੁਰੂ ਜੀ ਦੀ ਅਨਾਦੀ ਹੋਂਦ ਹੈ। ਉਹ ਇਸ ਕਰਕੇ ਆਖਦੇ ਹਨ ਕਿ ਚੇਤਨ ਤੱਤ (ਵਾਹਿਗੁਰੂ) ਵਿਚ ਤਾਂ ਸਤਿ ਚਿਤ ਅਨੰਦ ਦੀ ਪੂਰਨ ਹੋਂਦ ਹੈ ਇਸ ਦੇ ਵਿਪਰੀਤ ਪ੍ਰਕ੍ਰਿਤੀ ਜੜ੍ਹ ਰੂਪ ਹੈ, ਦੁਖ ਰੂਪ

ਹੈ, ਛਿਨ ਭੰਗਰ ਹੈ, ਛਿਨ-ਛਿਨ ਪਰਿਵਰਤਨਸ਼ੀਲ ਹੈ, ਸਤਿ ਵਿਚ ਦੁਖ ਦਾ ਨਾਮ ਨਿਸ਼ਾਨ ਨਹੀਂ ਹੁੰਦਾ, ਪ੍ਰਕ੍ਰਿਤੀ ਵਿਚ ਸੁੱਖ ਦਾ ਨਾਮ ਨਿਸ਼ਾਨ ਨਹੀਂ ਹੁੰਦਾ, ਉਹ ਦੁੱਖ ਰੂਪ ਹੋਣ ਕਰਕੇ ਸੰਸਾਰ ਵਿਚ ਵਰਤ ਰਹੇ ਸਾਰੇ ਦੁਖ ਇਸ ਮੂਲ ਪ੍ਰਕ੍ਰਿਤੀ ਦੀ ਅੰਸ ਹਨ। ਇਹ ਇਕ ਸਿਧਾਂਤ ਹੈ ਜਿਸ ਬਾਰੇ ਗੁਰੂ ਨਾਨਕ ਪਾਤਸ਼ਾਹ ਨਾਲ ਸਿਧਾਂ ਨੇ ਚਰਚਾ ਕਰਦਿਆਂ ਸੰਖੇਪ ਰੂਪ ਵਿਚ ਇਹ ਗੱਲ ਪੁਛੀ ਕਿ-

*ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖਾ*
*ਕਿਤੁ ਕਿਤੁ ਦੁਖਿ ਬਿਨਸਿ ਜਾਈ॥*

***ਅੰਗ - 946***

ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਕਿ ਇਹ ਜਗਤ ਤਿੰਨ ਕਾਲ ਹੋਇਆ ਹੀ ਨਹੀਂ ਅਤੇ ਕਿਸੇ ਸਮੇਂ ਵੀ ਇਹ ਨਿਰੰਕਾਰ ਤੋਂ ਵਖਰੀ ਹਸਤੀ ਨਹੀਂ ਭਾਸਿਆ। ਇਹ ਕੇਵਲ ਹਉਮੈ ਤੱਤ (ਅਹੰਭਾਵ) ਜੋ ਮਾਇਆ ਦਾ ਹੀ ਰੂਪ ਹੈ ਉਸ ਕਰਕੇ ਵਰਤ ਰਿਹਾ ਪ੍ਰਤੀਤ ਦਿੰਦਾ ਹੈ। ਕਿਉਂਕਿ ਜੀਵ ਆਪਣੀ ਸਤਿ ਅਵਸਥਾ ਤੋਂ ਹੇਠਾਂ ਨੂੰ ਤਿਲਕਦਾ ਅਨੰਦਮਯ ਕੋਸ਼, ਵਿਗਿਆਨਮਯ ਕੋਸ਼, ਮਨੋਮਯ ਕੋਸ਼, ਪ੍ਰਾਣਮਯ ਕੋਸ਼, ਅੰਨਮਯ ਕੋਸ਼ ਦੀ ਸਭ ਤੋਂ ਹੇਠਲੀ ਅਵਸਥਾ ਤੇ ਆ ਕੇ ਟਿਕ ਗਿਆ। ਇਹ ਸਾਰਾ ਹਉਮੈ ਦਾ ਕਰਿਸ਼ਮਾ ਹੈ ਜਿਸ ਵਿਚੋਂ ਦੁਖ ਉਪਜਦਾ ਪ੍ਰਤੀਤ ਦਿੰਦਾ ਹੈ, ਇਸ ਦਾ ਕਾਰਨ ਵਾਹਿਗੁਰੂ ਜੀ ਦੀ ਪ੍ਰਮ ਪਰੀਪੂਰਨ ਅਵਸਥਾ ਜਿਸ ਦੀ ਸੋਝੀ ਨੂੰ ਅਸੀਂ 'ਨਾਮ' ਆਖਦੇ ਹਾਂ, ਉਸ ਤੋਂ ਭੁੱਲ ਕੇ ਇਹ ਅਨੁਭਵ ਜਾਗਿਆ ਹੈ, ਪਰ ਜਦੋਂ ਇਹੀ ਜੀਵ ਇਨ੍ਹਾਂ ਕੋਸ਼ਾਂ 'ਚੋਂ ਉਚਾ ਉਠਦਾ ਹੋਇਆ ਨਾਮ ਮੰਡਲ (ਆਤਮ ਮੰਡਲ) ਵਿਚ ਉਨਮਨੀ ਅਵਸਥਾ ਅਨੁਭਵ ਕਰਕੇ ਵਰਤੇਗਾ ਤਾਂ ਉਸ ਲਈ ਨਾ ਹੀ ਇਥੇ ਕੋਈ ਭੁਲਿਆ ਹੋਇਆ ਹੈ ਜਿਵੇਂ ਕਿ -

*ਮਨ ਮੇਰੇ ਜਿਨਿ ਅਪੁਨਾ ਭਰਮੁ ਗਵਾਤਾ॥*
*ਤਿਸ ਕੈ ਭਾਣੈ ਕੋਇ ਨ ਭੂਲਾ*
*ਜਿਨਿ ਸਗਲੋ ਬ੍ਰਹਮੁ ਪਛਾਤਾ॥* ***ਅੰਗ - 610***

ਅਤੇ ਨਾ ਹੀ ਕੋਈ ਦੁਖੀ ਹੈ ਜਿਵੇਂ ਕਿ ਫੁਰਮਾਨ ਹੈ -

*ਦੂਖੁ ਨਾਹੀ ਸਭੁ ਸੁਖੁ ਹੀ ਹੈ ਰੇ*
*ਏਕੈ ਏਕੀ ਨੇਤੈ॥*
*ਬੁਰਾ ਨਹੀ ਸਭੁ ਭਲਾ ਹੀ ਹੈ ਰੇ*
*ਹਾਰ ਨਹੀ ਸਭ ਜੇਤੈ॥*

***ਅੰਗ - 1302***

ਮਹਾਰਾਜ ਜੀ ਨੇ ਫੁਰਮਾਇਆ, "ਦੁੱਖ ਆਤਮ ਮੰਡਲ ਵਿਚੋਂ ਤਿਲਕ ਕੇ ਹਉਮੈ ਮੰਡਲ ਵਿਚ ਪ੍ਰਵੇਸ਼ ਕਰਨ ਕਰਕੇ ਹੈ ਜਿਵੇਂ ਕਿ -

*ਹਉਮੈ ਵਿਚਿ ਜਗੁ ਉਪਜੈ ਪੁਰਖਾ*
*ਨਾਮਿ ਵਿਸਰਿਐ ਦੁਖੁ ਪਾਈ॥* ***ਅੰਗ - 946***

'ਚਲਦਾ..........।'

*(ਪੰਨਾ 9 ਦੀ ਬਾਕੀ)*

*ਜਿਸੁ ਵਖਰ ਕਉ ਲੈਨਿ ਤੂ ਆਇਆ॥*
*ਰਾਮ ਨਾਮੁ ਸੰਤਨ ਘਰਿ ਪਾਇਆ॥*
*ਤਜਿ ਅਭਿਮਾਨੁ ਲੇਹੁ ਮਨ ਮੋਲਿ॥*
*ਰਾਮ ਨਾਮੁ ਹਿਰਦੇ ਮਹਿ ਤੋਲਿ॥*
*ਲਾਦਿ ਖੇਪ ਸੰਤਹ ਸੰਗਿ ਚਾਲੁ॥*
*ਅਵਰ ਤਿਆਗਿ ਬਿਖਿਆ ਜੰਜਾਲ॥*
*ਧੰਨਿ ਧੰਨਿ ਕਹੈ ਸਭੁ ਕੋਇ॥*
*ਮੁਖ ਊਜਲ ਹਰਿ ਦਰਗਹ ਸੋਇ॥*
*ਇਹੁ ਵਾਪਾਰੁ ਵਿਰਲਾ ਵਾਪਾਰੈ॥*
*ਨਾਨਕ ਤਾ ਕੈ ਸਦ ਬਲਿਹਾਰੈ॥* ***ਅੰਗ - 283***

ਪਰ ਹੈਰਾਨੀ ਦੀ ਗੱਲ ਹੈ ਕਿ ਵਿਰਲੇ ਹੀ ਐਸੇ ਪੁਰਸ਼ ਹਨ ਜਿਹੜੇ ਅਵਾਜ਼-ਏ-ਹੱਕ ਨੂੰ ਸੁਣਦੇ ਹਨ ਅਤੇ ਦਰਗਾਹ ਲਈ ਪੂੰਜੀ ਬੰਨ੍ਹਦੇ ਹਨ, ਜਿਥੇ ਦੁਨੀਆਂ ਦੀ ਕੋਈ ਚੀਜ਼ ਨਾਲ ਨਹੀਂ ਜਾਂਦੀ ਅਤੇ ਨਾ ਹੀ ਦੁਨਿਆਵੀ ਰਿਸ਼ਤਿਆਂ ਵਿਚੋਂ ਕਿਸੇ ਦਾ ਹੱਥ ਉਥੇ ਅਪੜਦਾ ਹੈ -

*ਜਿਹ ਮਾਰਗ ਕੇ ਗਨੇ ਜਾਹਿ ਨ ਕੋਸਾ॥*
*ਹਰਿ ਕਾ ਨਾਮੁ ਊਹਾ ਸੰਗਿ ਤੋਸਾ॥*
*ਜਿਹ ਪੈਡੇ ਮਹਾ ਅੰਧ ਗੁਬਾਰਾ॥*
*ਹਰਿ ਕਾ ਨਾਮੁ ਸੰਗਿ ਉਜੀਆਰਾ॥*
*ਜਹਾ ਪੰਥਿ ਤੇਰਾ ਕੋ ਨ ਸਿਞਾਨੂ॥*
*ਹਰਿ ਕਾ ਨਾਮੁ ਤਹ ਨਾਲਿ ਪਛਾਨੂ॥*
*ਜਹ ਮਹਾ ਭਇਆਨ ਤਪਤਿ ਬਹੁ ਘਾਮ॥*
*ਤਹ ਹਰਿ ਕੇ ਨਾਮ ਕੀ ਤੁਮ ਊਪਰਿ ਛਾਮ॥*
*ਜਹਾ ਤ੍ਰਿਖਾ ਮਨ ਤੁਝੁ ਆਕਰਖੈ॥*
*ਤਹ ਨਾਨਕ ਹਰਿ ਹਰਿ ਅੰਮ੍ਰਿਤੁ ਬਰਖੈ॥*

***ਅੰਗ - 264***

ਗੁਰੂ ਮਹਾਰਾਜ ਜੀ ਦੱਸਦੇ ਹਨ ਕਿ ਪਿਆਰਿਓ! ਅਰਦਾਸ ਕਰੋ ਉਸ ਦੁਨੀਆਂ ਦੇ ਮਾਲਕ ਅੱਗੇ ਜਿਸ ਤੋਂ ਤੁਸੀਂ ਹਉਮੈ ਦੇ ਅਧੀਨ ਹੋਏ ਵਖਰੇ ਹੋ ਚੁੱਕੇ ਹੋਂ। ਹਿਰਦੇ ਤੋਂ, ਬਾਰ-ਬਾਰ ਕਹੋ -

*ਕਰਿ ਕਿਰਪਾ ਪ੍ਰਭ ਆਪਣੀ*
*ਤੇਰੇ ਦਰਸਨ ਹੋਇ ਪਿਆਸ॥*
*ਪ੍ਰਭ ਤੁਧੁ ਬਿਨੁ ਦੂਜਾ ਕੋ ਨਹੀ*
*ਨਾਨਕ ਕੀ ਅਰਦਾਸਿ॥* ***ਅੰਗ - 134***

ਜਿਸ ਦੇ ਮਨ ਵਿਚ ਵਾਹਿਗੁਰੂ ਦਾ ਨਾਮ ਵਸ ਗਿਆ, ਉਸ ਨੂੰ ਇਹ ਅਸਾੜ ਡਰਾਉਣਾ ਤੇ ਤਪਸ਼ ਭਰਿਆ ਨਹੀਂ ਲਗਦਾ, ਉਸਦੇ ਅੰਦਰ ਠੰਢਕ ਦਾ ਵਾਸ ਹੋ ਜਾਇਆ ਕਰਦਾ ਹੈ। ਮਨ ਦੀ ਸ਼ਾਂਤੀ ਐਨੀ ਵਧ ਜਾਂਦੀ ਹੈ ਕਿ ਉਹ ਸਦਾ ਅਨੰਦ ਵਿਚ ਰਹਿੰਦਾ ਹੈ ਅਤੇ ਅਸਾੜ ਦਾ ਮਹੀਨਾ ਹਰ ਤਰ੍ਹਾਂ ਦੇ ਨਾਲ ਉਸਨੂੰ ਸੁਹਾਵਣਾ ਲੱਗਣ ਲੱਗ ਜਾਂਦਾ ਹੈ, ਜਿਸ ਦੇ ਅੰਦਰ ਨਾਮ ਧੁਨ ਹੁੰਦੀ ਹੈ -

*ਅਸਾੜੁ ਸੁਹੰਦਾ ਤਿਸੁ ਲਗੈ*
*ਜਿਸੁ ਮਨਿ ਹਰਿ ਚਰਣ ਨਿਵਾਸ॥*

***ਅੰਗ - 134***

# ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ॥ (ਅੰਗ-749)

*ਸੰਤ ਬਾਬਾ ਹਰਪਾਲ ਸਿੰਘ ਜੀ*

*ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ ॥*
*ਕਲਿ ਕਲੇਸ ਤਨ ਮਾਹਿ ਮਿਟਾਵਉ ॥*
*ਸਿਮਰਉ ਜਾਸੁ ਬਿਸੁੰਭਰ ਏਕੈ ॥*
*ਨਾਮੁ ਜਪਤ ਅਗਨਤ ਅਨੇਕੈ ॥*
*ਬੇਦ ਪੁਰਾਨ ਸਿੰਮ੍ਰਿਤਿ ਸੁਧਾਖ੍ਯ੍ਰ ॥*
*ਕੀਨੇ ਰਾਮ ਨਾਮ ਇਕ ਆਖ੍ਯ੍ਰ ॥*
*ਕਿਨਕਾ ਏਕ ਜਿਸੁ ਜੀਅ ਬਸਾਵੈ ॥*
*ਤਾ ਕੀ ਮਹਿਮਾ ਗਨੀ ਨ ਆਵੈ ॥*
*ਕਾਂਖੀ ਏਕੈ ਦਰਸ ਤੁਹਾਰੋ ॥*
*ਨਾਨਕ ਉਨ ਸੰਗਿ ਮੋਹਿ ਉਧਾਰੋ ॥ ੧ ॥*
*ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ ॥*
*ਭਗਤ ਜਨਾ ਕੈ ਮਨਿ ਬਿਸ੍ਰਾਮ ॥* *ਅੰਗ- ੨੬੨*

ਪਰਮ ਸਤਿਕਾਰਯੋਗ ਗੁਰੂ ਪਿਆਰੀ ਸਾਧ ਸੰਗਤ ਜੀਓ! ਖਿਆਲ ਬਾਹਰ ਜਾਣ ਤੋਂ ਰੋਕੀਏ। ਚਿੱਤ ਬਿਰਤੀਆਂ ਨੂੰ ਕਰੋ ਇਕਾਗਰ, ਰਸਨਾ ਦੀ ਪਵਿੱਤਰਤਾ ਵਾਸਤੇ ਸਾਰੇ ਹੀ ਉਚਾਰਨ ਕਰੋ ਜੀ, 'ਸਤਿਨਾਮੁ ਸ੍ਰੀ ਵਾਹਿਗੁਰੂ।'

ਮਹਾਂਪੁਰਖਾਂ ਨੇ ਸੰਸਾਰ ਦੇ ਪਰਉਪਕਾਰ ਵਾਸਤੇ ਸਰੀਰ ਧਾਰਨ ਕੀਤਾ -

*ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ ॥*
*ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ ॥*
*ਅੰਗ- ੭੪੯*

ਉਹਨਾਂ ਨੇ ਆਪਣਾ ਵੀ ਸਾਰਾ ਕੁਝ ਹੀ, ਤਨ, ਮਨ, ਧਨ ਰਤਵਾੜਾ ਸਾਹਿਬ ਟਰੱਸਟ ਬਣਾ ਕੇ ਕੌਮ ਦੇ ਲੇਖੇ ਲਾ ਦਿਤਾ। ਇਕ ਗੁਰਮੁਖ ਗਾਡੀ ਰਾਹ ਚਲਾਇਆ। ਉਹ ਵੀ ਕਿਰਤੀ ਸਨ, ਨਾਮ ਜਪਦੇ, ਵੰਡ ਛਕਦੇ ਪਰ ਅੰਤਮ ਨਿਸ਼ਾਨਾ ਜ਼ਿੰਦਗੀ ਦਾ ਜੋ ਉਹਨਾਂ ਨੇ ਸਾਨੂੰ ਸਿਖਾਇਆ ਕਿ ਜਿਥੇ ਜਾ ਕੇ ਸਾਨੂੰ ਬਾਣੀ ਪਹੁੰਚਾਉਣਾ ਚਾਹੁੰਦੀ ਹੈ, ਉਹ ਦਸਦੇ ਕਿ -

*ਅਨਹਦ ਬਾਣੀ ਪੂੰਜੀ ॥ ਸੰਤਨ ਹਥਿ ਰਾਖੀ ਕੂੰਜੀ ॥*
*ਅੰਗ- ੮੯੪*

ਸਤਿਪੁਰਸ਼ਾਂ ਦਾ ਕੰਮ ਹੀ ਇਹੀ ਹੁੰਦਾ ਹੈ ਕਿ ਜੋ ਸੁਖਮਨੀ ਸਾਹਿਬ ਦੀ ਬਾਣੀ ਕਹਿ ਰਹੀ ਹੈ, ਉਹ ਪ੍ਰੈਕਟੀਕਲ ਰੂਪ ਦੇ ਵਿਚ ਮਹਾਂਪੁਰਖਾਂ ਦੇ ਜੀਵਨ ਤੋਂ ਪਤਾ ਲਗਦਾ ਹੈ। ਉਹਨਾਂ ਨੇ ਵੀ ਸਾਰੀਆਂ ਜ਼ਿੰਮੇਵਾਰੀਆਂ ਨਿਭਾਈਆਂ, ਇਹ ਨਹੀਂ ਕਿ ਜ਼ਿੰਮੇਵਾਰੀਆਂ ਤੋਂ ਪਿੱਛੇ ਹਟੇ। ਪਰ ਐਸੀ ਸਤਿਪੁਰਸ਼ਾਂ ਦੀ ਸੰਗਤ, ਵੱਡੇ ਮਹਾਰਾਜ ਜੀ ਰਾੜਾ ਸਾਹਿਬ ਵਾਲਿਆਂ ਦੀ ਮਿਲੀ ਕਿ ਉਹਨਾਂ ਦੇ ਪਿਆਰ ਵਿਚ ਆਪਣਾ ਜੀਵਨ ਗੁਰੂ ਲੇਖੇ ਲਾ ਦਿਤਾ। ਜਦੋਂ ਪਹਿਲਾ ਮਿਲਾਪ ਮਹਾਂਪੁਰਸ਼ਾਂ ਦਾ ਹੋਇਆ, ਉਹਨਾਂ ਨੇ ਬਚਨ ਕੀਤਾ ਆਪ ਨੂੰ ਕਿ ਅੱਜ ਸੁਹਾਗਣ ਦਾ ਸੁਹਾਗਣ ਨਾਲ ਮਿਲਾਪ ਹੋਇਆ ਹੈ। ਸਵਾਲ ਸੀ -

*ਸੁਨਹੁ ਰੇ ਤੂ ਕਉਨੁ ਕਹਾ ਤੇ ਆਇਓ ॥* *ਅੰਗ- ੯੯੯*

ਆਪਾਂ ਨੂੰ ਵੀ ਬਾਣੀ ਕਹਿੰਦੀ ਹੈ ਕਿ 'ਸੁਨਹੁ'! ਕੀ ਸੁਣੋ? ਕਿ ਤੂੰ ਕੌਣ ਹੈ, ਕਿੱਥੋਂ ਆਇਆ ਹੈਂ? ਫੇਰ ਅੱਗੋਂ ਜਵਾਬ ਆਉਂਦਾ ਨਹੀਂ -

*ਏਤੀ ਨ ਜਾਨਉ ਕੇਤੀਕ ਮੁਦਤਿ ਚਲਤੇ ਖਬਰਿ ਨ ਪਾਇਓ ॥*
*ਅੰਗ- ੯੯੯*

ਮਹਾਂਪੁਰਸ਼ਾਂ ਰਾੜਾ ਸਾਹਿਬ ਵਾਲਿਆਂ ਦਾ ਇਹ ਸਵਾਲ ਤੇ ਰਤਵਾੜਾ ਸਾਹਿਬ ਵਾਲਿਆਂ ਦਾ ਐਸਾ ਹੀ ਅੰਦਰੂਨੀ ਜਵਾਬ। ਪਹਿਲੇ ਬਚਨ 'ਤੇ ਕਹਿੰਦੇ, ਚੁੱਪ ਕਰ ਗਏ। ਸੰਗਤ ਬੈਠੀ ਸੀ। ਕਹਿਣ ਲੱਗੀ ਕਿ ਕਾਕਾ, ਤੂੰ ਦਸਦਾ ਨਹੀਂ? ਤੈਨੂੰ ਐਨਾ ਹੀ ਪੁੱਛਿਆ ਹੈ ਕਿ ਤੂੰ ਕੌਣ ਹੈਂ? ਆਪ ਨੇ ਕਿਹਾ ਕਿ ਮੈਨੂੰ ਦੱਸਣਾ ਨਹੀਂ ਆਉਂਦਾ? ਸਾਰੇ ਹਸਦੇ ਨੇ ਕਿ ਤੈਨੂੰ ਐਨਾ ਹੀ ਨਹੀਂ ਦੱਸਣਾ ਆਉਂਦਾ। ਨਾਂ ਹੀ ਪੁਛਦੇ ਨੇ?

ਪਰ ਮਹਾਂਪੁਰਸ਼ ਅੰਦਰੂਨੀ ਅਵਸਥਾ ਦੇ ਬਚਨ ਉਸ ਸਮੇਂ ਕਰਦੇ ਨੇ। ਤੀਜੀ ਵਾਰੀ ਪੁੱਛਣ ਤੇ ਆਪ ਨੇ ਜਦੋਂ ਕਿਹਾ ਕਿ ਮੈਨੂੰ ਦਸਣਾ ਨਹੀਂ ਆਉਂਦਾ। ਰਾੜਾ ਸਾਹਿਬ ਵਾਲੇ ਮਹਾਂਪੁਰਸ਼ਾਂ ਨੇ 45 ਮਿੰਟ ਨੇਤਰ ਨਹੀਂ ਖੋਲ੍ਹੇ। ਜਦੋਂ ਨੇਤਰ ਖੋਲ੍ਹੇ ਤਾਂ ਇਹ ਬਚਨ ਆਇਆ ਕਿ ਅੱਜ ਇਕ ਸੁਹਾਗਣ ਦਾ ਸੁਹਾਗਣ ਨਾਲ ਮਿਲਾਪ ਹੋਇਆ ਹੈ। ਕਿੱਡੀ ਅਵਸਥਾ ਹੈ ਸਾਧਸੰਗਤ ਜੀ। ਇਹ ਸਤਿਪੁਰਸ਼ਾਂ ਤੋਂ ਬਗੈਰ ਪ੍ਰਾਪਤ ਨਹੀਂ ਹੁੰਦੀ। ਮਹਾਂਪੁਰਸ਼ਾਂ ਨੇ ਸਾਰੀ ਜ਼ਿੰਦਗੀ ਸ੍ਰੀ ਮਾਨ ਸੰਤ ਈਸ਼ਰ ਸਿੰਘ ਜੀ ਦੇ ਪਿਆਰ ਵਿਚ ਲਾਈ। ਸਰਵਿਸ ਵੀ ਜੇ ਕਿਤੇ ਕੀਤੀ, ਸਿਵਲ 'ਚ, ਫੌਜ 'ਚ, ਕਿਤੇ ਵੀ ਗਏ। ਯੂ.ਪੀ ਗਏ ਫਾਰਮ ਚਲਾਇਆ। ਮਹਾਂਪੁਰਸ਼ਾਂ ਦੇ ਪਿਆਰ ਵਿਚ ਇਕ ਸੇਵਕ ਬਣ ਕੇ ਐਸੀ ਅਵਸਥਾ ਵਿਚ ਵਿਚਰੇ-

*ਰਾਜ ਮਹਿ ਰਾਜੁ ਜੋਗ ਮਹਿ ਜੋਗੀ ॥*
*ਤਪ ਮਹਿ ਤਪੀਸਰੁ ਗ੍ਰਿਹਸਤ ਮਹਿ ਭੋਗੀ ॥*
*ਧਿਆਇ ਧਿਆਇ ਭਗਤਹ ਸੁਖੁ ਪਾਇਆ ॥*
*ਨਾਨਕ ਤਿਸੁ ਪੁਰਖ ਕਾ ਕਿਨੈ ਅੰਤੁ ਨ ਪਾਇਆ ॥*
*ਅੰਗ- ੨੯੪*

ਸੁਖਮਨੀ ਸਾਹਿਬ ਦੀ ਬਾਣੀ ਜੋ ਕਹਿੰਦੀ ਹੈ –

*ਇਹ ਬਾਣੀ ਜੋ ਜੀਅਹੁ ਜਾਣੈ*
*ਤਿਸੁ ਅੰਤਰਿ ਰਵੈ ਹਰਿ ਨਾਮਾ ॥ ਅੰਗ– ੭੯੭*

ਕਿਤੋ ਵੀ ਪੜ੍ਹ ਲਓ ਬਾਣੀ, ਪਰ –

*ਬਾਣੀ ਬਿਰਲਉ ਬੀਚਾਰਸੀ ਜੇ ਕੋ ਗੁਰਮੁਖਿ ਹੋਇ ॥*
*ਅੰਗ– ੯੩੫*

ਕਿਉਂਕਿ ਬਾਣੀ ਤਾਂ ਬਾਣ ਮਾਰ ਰਹੀ ਹੈ। ਪਹਿਲੀ ਹੀ ਅਸਟਪਦੀ ਕੀ ਕਹਿ ਰਹੀ ਹੈ ਕਿ ਤੁਸੀਂ ਇਹ ਕੰਮ ਕਰੋ ਜੋ ਕਰਨ ਵਾਸਤੇ ਆਏ ਹੋ –

*ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ ॥*
*ਕਲਿ ਕਲੇਸ ਤਨ ਮਾਹਿ ਮਿਟਾਵਉ ॥ ਅੰਗ– ੨੬੨*

ਕਿਵੇਂ ਸਿਮਰਨਾ ਹੈ? ਉਸ ਪਿਆਰੇ ਦੀ ਯਾਦ ਪ੍ਰਤੀਕ ਧਿਆਨ 'ਚ, ਪਿਆਰ 'ਚ ਬੈਠਿਆ ਜਾਂਦਾ ਹੈ, ਨਹੀਂ ਤਾਂ ਬੈਠਣਾ ਹੀ ਨਹੀਂ ਆਉਂਦਾ। ਇਸ ਤਰ੍ਹਾਂ ਜਦੋਂ ਅਸੀਂ ਉਹਦੇ ਪਿਆਰ 'ਚ ਬੈਠਦੇ ਹਾਂ, ਧਿਆਨ ਧਰਦੇ ਹਾਂ, ਉਹਨੂੰ ਯਾਦ ਕਰਦੇ ਹਾਂ, ਉਹ ਯਾਦ ਹੀ ਇਬਾਦਤ ਬਣ ਜਾਂਦੀ ਹੈ। ਫੇਰ ਆਪੇ ਹੀ ਵਾਹਿਗੁਰੂ–ਵਾਹਿਗੁਰੂ ਸਿਮਰਨ ਹੋਣ ਲਗ ਜਾਂਦਾ ਹੈ। ਰਸ ਭਰ ਜਾਂਦਾ ਹੈ, ਜ਼ੁਬਾਨ ਦੇ ਉਤੇ ਰਸ ਆ ਜਾਂਦਾ ਹੈ, ਜਦੋਂ ਬੈਖਰੀ ਬਾਣੀ 'ਚ ਬੋਲ ਕੇ ਕੀਤਾ ਜਾਂਦਾ ਹੈ –

*ਨਾਮੁ ਕਹਤ ਗੋਵਿੰਦ ਕਾ ਸੂਚੀ ਭਈ ਰਸਨਾ ॥ ਅੰਗ– ੮੧੧*

ਜੂਠੀ ਕਿਵੇਂ ਹੁੰਦੀ ਹੈ? ਜਦੋਂ ਕਚ ਪਿੱਚ ਬੋਲਦੀ ਹੈ –

*ਰੇ ਜਿਹਬਾ ਕਰਉ ਸਤ ਖੰਡ ॥*
*ਜਾਮਿ ਨ ਉਚਰਸਿ ਸ੍ਰੀ ਗੋਬਿੰਦ ॥ ਅੰਗ– ੧੧੬੩*

ਸੌ ਟੁਕੜੇ ਕਰ ਦੇਈਏ, ਕਿਉਂਕਿ ਜੇ ਇਹ ਨਾਮ ਨਹੀਂ ਜਪਦੀ।

ਕਿਉਂਕਿ ਸਾਡਾ ਜੋ ਵਿਸ਼ਵਾਸ਼ ਹੈ ਇਸ ਗੱਲ ਦੇ ਉਤੇ ਆਉਂਦਾ ਨਹੀਂ। ਸੋਚਦੇ ਹਾਂ ਕਿ ਇਹ ਸਭ ਕਿਵੇਂ ਹੋਵੇ? ਸੱਚੇ ਪਾਤਸ਼ਾਹ ਜੀ! ਅਗਲੀ ਅਸਟਪਦੀ 'ਚ ਦਸਦੇ ਨੇ ਕਿ ਪ੍ਰਭੂ ਦੇ ਸਿਮਰਨ ਨਾਲ ਕੀ ਨਹੀਂ ਹੋ ਸਕਦਾ। ਉਹਦੀ ਯਾਦ 'ਚ ਬੈਠਣ ਦਾ ਸੁਭਾਉ ਬਣਾਓ। ਸੁਭਾਅ ਬਣ ਗਿਆ। ਹੁਣ ਆਪਾਂ ਸੰਗਤ ਕਰਦੇ ਹਾਂ ਕਿਉਂਕਿ ਇਹਦੇ ਨਾਲ –

*ਇਕ ਦੂ ਜੀਭੌ ਲਖ ਹੋਹਿ ਲਖ ਹੋਵਹਿ ਲਖ ਵੀਸ ॥*
*ਲਖੁ ਲਖੁ ਗੇੜਾ ਆਖੀਅਹਿ ਏਕੁ ਨਾਮੁ ਜਗਦੀਸ ॥*
*ਅੰਗ– ੭*

ਸਾਰੇ ਜਦੋਂ ਇਕੱਠੇ ਹੋ ਕੇ ਸੰਗਤੀ ਰੂਪ 'ਚ ਨਾਮ ਅਭਿਆਸ ਕਰਦੇ ਹਾਂ। ਉਹ ਫੇਰ ਐਸੀ ਜੁਗਤ ਜਿਹੜੀ ਸਤਿਪੁਰਸ਼ ਦਰਸਾਉਂਦੇ ਨੇ ਕਿ ਪ੍ਰਤੀਕ ਧਿਆਨ ਬਣਦਾ ਹੈ, ਨਾਮ ਚਲ ਪੈਂਦਾ ਹੈ। ਉਸ ਤੋਂ ਅੱਗੇ ਫੇਰ ਸੰਪਤ ਧਿਆਨ ਹੈ ਕਿਉਂਕਿ ਐਸੀਆਂ ਗੱਲਾਂ ਐਵੇਂ ਤਾਂ ਹੁੰਦੀਆਂ ਨਹੀਂ। ਸੁਖਮਨੀ ਸਾਹਿਬ ਦੀ ਬਾਣੀ ਅੱਗੇ ਕੀ ਕਹਿੰਦੀ ਹੈ –

*ਜਿਸੁ ਵਖਰ ਕਉ ਲੈਨਿ ਤੂ ਆਇਆ ॥*
*ਰਾਮ ਨਾਮੁ ਸੰਤਨ ਘਰਿ ਪਾਇਆ ॥*
*ਤਜਿ ਅਭਿਮਾਨੁ ਲੇਹੁ ਮਨ ਮੋਲਿ ॥*
*ਰਾਮ ਨਾਮੁ ਹਿਰਦੇ ਮਹਿ ਤੋਲਿ ॥*
*ਲਾਦਿ ਖੇਪ ਸੰਤਹ ਸੰਗਿ ਚਾਲੁ ॥*
*ਅਵਰ ਤਿਆਗਿ ਬਿਖਿਆ ਜੰਜਾਲ ॥*
*ਧੰਨਿ ਧੰਨਿ ਕਹੈ ਸਭੁ ਕੋਇ ॥*
*ਮੁਖ ਊਜਲ ਹਰਿ ਦਰਗਹ ਸੋਇ ॥*
*ਇਹੁ ਵਾਪਾਰੁ ਵਿਰਲਾ ਵਾਪਾਰੈ ॥*
*ਨਾਨਕ ਤਾ ਕੈ ਸਦ ਬਲਿਹਾਰੈ ॥ ਅੰਗ – ੨੮੩*

ਉਹ ਵਸਤੂ ਕਿਹੜੀ ਹੈ? ਉਹ ਹੈ ਨਾਮ 'ਚ ਅਸਿਥਿਤ ਹੋਣਾ। ਨਾਮ ਸਭ ਦੇ ਅੰਦਰ ਹੈ –

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ ॥ ਅੰਗ– ੨੯੩*

ਇਹ ਨਾ ਸੋਚੋ ਕਿ ਨਾਮ ਕੋਈ ਦੇਵੇਗਾ, ਨਹੀਂ ਦੇ ਸਕਿਆ, ਨਾ ਕੋਈ ਦਿੰਦਾ ਹੈ, ਨਾਮ ਤਾਂ ਅੰਦਰੋਂ ਮਿਲਦਾ ਹੈ। ਨਾਮ ਧਾਰਨ ਸਭ ਨੇ ਕੀਤਾ –

*ਨਾਮ ਕੇ ਧਾਰੇ ਸਗਲੇ ਜੰਤ ॥*
*ਨਾਮ ਕੇ ਧਾਰੇ ਖੰਡ ਬ੍ਰਹਮੰਡ ॥ ਅੰਗ– ੨੮੪*

ਇਸ ਗੱਲ ਦਾ ਭੁਲੇਖਾ ਹੀ ਪੈ ਜਾਂਦਾ ਹੈ ਕਿ ਨਾਮ ਮਿਲੇਗਾ। ਕਈ ਜਗ੍ਹਾਂ ਜਾਂਦੇ ਨੇ, ਕਿ ਉਥੋਂ ਮਿਲੇਗਾ। ਪਰ ਇਹ ਤਾਂ ਅੰਦਰ ਹੀ ਹੈ। ਬਾਹਰ ਤੋਂ ਤਾਂ ਗੁਰਮੰਤ੍ਰ ਦਿੰਦੇ ਨੇ। ਗੁਰੂ ਦੇ ਦਿਤੇ ਮੰਤ੍ਰ ਦੀ ਕਮਾਈ ਕਰਕੇ ਨਾਮ ਤੱਕ ਰੁਸਵਾਈ ਹੋਣੀ ਹੈ, ਨਾਮ ਤਕ ਪਹੁੰਚ ਹੋਣੀ ਹੈ ਤੇ ਉਸ ਘਰ ਦੇ ਵਿਚ ਸਥਿਤੀ ਹੋ ਜਾਣੀ ਹੈ –

*ਰਾਮ ਰਾਮ ਸਭੁ ਕੋ ਕਹੈ ਕਹਿਐ ਰਾਮੁ ਨ ਹੋਇ ॥*
*ਗੁਰ ਪਰਸਾਦੀ ਰਾਮੁ ਮਨਿ ਵਸੈ ਤਾ ਫਲੁ ਪਾਵੈ ਕੋਇ ॥*
*ਅੰਗ– ੪੯੧*

ਕਹਿੰਦੇ ਤਾਂ ਹਨ ਸਾਰੇ ਪਰ ਗੁਰੂ ਦੀ ਕ੍ਰਿਪਾ ਦੇ ਨਾਲ ਐਸਾ ਕੋਈ ਸੱਜਣ, ਸਾਧੂ, ਗੁਰਮੁਖ ਮਿਲ ਜਾਵੇ ਜੋ ਜੁਗਤ ਦਸ ਦਿੰਦਾ ਹੈ ਕਿ ਪਿਆਰਿਆ! ਤੇਰਾ ਇਹਦੇ ਨਾਲ ਭਲਾ ਹੋ ਜਾਊ।

*ਗਨਕਾ ਪਾਪਣਿ ਹੋਇਕੈ ਪਾਪਾ ਦਾ ਗਲ ਹਾਰ ਪਰੋਤਾ।*

ਹੁਣ ਉਹਦੀ ਬਿਰਤੀ ਐਨੀ ਉਚੀ ਤਾਂ ਹੈ ਨਹੀਂ ਸੀ ਕਿ ਉਹਨੂੰ ਪਹਿਲੇ ਦਿਨ ਵਿਸ਼ਵਾਸ਼ ਦਾ ਅਭਿਆਸ ਦਸਦੇ। ਜੁਗਤੀ ਦਸੀ। ਜੁਗਤੀ ਨਾਲ ਮੁਕਤੀ ਹੈ –

*ਮਹਾਂ ਪੁਰਖ ਆਚਾਣਚਕ ਗਨਿਕਾ ਵਾੜੇ ਆਇ ਖਲੋਤਾ।*
*ਭਾਈ ਗੁਰਦਾਸ ਜੀ, ਵਾਰ ੧੦/੨੧*

ਦੁਨੀਆਂ ਤਾਂ ਮਾੜਾ ਹੀ ਕਹੇਗੀ ਕਿ ਮਾੜਾ ਹੈ। ਕੁਕਰਮ ਕਰਨ ਵਾਲੀ ਨੂੰ ਕੌਣ ਚੰਗਾ ਕਹੂ। ਮਹਾਂਪੁਰਖ ਖੋਟੀ ਮੱਤ ਦੇਖ ਦਇਆਲ ਹੋ ਗਏ।

*ਦੁਰਮਤਿ ਦੇਖਿ ਦਇਆਲੁ ਹੋਇ ਹਥਹੁ ਉਸ ਨੋ ਦਿਤੋਨੁ ਤੋਤਾ।*
*ਭਾਈ ਗੁਰਦਾਸ ਜੀ, ਵਾਰ ੧੦/੨੧*

ਗਨਕਾ ਦੀ ਮਨੋ ਅਵਸਥਾ ਦੇ ਮੁਤਾਬਿਕ ਤੋਤਾ ਦਿਤਾ ਕਿ ਤੂੰ ਇਹਦੇ ਨਾਲ ਹੀ ਰਾਮ-ਰਾਮ ਕਿਹਾ ਕਰ। ਮਹਾਂਪੁਰਖ ਜੁਗਤੀ ਦਸ ਦਿੰਦੇ ਨੇ।

ਸਾਨੂੰ ਕੀ ਦਸਿਆ ਹੈ? ਪੰਜ ਪਿਆਰੇ ਅੰਮ੍ਰਿਤ ਛਕਾਉਂਦੇ ਨੇ। ਗੁਰਮੰਤ੍ਰ ਦ੍ਰਿੜ੍ਹ ਕਰਾਉਂਦੇ ਨੇ, ਮੂਲਮੰਤ੍ਰ। ਸਾਧੂ ਜੁਗਤੀ ਦਸਦੇ ਨੇ ਕਿ ਇਸ ਤਰ੍ਹਾਂ ਕਰ ਲਿਆ ਕਰ। ਬੋਲ ਕੇ ਕਰ ਲਿਆ ਕਰ, ਅਜੇ ਤੇਰੀ ਅਵਸਥਾ ਸ਼ੁਰੂਆਤ ਵਾਲੀ ਹੈ। ਜਿਵੇਂ ਬੱਚੇ ਉਚੀ-ਉਚੀ ਮੁਹਾਰਨੀ ਪੜ੍ਹਦੇ ਨੇ। ਸਾਧੂਆਂ ਕੋਲ ਜੁਗਤੀਆਂ ਹੁੰਦੀਆਂ ਹਨ ਜੋ ਸੀਨੇ-ਬ-ਸੀਨੇ ਚਲੀਆਂ ਆਉਂਦੀਆਂ ਹਨ। ਉਹ ਮਨੋ ਅਵਸਥਾ ਮੁਤਾਬਿਕ ਦਸ ਦਿੰਦੇ ਨੇ। ਕਿੱਡੇ-ਕਿੱਡੇ ਪਾਪੀ ਤਰ ਗਏ।

*ਅਜਾਮਲੁ ਪਾਪੀ ਜਗੁ ਜਾਨੇ ਨਿਮਖ ਮਾਹਿ ਨਿਸਤਾਰਾ ॥*
*ਅੰਗ- ੬੩੨*

ਉਹ ਤਾਂ ਐਨਾ ਪਾਪੀ ਸੀ ਪਰ ਉਹਨੂੰ ਮਹਾਂਪੁਰਖਾਂ ਨੇ ਜੁਗਤ ਨਾਲ ਮੁਕਤ ਕਰਾ ਦਿਤਾ। ਉਹ ਕਿਸੇ ਜਾਣਕਾਰੀ ਦਾ ਮੁਹਥਾਜ ਨਹੀਂ ਸੀ। ਰਾਜ ਪੰਡਤ ਦਾ ਲੜਕਾ ਸੀ। ਜਿਹੜਾ ਸਭਾ ਦੇ ਵਿਚ ਬੈਠ ਕੇ ਵਿਚਾਰ ਕਰਦਾ, ਉਸ ਪਦਵੀ 'ਤੇ ਸਸ਼ੋਭਤ ਸੀ। ਮਹਾਂਪੁਰਖਾਂ ਦੀ ਸੰਗਤ ਕੀਤੀ, ਭਾਵੇਂ ਉਹ ਕੁਸੰਗ 'ਚ ਪੈ ਗਿਆ, ਮਾਇਆ ਪੈ ਗਈ ਉਸ ਉਪਰ, ਭੁੱਲ ਪੈ ਗਈ।

*ਛਿਅ ਪੁਤ ਜਾਏ ਵੇਸੁਆ ਪਾਪਾ ਦੇ ਫਲ ਇਛੇ ਲਹਿਆ।*
*ਭਾਈ ਗੁਰਦਾਸ ਜੀ, ਵਾਰ ੧੦/੨੧*

ਕੁਸੰਗ ਹੋਣ ਕਰਕੇ, ਰਾਜ ਪੰਡਤ ਦੀ ਪਦਵੀ ਤੋਂ ਉਤਾਰ ਦਿਤਾ ਗਿਆ। ਵੇਸਵਾ ਨਾਲ ਸਬੰਧ ਜੁੜਿਆ, ਉਸ ਨਾਲ ਹੀ ਰਹਿਣਾ ਸ਼ੁਰੂ ਕਰ ਦਿਤਾ। ਸ਼ਿਕਾਰ ਕਰਦੈ, ਪੰਛੀ ਮਾਰ-ਮਾਰ ਲਿਆਉਂਦਾ ਹੈ। ਛੇ ਪੁੱਤ ਹੋਏ। ਸੱਤਵੇਂ ਦਾ ਜਨਮ ਹੋਣਾ ਸੀ। ਮਹਾਂਪੁਰਖ ਕਹਿੰਦੇ, ਹੁਣ ਤੂੰ ਇਹਦਾ ਨਾਉਂ ਰੱਖੀਂ 'ਨਾਰਾਇਣ'। ਆਖਰੀ ਸਮੇਂ 'ਤੇ ਸਾਧੂ ਦਾ ਪ੍ਰਤੀਕ ਧਿਆਨ ਆ ਗਿਆ। ਸਾਮ੍ਹਣੇ ਉਹ ਮੂਰਤ ਆ ਗਈ -

*ਸਫਲ ਮੂਰਤਿ ਪਰਸਉ ਸੰਤਨ ਕੀ ਇਹੈ ਧਿਆਨਾ ਧਰਨਾ ॥*

ਐਸੀ ਅਵਸਥਾ -

*ਏਕ ਚਿਤ ਜਿਹ ਇਕ ਛਿਨ ਧਿਆਇਓ*
*ਕਾਲ ਫਾਸ ਕੇ ਬੀਚ ਨ ਆਇਓ। ਅਕਾਲ ਉਸਤਤਿ*

ਸੋ ਐਸੀ ਬਾਣੀ ਸਾਨੂੰ ਪ੍ਰੇਰਿਤ ਕਰਦੀ ਹੈ ਕਿ -

*ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ ॥ ਅੰਗ- ੨੬੨*

ਤਿੰਨ ਵਾਰੀ ਬਚਨ ਆਇਆ ਹੈ ਕਿ ਕਦੇ ਤਾਂ ਯਾਦ ਕਰ ਲਓ। ਪਰ ਅਸੀਂ ਤਾਂ ਭੁੱਲ ਗਏ। ਭੁੱਲ ਪਈ ਹੋਈ ਹੈ ਸਾਡੇ ਤਾਂ ਅੰਦਰ।

*ਭਜਹੁ ਗੋੁਬਿੰਦ ਭੂਲਿ ਮਤ ਜਾਹੁ ॥*
*ਮਾਨਸ ਜਨਮ ਕਾ ਏਹੀ ਲਾਹੁ ॥ ਅੰਗ- ੧੧੫੯*

ਭੁੱਲੋ ਨਾ, ਯਾਦ ਕਰੋ। ਸਤਿਪੁਰਸ਼ ਅਮਰੀਕਾ ਆਏ, ਜੁਗਤ ਦਸ ਦਿਤੀ। ਸਤਿਸੰਗਤ ਬਖਸ਼ ਦਿਤੀ -

*ਸਤਸੰਗਤਿ ਕੈਸੀ ਜਾਣੀਐ ॥ ਜਿਥੈ ਏਕੋ ਨਾਮੁ ਵਖਾਣੀਐ ॥*
*ਅੰਗ- ੭੨*

ਸੁਖਮਨੀ ਸਾਹਿਬ ਦੀ ਪਹਿਲੀ ਹੀ ਅਸਟਪਦੀ, ਪਹਿਲੀ ਹੀ ਤੁਕ ਦਾ ਫੁਰਮਾਨ, ਇਕ-ਇਕ ਅੱਖਰ ਸਾਨੂੰ ਪ੍ਰੇਰਿਤ ਕਰਦੈ -

*ਏਕ ਅਖਰੁ ਹਰਿ ਮਨਿ ਬਸਤ ਨਾਨਕ ਹੋਤ ਨਿਹਾਲ ॥*
*ਅੰਗ- ੨੬੧*

ਇਕ ਅੱਖਰ ਵੀ ਵਸਾ ਲਿਆ ਮਨ 'ਚ। ਕੋਈ ਰਾਮ ਕਹਿ ਦਿਓ, ਅੱਲਾਹ ਕਹਿ ਦਿਓ, ਵਾਹਿਗੁਰੂ ਕਹਿ ਦਿਓ, God ਕਹਿ ਦਿਓ। ਸਤਿਪੁਰਸ਼ ਜੁਗਤ ਦਸ ਦਿੰਦੇ। ਫੇਰ ਅਵਸਥਾ ਕੀ ਹੁੰਦੀ ਹੈ? ***'ਜਿਸੁ ਵਖਰ ਕਉ ਲੈਨਿ ਤੂ ਆਇਆ ॥ ਰਾਮ ਨਾਮੁ ਸੰਤਨ ਘਰਿ ਪਾਇਆ ॥'*** ਉਹ ਘਰ ਦੇ ਵਿਚ ਹੀ, ਕਿਉਂਕਿ -

*ਘਰ ਹੀ ਮਹਿ ਅੰਮ੍ਰਿਤੁ ਭਰਪੂਰੁ ਹੈ*
*ਮਨਮੁਖਾ ਸਾਦੁ ਨ ਪਾਇਆ ॥*
*ਜਿਉ ਕਸਤੂਰੀ ਮਿਰਗੁ ਨ ਜਾਣੈ ਭ੍ਰਮਦਾ ਭਰਮਿ ਭੁਲਾਇਆ ॥*
*ਅੰਗ- ੬੪੪*

ਬਾਹਰੋਂ ਬਾਹਰ ਦੌੜ ਸਾਡੀ ਲੱਗੀ ਹੈ। ਪਰ ਗੁਰੂ ਕੀ ਕਹਿੰਦੇ ਨੇ -

*ਬਾਹਰਿ ਢੂਢਨ ਤੇ ਛੂਟਿ ਪਰੇ*
*ਗੁਰਿ ਘਰ ਹੀ ਮਾਹਿ ਦਿਖਾਇਆ ਥਾ ॥ ਅੰਗ- ੧੦੦੨*

ਇਸ ਘਰ ਦੇ ਵਿਚ ਜਿਹੜਾ ਘਰ ਦਿਖਾਵੇ ਓਹੀ ਸਤਿਗੁਰ ਹੈ -

*ਘਰ ਮਹਿ ਘਰੁ ਦੇਖਾਇ ਦੇਇ ਸੋ ਸਤਿਗੁਰੁ ਪੁਰਖੁ ਸੁਜਾਣੁ ॥*
*ਅੰਗ- ੧੨੯੧*

*ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥*
*ਅੰਗ- ੯੮੨*

ਬਾਣੀ ਪ੍ਰੇਰਿਤ ਕਰਦੀ ਹੈ 'ਨਾਮ' ਵਲ ਨੂੰ। ਕਿ ਜਾਓ ਸੰਗਤ 'ਚ, ਆਓ ਸੰਗਤ 'ਚ। ਕਰੋ ਕੀ? -

*ਊਠਤ ਬੈਠਤ ਸੋਵਤ ਨਾਮ ॥ ਅੰਗ- ੨੮੬*

ਜਦੋਂ ਉਠਦੇ ਵੀ, ਬੈਠਦੇ ਵੀ, ਸੌਂਦੇ ਵੀ ਨਾਮ ਸਿਮਰਨ ਸ਼ੁਰੂ ਹੋ ਗਿਆ। ਫੇਰ ਤਾਂ ਕਹਿੰਦੇ, ਇਹ ਅਵਸਥਾ ਦੀ ਪ੍ਰਾਪਤੀ ਹੋ ਜਾਂਦੀ ਹੈ -

*ਕਬੀਰ ਤੂੰ ਤੂੰ ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ ॥*
*ਜਬ ਆਪਾ ਪਰ ਕਾ ਮਿਟਿ ਗਇਆ ਜਤ ਦੇਖਉ ਤਤ ਤੂ ॥*
*ਅੰਗ- ੧੩੭੫*

*ਇਹ ਨੀਸਾਣੀ ਸਾਧ ਕੀ ਜਿਸੁ ਭੇਟਤ ਤਰੀਐ ॥*

*ਅੰਗ- ੩੨੦*

ਕਿੱਡੀ ਅਵਸਥਾ ਹੋ ਜਾਂਦੀ ਹੈ? ਉਥੇ ਤਾਂ ਫੇਰ ਮੈਂ ਤੂੰ 'ਚ ਬਦਲ ਗਈ। ਫੇਰ ਤਾਂ ਸਾਰੀਆਂ ਘਟਾਂ ਦੇ ਵਿਚ ਨਜ਼ਰ ਆਉਂਦਾ ਹੈ। ਵਾਹਿਗੁਰੂ-ਵਾਹਿਗੁਰੂ ਘਟ-ਘਟ 'ਚ ਸੁਣਨਾ ਸ਼ੁਰੂ ਹੋ ਜਾਂਦਾ ਹੈ। ਫੇਰ ਤਾਂ ਬਾਹਰਲੀਆਂ ਆਵਾਜ਼ਾਂ ਵੀ ਤੰਗ ਨਹੀਂ ਕਰਦੀਆਂ। ਉਹਨਾਂ ਵਿਚ ਵੀ ਖੁਸ਼ੀ ਖੇੜਾ ਮਿਲਦਾ ਹੈ। ਅਸੀਂ ਫਸ ਜਾਂਦੇ ਹਾਂ ਪਰ ਸਾਧੂ ਛੁਡਾਉਣ ਦਾ ਢੰਗ ਦਸ ਦਿੰਦੇ ਨੇ। ਹੁਣ ਅਜਾਮਲ ਨੂੰ ਇਹੀ ਦਸਿਆ ਕਿ ਸੱਤਵੇਂ ਪੁੱਤਰ ਦਾ ਨਾਂ ਨਾਰਾਇਣ ਰਖ ਲੈ। ਉਹਦੇ ਨਾਲ ਹਸਦਾ ਹੈ, ਖੇਡਦਾ ਹੈ ਪਰ ਜੁਗਤ ਪੂਰੀ ਹੈ। ਉਸੇ ਦੇ ਰਾਹੀਂ ਹੀ, ਜੁਗਤ ਨਾਲ ਮੁਕਤ ਕਰਾ ਦਿਤਾ। ਇਸ ਤਰ੍ਹਾਂ ਦੇ ਨਾਲ ਫੇਰ ਝੁੰਜਲਾਹਟ 'ਚ ਨਹੀਂ ਆਉਂਦਾ, ਪਰੇਸ਼ਾਨੀ 'ਚ ਨਹੀਂ ਆਉਂਦਾ, ਗੁੱਸਾ ਨਹੀਂ ਆਉਂਦਾ। ਖੁਸ਼ੀ ਖੇੜਾ ਆਉਂਦੈ -

*ਨਾਨਕ ਭਗਤਾ ਸਦਾ ਵਿਗਾਸੁ ॥*
*ਸੁਣਿਐ ਦੂਖ ਪਾਪ ਕਾ ਨਾਸੁ ॥* *ਅੰਗ- ੨*

ਫੇਰ ਇਹ ਖੁਸ਼ੀ ਦੇ ਨਾਲ, ਖੁਸ਼ੀ-ਖੁਸ਼ੀ ਹੀ ਆਹ ਜੀਵਨ ਨੂੰ ਸਫਲ ਕਰ ਲੈਂਦੈ। ਸਤਿਪੁਰਸ਼ਾਂ ਕੋਲ ਜੁਗਤੀਆਂ ਹੁੰਦੀਆਂ ਨੇ, ਬੈਖਰੀ ਤੋਂ ਮਧਮਾ, ਮਧਮਾ ਤੋਂ ਫੇਰ ਪਸੰਤੀ, ਜਿੱਥੇ ਹਿਰਦੇ ਦੇ ਵਿਚ ਅਨੁਭਵ ਹੋਣਾ ਸ਼ੁਰੂ ਹੋ ਜਾਂਦਾ ਹੈ। ਜਿਹਭਾ ਤੋਂ ਬਿਨਾਂ ਹੀ ਸਿਮਰਨ ਹੋਣਾ ਸ਼ੁਰੂ ਹੋ ਜਾਂਦਾ ਹੈ। ਫੇਰ ਪਰਾ ਬਾਣੀ ਦੇ ਵਿਚ ਜਾ ਕੇ ਤਾਂ ਐਸੀ ਅਵਸਥਾ ਪ੍ਰਾਪਤ ਹੋ ਜਾਂਦੀ ਹੈ, ਜਿਹਦਾ ਧਿਆਨ ਹੋਵੇ, ਉਸੇ ਦਾ ਹੀ ਰੂਪ ਬਣ ਜਾਂਦਾ ਹੈ। ਇਸ ਕਰਕੇ ਸਾਧੂਆਂ ਦੀ ਸੰਗਤ 'ਚ ਜਾਓ। ਉਥੋਂ ਹੀ ਪ੍ਰਾਪਤੀ ਪਾਓ।

ਇਹ ਅਵਸਥਾਵਾਂ ਜਿਨ੍ਹਾਂ ਦੀ ਸਾਨੂੰ ਸੰਗਤ ਮਿਲੀ ਉਹਨਾਂ ਨੇ ਦਰਸਾਈਆਂ ਹਨ। ਤੁਹਾਡੀ ਫੇਰ ਗਰੰਟੀ ਵੀ ਲਈ। ਇਹ ਨਹੀਂ ਕਿ ਐਵੇਂ ਤੋਤਾ ਰਟਨ। ਉਹਦੇ ਨਾਲ ਤਾਂ ਗਨਕਾ ਵਰਗੀ ਪਾਪਣ ਦਾ ਵੀ ਉਧਾਰ ਹੋ ਗਿਆ। ਬਾਰ-ਬਾਰ ਸਿਮਰਨ ਕਰਨ ਨਾਲ, ਐਨਰਜੀ ਆ ਜਾਂਦੀ ਹੈ। ਰਾਤ ਨੂੰ ਸੌਂਦੇ ਸਮੇਂ ਰੱਖਿਆ ਦੇ ਸ਼ਬਦ ਪੜ੍ਹ ਕੇ, ਕੀਰਤਨ ਸੋਹਿਲਾ ਪੜ੍ਹ ਕੇ ਸੌਣ ਲੱਗੇ, ਸ਼ਵ ਆਸਣ ਦੇ ਵਿਚ ਸਵਾਸ ਨੂੰ ਦੇਖੋ, ਆ ਰਿਹੈ-ਜਾ ਰਿਹੈ। ਸਵਾਮੀ ਰਾਮ ਜੀ, ਸੰਸਾਰ ਪ੍ਰਸਿੱਧ ਯੋਗੀ, ਰਤਵਾੜਾ ਸਾਹਿਬ ਆਪਣਾ ਅਨੁਭਵ ਦਸਦੇ, ਕਿਉਂਕਿ ਸਾਰਿਆਂ ਦਾ ਅੰਦਰਲਾ ਰਸਤਾ ਤਾਂ ਇਕੋ ਹੀ ਹੈ। 'ਆਤਮ ਮਾਰਗ' 'ਚ ਇਹ ਜੁਗਤੀਆਂ ਛਪਦੀਆਂ ਨੇ। ਉਹਨਾਂ ਨੇ ਜ਼ਿਆਦਾ ਲਿਟਰੇਚਰ ਤਾਂ ਇੰਗਲਿਸ਼ 'ਚ ਹੀ ਲਿਖਿਆ। ਪਰ ਉਹਦਾ ਅਨੁਵਾਦ ਕਰਕੇ ਛਾਪਿਆ ਜਾ ਰਿਹਾ ਹੈ। ਉਹ ਆਪ ਤਾਂ ਇਕ ਕਿਨਾਰਾ ਕਰਕੇ ਹੀ ਬੈਠੇ ਸੀ। ਪਰ ਜਦੋਂ ਉਨ੍ਹਾਂ ਨੇ ਰਤਵਾੜਾ ਸਾਹਿਬ ਵਾਲੇ ਮਹਾਂਪੁਰਸ਼ਾਂ ਦੀ ਸੰਗਤ ਕੀਤੀ, ਬੜੇ ਵੱਡੇ ਪਰਉਪਕਾਰ ਕੀਤੇ। ਇਕ ਪੁਸਤਕ ਲਿਖੀ ਜਿਸ ਵਿਚ ਧੰਨ ਗੁਰੂ ਗੋਬਿੰਦ ਸਿੰਘ ਪਾਤਸ਼ਾਹ ਜੀ ਦਾ ਐਸਾ ਕਿਹੜਾ ਉਪਦੇਸ਼ ਸੀ ਜਿਸ ਨੇ ਉਸ ਸੰਨਿਆਸੀ ਨੂੰ, ਉਸ ਉਦਾਸੀ ਨੂੰ ਬਾਬਾ ਬੰਦਾ ਸਿੰਘ ਬਹਾਦਰ ਬਣਾ ਦਿਤਾ ਹੈ। ਕਿਉਂਕਿ ਉਹ ਤਾਂ ਲਛਮਣ ਦਾਸ ਬੈਰਾਗੀ ਸੀ। ਮਾਧੋ ਦਾਸ ਸੀ। ਕਿੱਥੇ-ਕਿੱਥੇ ਨਹੀਂ ਉਹ ਘੁੰਮਿਆ। ਪਰ ਜਦੋਂ ਪੂਰਾ ਗੁਰੂ ਮਿਲਿਆ, ਉਸ ਨੂੰ ਕਰਮ ਯੋਗੀ ਬਣਾ ਦਿਤਾ। ਇਸੇ ਤਰ੍ਹਾਂ ਸੁਆਮੀ ਰਾਮ ਜੀ ਸੰਨਿਆਸੀ ਸਨ। ਸੰਗਤ ਮਿਲੀ ਮਹਾਂਪੁਰਸ਼ਾਂ ਦੀ। ਬਹੁਤ ਵੱਡੇ ਕਰਮਯੋਗੀ ਬਣੇ। ਪੁਸਤਕਾਂ ਉਹਨਾਂ ਨੇ ਗੁਰਬਾਣੀ ਦੇ ਉਤੇ ਲਿਖੀਆਂ ਹਨ। ਸਾਰੀਆਂ ਅੰਦਰਲਾ ਰਸਤਾ ਖੋਲ੍ਹਦੀਆਂ ਹਨ।

ਬਾਣੀ ਅਗਾਧ ਬੋਧ ਹੈ। ਜਿੰਨੀ ਮਰਜ਼ੀ ਵਿਚਾਰ ਲਓ ਪਰ -

*ਬਾਣੀ ਬਿਰਲਉ ਬੀਚਾਰਸੀ ਜੇ ਕੋ ਗੁਰਮੁਖਿ ਹੋਇ ॥*

*ਅੰਗ- ੯੩੫*

ਕਿਉਂਕਿ -

*ਪਰਥਾਇ ਸਾਖੀ ਮਹਾ ਪੁਰਖ ਬੋਲਦੇ ਸਾਝੀ ਸਗਲ ਜਹਾਨੈ ॥*
*ਗੁਰਮੁਖਿ ਹੋਇ ਸੁ ਭਉ ਕਰੇ ਆਪਣਾ ਆਪੁ ਪਛਾਣੈ ॥*

*ਅੰਗ - ੬੪੭*

ਆਪਣੀ ਅੰਦਰਲੀ ਖੋਜ ਕਰਦੈ। ਸਤਿਸੰਗ ਜ਼ਰੂਰ ਕਰੋ। ਉਸ ਤੋਂ ਬਾਅਦ ਜ਼ਰੂਰ ਅੰਤਰੰਗ ਸਾਧਨ ਕਰੋ। ਬਹਿਰੰਗ ਤਾਂ ਹੋ ਹੀ ਰਹੇ ਨੇ, ਇਹ ਤਾਂ ਦੱਸਣ ਦੀ ਲੋੜ ਨਹੀਂ। ਅੰਤਰੰਗ ਸਾਧਨ ਕਰਕੇ ਹੀ ਪਤਾ ਲੱਗੇਗਾ, ਜੀਵਨ ਦਾ ਮਨੋਰਥ। ਇਸੇ ਕਰਕੇ ਸਤਿਪੁਰਸ਼ ਇਸ ਦੇ ਉਤੇ ਬਾਰ-ਬਾਰ ਜ਼ੋਰ ਦਿੰਦੇ ਨੇ ਕਿਉਂਕਿ ਭੁੱਲ ਪੈ ਜਾਂਦੀ ਹੈ। ਪਰ ਅਸਲ 'ਚ ਜੋ ਪੂਰੇ ਦੇ ਨਾਲ ਜੁੜ ਗਿਆ-

*ਪੂਰੇ ਕਾ ਕੀਆ ਸਭ ਕਿਛੁ ਪੂਰਾ ਘਟਿ ਵਧਿ ਕਿਛੁ ਨਾਹੀ ॥*

*ਅੰਗ- ੧੪੧੨*

ਪੂਰਾ ਕੀ ਹੈ? -

*ਪੂਰਾ ਪ੍ਰਭੁ ਆਰਾਧਿਆ ਪੂਰਾ ਜਾ ਕਾ ਨਾਉ ॥*
*ਨਾਨਕ ਪੂਰਾ ਪਾਇਆ ਪੂਰੇ ਕੇ ਗੁਨ ਗਾਉ ॥*

*ਅੰਗ- ੨੯੫*

ਸੁਖਮਨੀ ਸਾਹਿਬ ਦੀ ਬਾਣੀ -

*ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ ॥*
*ਭਗਤ ਜਨਾ ਕੈ ਮਨਿ ਬਿਸ੍ਰਾਮ ॥* *ਅੰਗ - ੨੬੨*

ਸਾਰਾ ਕੰਮ ਮਨ ਦਾ ਹੈ। ਮਨ ਨੂੰ ਰੋਕਣ ਵਾਸਤੇ ਸਤਿਪੁਰਸ਼ਾਂ ਨੇ ਜੁਗਤ ਦਸ ਦਿਤੀ ਕਿ ਸਵਾਸ ਦੇ ਉਤੇ ਇਹਨੂੰ ਕੰਟਰੋਲ ਕਰ ਲਓ -

*.........ਇਹੁ ਮਨੁ ਉਡਨ ਪੰਖੇਰੂ ਬਨ ਕਾ ॥ ਅੰਗ- ੧੨੫੩*

ਦੌੜਦਾ ਹੈ, ਕਾਬੂ ਕਰ ਲਓ -

ਦਸ ਵਾਰੀ ਪਹਿਲਾਂ ਬੋਲ ਕੇ ਗੁਰਮੰਤ੍ਰ ਉਚਾਰਨ ਕਰ ਲਓ, 10 ਮਿੰਟ ਚੁੱਪ ਕਰਕੇ ਕਰ ਲਓ। ਕੈਸੇਟ ਬਣੀ ਹੋਈ ਹੈ। ਅੱਜ ਪੂਰੇ ਸੰਸਾਰ ਭਰ 'ਚ ਇੰਟਰਨੈਟ ਦੇ ਉਤੇ ਇਹ ਹੈ। ਬਹੁਤ ਪ੍ਰੇਮੀਆਂ ਦੀਆਂ ਅਵਸਥਾਵਾਂ

*(ਬਾਕੀ ਪੰਨਾ 44 'ਤੇ)*

# ਨੂਰਾਨੀ ਜੀਵਨ ਦੀ ਝਲਕ

## (ਭਗਤਾ ਕੀ ਚਾਲ ਨਿਰਾਲੀ.....)

### (ਪਿਆਰੇ ਮਹਾਂਪੁਰਸ਼ਾਂ ਦੇ ਜਨਮ ਦਿਵਸ ਤੇ ਵਿਸ਼ੇਸ਼)

*ਡਾ. (ਭਾਈ) ਸੁਖਵਿੰਦਰ ਸਿੰਘ*

ਪ੍ਰਮੇਸ਼ਰ ਦੇ ਨਿਰਮਲ ਭੈ ਤੇ ਭਉ ਵਿਚ ਰਹਿਣਾ ਹੀ ਸੰਤ/ਭਗਤ ਦਾ ਜੀਵਨ ਹੈ। ਭੈ ਤੇ ਭਉ ਬਿਨਾਂ ਵਾਹਿਗੁਰੂ ਨਾਲ ਪ੍ਰੇਮ ਕਰਨਾ ਜਾਂ ਉਸ ਦੀ ਭਗਤੀ ਕਰਨੀ ਅਸੰਭਵ ਹੈ। ***'ਨਾਨਕ ਜਿਨ੍ ਮਨਿ ਭਉ ਤਿਨ੍ਾ ਮਨਿ ਭਾਉ ॥' (ਅੰਗ-465)*** ਅਸਲ ਵਿਚ ਵਾਹਿਗੁਰੂ ਦੀ ਪ੍ਰਾਪਤੀ ਦਾ ਮੁੱਖ ਸਾਧਨ ਭੈ ਤੇ ਨਿਰਭਉ ਹੈ। ***'ਭੈ ਤੇ ਨਿਰਭਉ ਪਾਈਐ ਮਿਲਿ ਜੋਤੀ ਜੋਤਿ ਅਪਾਰ ॥ ' (ਅੰਗ-516)*** ਅਸਲ ਸੱਚ ਇਹ ਵੀ ਹੈ ਕਿ ਸਾਰੀ ਸ੍ਰਿਸ਼ਟੀ, ਸਾਰੇ ਬ੍ਰਹਿਮੰਡ ਜਿਨ੍ਹਾਂ ਦਾ ਮਾਲਕ ਪ੍ਰਮੇਸ਼ਰ ਆਪ ਹੈ ***'(ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ ਸਰਬ ਜੀਆ ਕਾ ਦਾਤਾ ਰੇ ॥ (ਅੰਗ-612))*** ਉਸ ਦੇ ਭੈ ਵਿਚ ਹੀ ਕਿਸੇ ਖਾਸ ਨਿਯਮ ਦੇ ਬੱਧੇ ਹੋਏ ਚਲ ਰਹੇ ਹਨ।

*ਭੈ ਵਿਚਿ ਪਵਣੁ ਵਹੈ ਸਦਵਾਉ ॥*
*ਭੈ ਵਿਚਿ ਚਲਹਿ ਲਖ ਦਰੀਆਉ ॥ ਅੰਗ- ੪੬੪*

ਕਰੋੜਾਂ ਬ੍ਰਹਿਮੰਡਾਂ ਵਿਚੋਂ ਜਦੋਂ ਅਸੀਂ ਇਸ ਦਿਸਦੇ ਸੰਸਾਰ ਤੇ ਨਜ਼ਰਸਾਨੀ ਕਰਦੇ ਹਾਂ ਤਾਂ ਮਨੁੱਖ ਨੂੰ ਸਭ ਤੋਂ ਸ੍ਰੇਸ਼ਟ ਮੰਨਿਆ ਜਾਂਦਾ ਹੈ। ***'ਅਵਰ ਜੋਨਿ ਤੇਰੀ ਪਨਿਹਾਰੀ ॥ ਇਸੁ ਧਰਤੀ ਮਹਿ ਤੇਰੀ ਸਿਕਦਾਰੀ॥' (ਅੰਗ-374)*** ਪਰ ਮਨੁੱਖਾਂ ਦੀਆਂ ਵੀ ਵੰਨਗੀਆਂ/ਕਿਸਮਾਂ ਹਨ। ਇਹਨਾਂ ਨੂੰ ਵੀ ਅਨੁਭਵੀ ਪੁਰਸ਼ਾਂ ਨੇ ਚਾਰ ਕਿਸਮਾਂ ਵਿਚ ਵੰਡਿਆ ਹੈ। ਪਾਮਰ, ਭੋਗੀ, ਜਗਿਆਸੂ ਤੇ ਮੁਕਤ ਆਤਮਾਵਾਂ। ਸਭ ਤੋਂ ਸ੍ਰੇਸ਼ਟ ਮੁਕਤ ਆਤਮਾਵਾਂ ਹਨ। ਪਾਮਰ ਤੇ ਭੋਗੀ 'ਆਤਮ ਮਾਰਗ' ਦੇ ਪਾਂਧੀ ਨਹੀਂ ਹਨ। ਉਹਨਾਂ ਵਾਸਤੇ 'ਇਹ ਜਗ ਮਿੱਠਾ ਅਗਲਾ ਕਿਨ ਡਿਠਾ' ਖਾਓ ਪੀਓ ਤੇ ਐਸ਼ ਕਰੋ। ਇਹਨਾਂ ਦਾ ਪਸ਼ੂਆਂ ਸਮਾਨ ਜੀਵਨ ਮੰਨਿਆ ਗਿਆ ਹੈ। ***'ਆਵਨ ਆਏ ਸ੍ਰਿਸਟਿ ਮਹਿ ਬਿਨੁ ਬੂਝੇ ਪਸੁ ਢੋਰ ॥ ' (ਅੰਗ-251)*** ਕਈ ਐਸੇ ਪ੍ਰਮਾਣ ਵੀ ਗੁਰਬਾਣੀ ਵਿਚ ਮਿਲਦੇ ਹਨ ਜਿਥੇ ਪਸ਼ੂਆਂ ਤੋਂ ਵੀ ਹੇਠਲੇ ਪੱਧਰ ਦਾ ਜੀਵਨ ਇਹਨਾਂ ਦਾ ਮੰਨਿਆ ਗਿਆ ਹੈ।

*ਪਸੂ ਮਿਲਹਿ ਚੰਗਿਆਈਆ ਖੜੁ ਖਾਵਹਿ ਅੰਮ੍ਰਿਤੁ ਦੇਹਿ ॥*
*ਨਾਮ ਵਿਹੂਣੇ ਆਦਮੀ ਧ੍ਰਿਗੁ ਜੀਵਣ ਕਰਮ ਕਰੇਹਿ ॥*
*ਅੰਗ- ੪੮੯*

ਪਰ ਜੋ ਤੀਜੀ ਤੇ ਚੌਥੀ ਕਿਸਮ ਹੈ ਉਹ 'ਆਤਮ ਮਾਰਗ' ਦੇ ਪਾਂਧੀ ਹਨ, ਉਹ 'ਆਤਮ ਮਾਰਗ' ਤੇ ਚਲਦੇ ਹੋਏ ਆਤਮ ਦਰਸ਼ੀ ਬਣ ਜਾਂਦੇ ਹਨ। ਉਹਨਾਂ ਨੂੰ ਪਹਿਲਾਂ ਜਗਿਆਸੂ ਕਿਹਾ ਜਾਂਦਾ ਹੈ। ਬਾਅਦ ਵਿਚ ਮੰਜ਼ਿਲੇ ਮਕਸੂਦ ਪਹੁੰਚਣ ਤੇ ਮੁਕਤ ਆਤਮਾਵਾਂ ਦਾ ਦਰਜਾ ਪ੍ਰਾਪਤ ਹੋ ਜਾਂਦਾ ਹੈ। ਇਹ ਬ੍ਰਹਮ ਸਰੋਤਰੀ, ਬ੍ਰਹਮ ਵਕਤਾ ਤੇ ਬ੍ਰਹਮ ਨੇਸ਼ਟੀ ਹੁੰਦੇ ਹਨ। 'ਆਤਮ ਮਾਰਗ' ਦੀਆਂ ਸਾਰੀਆਂ ਮੰਜ਼ਿਲਾਂ ਨੂੰ ਇਹਨਾਂ ਨੇ ਪਾਰ ਕਰ ਲਿਆ ਹੁੰਦਾ ਹੈ। ਕਰਮ ਉਪਾਸਨਾ ਗਿਆਨ ਵਿਗਿਆਨ ਵਿਚੋਂ ਲੰਘਦੇ ਹੋਏ ਮਲ, ਵਿਖਸ਼ੇਪ, ਅਵਰਨ ਰੂਪੀ ਪਰਦਿਆਂ ਨੂੰ ਹਟਾਉਂਦੇ ਹੋਏ ਮੰਜ਼ਿਲ ਤੇ ਪਹੁੰਚ ਜਾਂਦੇ ਹਨ। ***'॥ ਕਿਵ ਸਚਿਆਰ ਹੋਈਐ ਕਿਵ ਕੂੜੈ ਤੁਟੈ ਪਾਲਿ ॥ ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥' (ਅੰਗ-1)***

ਸਚਿਆਰ ਨਾਲ ਜੁੜ ਕੇ ਆਪ ਵੀ ਸਚਿਆਰ ਹੋ ਜਾਂਦੇ ਹਨ। ਇਹ ਮੁਕਤ ਪੁਰਸ਼ ਸਦਾ ਹੀ ਪ੍ਰਮੇਸ਼ਰ ਦੇ ਹੁਕਮ, ਭਾਣੇ ਤੇ ਰਜ਼ਾ ਵਿਚ ਰਹਿ ਕੇ ਜੀਵਨ ਬਸਰ ਕਰਦੇ ਹਨ। ਵਾਹਿਗੁਰੂ ਦੇ ਨਿਰਮਲ ਭਉ ਵਿਚ ਰਹਿੰਦੇ ਹੋਏ ਹਮੇਸ਼ਾ ਉਸ ਵਲ ਹਰ ਵਕਤ ਖਿਚੇ ਰਹਿੰਦੇ ਹਨ।

*ਸੀਨੇ ਖਿੱਚ ਜਿਨ੍ਹਾਂ ਨੇ ਖਾਧੀ ਓ ਕਰ ਅਰਾਮ ਨਹੀਂ ਬਹਿੰਦੇ।*
*ਨਿਹੁੰ ਵਾਲੇ ਨੈਣਾਂ ਕੀ ਨੀਂਦਰ ਓ ਦਿਨੇ ਰਾਤ ਪਏ ਵਹਿੰਦੇ।*
*ਇਕੋ ਲਗਨ ਲਗੀ ਲਈ ਜਾਂਦੀ ਹੈ ਟੋਰ ਅਨੰਤ ਉਨ੍ਹਾਂ ਦੀ।*
*ਵਸਲੋਂ ਉਰੇ ਮੁਕਾਮ ਨ ਕੋਈ ਸੋ ਚਾਲ ਪਏ ਨਿਤ ਰਹਿੰਦੇ।*
*ਡਾ. ਭਾਈ ਵੀਰ ਸਿੰਘ ਜੀ*

ਜਦੋਂ ਕਿ ਦੁਨਿਆਵੀ ਭਉ/ਡਰ ਤੋਂ ਬੰਦਾ ਉਸ ਦੇ ਸੋਮੇ ਤੋਂ ਦੂਰ ਜਾਂਦਾ ਹੈ ਪਰ ਰੱਬ ਦਾ ਪਿਆਰਾ ਵਾਹਿਗੁਰੂ ਦੇ ਨਿਰਮਲ ਭਉ ਵਿਚ ਰਹਿੰਦਾ ਹੋਇਆ ਉਸ ਦੇ ਨੇੜੇ ਹੁੰਦਾ-ਹੁੰਦਾ ਉਸ ਵਿਚ ਅਭੇਦ ਹੋ ਕੇ ਉਸ ਦਾ ਰੂਪ ਹੋ ਜਾਂਦਾ ਹੈ। ਭਗਤੀ ਦੋ ਤੋਂ ਸ਼ੁਰੂ ਹੁੰਦੀ ਹੈ ਪਰ ਇਕ ਵਿਚ ਸਮਾ ਜਾਂਦੀ ਹੈ। ਗੁਰੂ ਦਾ ਸਿੱਖ ਗੁਰੂ ਵਿਚ ਅਭੇਦ ਹੋ ਜਾਂਦਾ ਹੈ। ਮੱਛੀ ਤੇ ਪਾਣੀ ਵਾਲੀ ਅਵਸਥਾ ਨੂੰ ਪਾਰ ਕਰਕੇ ਜਲ ਵਿਚ ਜਲ ਸਮਾਉਣ ਵਾਲੀ ਅਵਸਥਾ ਪ੍ਰਾਪਤ ਹੋ ਜਾਂਦੀ ਹੈ -

*ਜਿਉ ਜਲ ਮਹਿ ਜਲੁ ਆਇ ਖਟਾਨਾ ॥*
*ਤਿਉ ਜੋਤੀ ਸੰਗਿ ਜੋਤਿ ਸਮਾਨਾ ॥*
*ਮਿਟਿ ਗਏ ਗਵਨ ਪਾਏ ਬਿਸ੍ਰਾਮ ॥*

*ਨਾਨਕ ਪ੍ਰਭ ਕੈ ਸਦ ਕੁਰਬਾਨ ॥* *ਅੰਗ- ੨੭੮*

ਰੱਬ ਦੇ ਪਿਆਰੇ ਉਸ ਦੇ ਨਿਰਮਲ ਭਉ ਵਿਚ ਰਹਿੰਦੇ ਹੋਏ ਸ਼ਾਂਤ ਹੋ ਜਾਂਦੇ ਹਨ ਜਦ ਕਿ ਦੁਨਿਆਵੀ ਭਉ ਵਿਚ ਰਹਿਣ ਵਾਲਾ ਅਸ਼ਾਂਤ ਤੇ ਬੇਚੈਨ ਹੋ ਜਾਂਦਾ ਹੈ। ਰੱਬ ਦਾ ਪਿਆਰਾ ਆਪ ਸ਼ਾਂਤ ਹੁੰਦਾ ਹੋਇਆ ਦੂਜਿਆਂ ਨੂੰ ਸ਼ਾਂਤੀ ਵੰਡਣ ਦੇ ਸਮਰੱਥ ਹੋ ਜਾਂਦਾ ਹੈ ਕਿਉਂਕਿ ਉਸ ਕੋਲ ਭਗਤੀ ਦਾ ਖਜ਼ਾਨਾ ਹੁੰਦਾ ਹੈ। ਨਾਮ ਰੂਪੀ ਠੰਢਕ ਦਾ ਭੰਡਾਰ ਉਹਨਾਂ ਕੋਲ ਹੁੰਦਾ ਹੈ। ਪ੍ਰਮੇਸ਼ਰ ਦੇ ਭਉ ਵਿਚ ਰਹਿੰਦੇ ਹੋਏ ਭਰਮਾਂ ਦਾ ਨਾਸ਼ ਕਰਕੇ ਉਸ ਵਿਚ ਲੀਨ ਹੋਣਾ ਰੱਬ ਦੇ ਪਿਆਰਿਆਂ ਦਾ ਮੁਖ ਮੰਤਵ ਹੁੰਦਾ ਹੈ -

*ਭੈ ਬਿਨੁ ਭਗਤਿ ਨ ਹੋਵਈ ਨਾਮਿ ਨ ਲਗੈ ਪਿਆਰੁ ॥*
*ਸਤਿਗੁਰਿ ਮਿਲਿਐ ਭਉ ਊਪਜੈ ਭੈ ਭਾਇ ਰੰਗੁ ਸਵਾਰਿ ॥*
*ਅੰਗ - ੭੮੮*

*ਸਤਿਗੁਰ ਤੇ ਭਉ ਊਪਜੈ ਪਾਈਐ ਮੋਖ ਦੁਆਰ ॥*
*ਅੰਗ- ੧੨੮੮*

ਪ੍ਰਮੇਸ਼ਰ ਤੇ ਉਸ ਵਲੋਂ ਸਾਜੀ ਸ੍ਰਿਸ਼ਟੀ ਦੇ ਪ੍ਰੇਮ ਵਿਚ ਰਹਿਣ ਵਾਲੇ ਨੂੰ ਹੀ ਭਗਤ, ਸੰਤ ਜਨ, ਮਹਾਂਪੁਰਸ਼, ਗੁਰਮੁਖ ਪਿਆਰਾ, ਸਾਧੂ ਇਤਿਆਦਿ ਸ਼ਬਦਾਂ ਨਾਲ ਸਤਿਕਾਰਿਆ ਜਾਂਦਾ ਹੈ। ਇਹਨਾਂ ਦੇ ਜੀਵਨ ਬਾਰੇ ਅਨੇਕਾਂ ਪ੍ਰਮਾਣ ਬਾਣੀ ਵਿਚ ਮਿਲਦੇ ਹਨ।

*ਸੋਈ ਭਗਤੁ ਦੁਖੁ ਸੁਖੁ ਸਮਤੁ ਕਰਿ ਜਾਣੈ*
*ਹਰਿ ਹਰਿ ਨਾਮਿ ਹਰਿ ਰਾਤਾ ॥* *ਅੰਗ- ੫੭੪*

*ਸੇਈ ਭਗਤ ਜਿ ਸਾਚੇ ਭਾਣੇ ॥* *ਅੰਗ- ੬੭੭*

*ਸੇਈ ਭਗਤ ਜਿਨ ਸਚਿ ਚਿਤੁ ਲਾਇਆ ॥*
*ਅੰਗ- ੧੩੪੨*

*ਭਗਤਾ ਕੀ ਚਾਲ ਨਿਰਾਲੀ ॥*
*ਚਾਲਾ ਨਿਰਾਲੀ ਭਗਤਾਹ ਕੇਰੀ ਬਿਖਮ ਮਾਰਗਿ ਚਲਣਾ ॥*
*ਲਬੁ ਲੋਭੁ ਅਹੰਕਾਰੁ ਤਜਿ ਤ੍ਰਿਸਨਾ ਬਹੁਤੁ ਨਾਹੀ ਬੋਲਣਾ ॥*
*ਅੰਗ- ੯੧੮*

ਬਾਣੀ ਦੇ ਇਹਨਾਂ ਪਵਿੱਤਰ ਕਥਨਾਂ ਦੇ ਅਧਾਰ ਤੇ ਭਗਤ, ਰੱਬ ਦੇ ਪਿਆਰੇ ਸੰਤ ਮਹਾਂਪੁਰਸ਼ ਉਹੀ ਹਨ ਜੋ ਸਮਦਰਸ਼ੀ ਹੋਣ, ਹਰਿ ਨਾਮ ਵਿਚ ਲੀਨ ਹੋਣ, ਵਿਸ਼ੇ-ਵਾਸ਼ਨਾਵਾਂ ਦੇ ਪ੍ਰਭਾਵ ਤੋਂ ਮੁਕਤ ਹੋਣ।

ਬਾਬਾ ਫਰੀਦ ਨੇ ਇਸੇ ਅਵਸਥਾ ਨੂੰ ਸਪਸ਼ਟ ਕਰਦੇ ਹੋਏ ਫੁਰਮਾਨ ਕੀਤਾ ਹੈ ਕਿ -

*ਮਤਿ ਹੋਦੀ ਹੋਇ ਇਆਣਾ ॥ ਤਾਣ ਹੋਦੇ ਹੋਇ ਨਿਤਾਣਾ ॥*
*ਅਣਹੋਦੇ ਆਪੁ ਵੰਡਾਏ ॥ ਕੋ ਐਸਾ ਭਗਤੁ ਸਦਾਏ ॥*
*ਅੰਗ-੧੩੮੪*

ਐਸੀ ਅਵਸਥਾ ਵਾਲਿਆਂ ਨੂੰ ਗੁਰਬਾਣੀ ਅੰਦਰ ਇਸ ਤਰ੍ਹਾਂ ਰੂਪਮਾਨ ਕੀਤਾ ਹੈ -

*ਜਿਨ੍ਹਾ ਨ ਵਿਸਰੈ ਨਾਮੁ ਸੇ ਕਿਨੇਹਿਆ ॥*
*ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ ॥* *ਅੰਗ- ੩੯੭*

*ਆਠ ਪਹਰ ਪ੍ਰਭ ਬਸਹਿ ਹਜੂਰੇ ॥*
*ਕਹੁ ਨਾਨਕ ਸੇਈ ਜਨ ਪੂਰੇ ॥* *ਅੰਗ- ੨੮੬*

*ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾਂ ਮਨਿ ਮੰਤੁ ॥*
*ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ ॥ਅੰਗ- ੩੧੯*

*ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ ॥*
*ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ॥*
*ਅੰਗ- ੭੪੯*

ਐਸੇ ਅਨੇਕਾਂ ਪ੍ਰਮਾਣ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਸੁਭਾਇਮਾਨ ਹਨ ਜਿਨ੍ਹਾਂ ਤੋਂ ਮੁਕਤ ਪੁਰਸ਼ਾਂ ਦੀ ਅਵਸਥਾ ਦਾ ਜ਼ਿਕਰ ਮਿਲਦਾ ਹੈ। ਇਹੋ ਜਿਹੀ ਅਵਸਥਾ ਪ੍ਰਾਪਤ ਸਤਿਪੁਰਸ਼ ਦੀ ਸੰਗਤ ਦੀ ਪ੍ਰਾਪਤੀ ਵੱਡੇ ਭਾਗਾਂ ਦੀ ਨਿਸ਼ਾਨੀ ਮੰਨੀ ਜਾਂਦੀ ਹੈ।

*ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ ॥*
*ਕਹੁ ਨਾਨਕ ਤਿਸੁ ਭਇਓ ਪਰਾਪਤਿ*
*ਜਿਸੁ ਪੁਰਬ ਲਿਖੇ ਕਾ ਲਹਨਾ ॥* *ਅੰਗ- ੬੪੨*

ਐਸੀ ਸੰਗਤ ਅਨੇਕਾਂ ਨੂੰ ਪ੍ਰਾਪਤ ਹੋਈ ਰਤਵਾੜਾ ਸਾਹਿਬ ਵਾਲੇ ਪਿਆਰੇ ਮਹਾਂਪੁਰਸ਼ਾਂ (ਸੰਤ ਵਰਿਆਮ ਸਿੰਘ ਜੀ) ਦੀ।

ਜਗਿਆਸੂ ਜਨਾਂ ਨੂੰ ਸੇਧ ਬਖਸ਼ਣ ਲਈ ਪ੍ਰਮੇਸ਼ਰ ਸਮੇਂ-ਸਮੇਂ ਇਹੋ ਜਿਹੀ ਅਵਸਥਾ ਵਾਲੇ ਮੁਕਤ ਪੁਰਸ਼ਾਂ ਨੂੰ ਭੇਜਦਾ ਹੈ ਜਿਨ੍ਹਾਂ ਦੇ ਆਉਣ ਨਾਲ ਅਨੇਕਾਂ ਜੀਵਾਂ ਦਾ ਭਲਾ ਹੋ ਜਾਂਦਾ ਹੈ। ਕਿਉਂਕਿ ਉਹ ਆਪ ਪ੍ਰਮੇਸ਼ਰ ਨਾਲ ਜੁੜੇ ਹੁੰਦੇ ਹਨ ਤੇ ਟੁੱਟੀਆਂ ਰੂਹਾਂ ਨੂੰ ਪ੍ਰਮੇਸ਼ਰ ਨਾਲ ਜੋੜਨਾ ਉਨ੍ਹਾਂ ਦਾ ਕਰਤੱਵ ਹੁੰਦਾ ਹੈ। ਐਸੇ ਹਨ ਪਿਆਰੇ ਮਹਾਂਪੁਰਸ਼ ਰਤਵਾੜਾ ਸਾਹਿਬ ਵਾਲੇ। ਰੱਬ ਦੇ ਪਿਆਰਿਆਂ ਦੀ ਚਾਲ ਨਿਰਾਲੀ ਹੁੰਦੀ ਹੈ। ***'ਭਗਤਾ ਕੀ ਚਾਲ ਨਿਰਾਲੀ'*** ਇਥੇ ਸੱਚੇ ਪਾਤਸ਼ਾਹ ਅੰਦਰੂਨੀ ਅਵਸਥਾ ਦੀ ਸੋਝੀ ਬਖਸ਼ ਰਹੇ ਹਨ। ਰੱਬ ਦੇ ਪਿਆਰਿਆਂ ਦੀ ਚਾਲ ਤਨ, ਮਨ, ਧਨ ਕਰਕੇ ਜਗ ਤੋਂ ਵੱਖਰੀ ਹੈ। ਉਹਨਾਂ ਦਾ ਤਨ ਵੀ ਰੱਬ ਦੇ ਲੇਖੇ, ਮਨ ਵੀ ਤੇ ਧਨ ਵੀ। ਤਨ ਨਾਲ ਧਨ ਕਮਾਇਆ ਜਾਂਦਾ ਹੈ। ਜਦੋਂ ਤਨ ਗੁਰੂ ਦੇ ਲੇਖੇ ਲਗ ਗਿਆ ਤਾਂ ਧਨ ਵੀ ਲੇਖੇ ਲਗ ਜਾਂਦਾ ਹੈ। ਹਰ ਵਕਤ ਗੁਰੂ ਵਿਚ ਅਭੇਦ ਹੋਣ ਕਰਕੇ ਮਨ ਵੀ ਅਮਨ ਹੋ ਜਾਂਦਾ ਹੈ। ਆਪਣੀ ਮੈਂ, ਮੇਰੀ ਨੂੰ ਖਤਮ ਕਰਕੇ ਅਭੇਦ ਅਵਸਥਾ ਪ੍ਰਾਪਤ

ਹੋ ਜਾਂਦੀ ਹੈ। ਜੀਵਨ ਮੁਕਤ ਅਵਸਥਾ ਦੇ ਧਾਰਨੀ ਬਣ ਜਾਂਦੇ ਹਨ - ***'ਜੀਵਨ ਮੁਕਤਿ ਸੋ ਆਖੀਐ ਮਰਿ ਜੀਵੈ ਮਰੀਆ ॥' (ਅੰਗ-449)*** ਫਿਰ ਉਹਨਾਂ ਵਲੋਂ ਬਸਰ ਕੀਤੇ ਜੀਵਨ ਤੋਂ ਅਨੇਕਾਂ ਜਗਿਆਸੂ ਸੇਧਾਂ ਲੈਂਦੇ ਹਨ। ਗੁਰਬਾਣੀ ਦੀ ਰੋਸ਼ਨੀ ਵਿਚ ਪ੍ਰਕਾਸ਼ ਪ੍ਰਾਪਤ ਕਰਕੇ ਸੰਸਾਰ ਲਈ ਚਾਨਣ ਮੁਨਾਰਾ ਬਣ ਜਾਂਦੇ ਹਨ। ਐਸੇ ਹੀ ਹਨ ਰਤਵਾੜਾ ਸਾਹਿਬ ਵਾਲੇ ਪਿਆਰੇ ਮਹਾਂਪੁਰਸ਼।

ਇਹਨਾਂ ਦਾ ਸਮੁੱਚਾ ਜੀਵਨ ਬਚਪਨ ਤੋਂ ਲੈ ਕੇ ਸਰੀਰ ਦੇ ਆਖਰੀ ਸਮੇਂ ਤਕ ਇਕ ਸੇਧਕ ਜੀਵਨ ਹੈ। ਇਕ ਸਖਸ਼ੀਅਤ ਹੀ ਨਹੀਂ ਸਨ ਸਗੋਂ ਇਕ ਸਫਲ ਸੰਸਥਾ ਬਣ ਕੇ ਉਹਨਾਂ ਨੇ ਕਾਰਜ ਕੀਤੇ ਜੋ ਅੱਜ ਵੀ ਲੋਕਾਈ ਲਈ ਚਾਨਣ ਮੁਨਾਰਾ ਬਣ ਕੇ ਰੋਸ਼ਨੀ ਤੇ ਸੁਗੰਧੀ ਵੰਡ ਰਹੇ ਹਨ।

ਆਪ ਜੀ ਦੀ ਨਿਰਾਲੀ ਚਾਲ ਵਾਲੇ ਨੂਰਾਨੀ ਜੀਵਨ ਦੀ ਝਲਕ ਤੇ ਪੂਰਨ ਨਜ਼ਰਸਾਨੀ ਕਰਨੀ ਅਸੰਭਵ ਹੈ ਫਿਰ ਵੀ ਉਸ ਸੁਗੰਧਤ ਜੀਵਨ ਵਿਚੋਂ ਪ੍ਰਾਪਤ ਸੁਗੰਧੀ ਤੇ ਨਿਰਾਲੀ ਚਾਲ ਨੂੰ ਵਰਨਣ ਕਰਨ ਦੀ ਅਰਦਾਸ ਕੀਤੀ ਜਾ ਰਹੀ ਹੈ। ਭਾਵੇਂ ਸਤਿਪੁਰਸ਼ਾਂ ਦੇ ਜੀਵਨ ਬਾਰੇ ਲਿਖਣਾ ਬੁੱਧੀਮੰਡਲ ਦੀ ਖੇਡ ਨਹੀਂ ਹੈ। ਕਿਉਂਕਿ ਉਹਨਾਂ ਨੇ ਬੁੱਧੀ ਤੋਂ ਪਾਰ ਆਤਮ ਮੰਡਲ ਵਿਚ ਵਾਸਾ ਕੀਤਾ ਹੁੰਦਾ ਹੈ। ਡਾ. ਭਾਈ ਵੀਰ ਸਿੰਘ ਜੀ ਅਨੁਸਾਰ -

*ਜਿਨ੍ਹਾਂ ਉਚਜਾਈਆਂ ਉਤੋਂ '*
*ਬੁੱਧੀ' ਖੰਭ ਸਾੜ ਢੱਠੀ,*
*ਮੱਲੋ ਮੱਲੀ ਓਥੇ ਦਿਲ ਮਾਰਦਾ ਉਡਾਰੀਆਂ।*
*ਪਜਾਲੇ ਅਣਡਿੱਠੇ ਨਾਲ, ਬੁੱਲ੍ਹ ਲਗ ਜਾਣ ਓਥੇ,*
*ਰਸ ਤੇ ਸਰੂਰ ਚੜ੍ਹੇ, ਝੂੰਮਾਂ ਆਉਣ ਪਜਾਰੀਆਂ।*
*'ਗਜਾਨੀ' ਸਾਨੂੰ ਹੋੜਦਾ ਤੇ '*
*ਵਹਿਮੀ ਢੋਲਾ' ਆਖਦਾ ਏ,*
*'ਮਾਰੇ ਗਏ ਜਿਨ੍ਹਾਂ ਲਾਈਆਂ ਬੁੱਧੋਂ ਪਾਰ ਤਾਰੀਆਂ।'*
*'ਬੈਠ ਵੇ ਗਿਆਨੀ! ਬੁੱਧੀ ਮੰਡਲੇ ਦੀ ਕੈਦ ਵਿਚ,*
*'ਵਲਵਲੇ ਦੇ ਦੇਸ਼' ਸਾਡੀਆਂ ਲੱਗ ਗਈਆਂ*
*ਯਾਰੀਆਂ।*

ਇਕ ਵਾਰ ਆਪ ਜੀ ਨੇ ਸਤਿ ਪੁਰਸ਼ ਰਾੜਾ ਸਾਹਿਬ (ਬ੍ਰਹਮਗਿਆਨੀ ਸੰਤ ਈਸ਼ਰ ਸਿੰਘ ਜੀ) ਵਾਲਿਆਂ ਨਾਲ ਬਚਨ ਸਾਂਝਾ ਕੀਤਾ ਕਿ ਗਿਆਨੀ ਮੇਹਰ ਸਿੰਘ ਜੀ ਆਪ ਜੀ ਦਾ ਜੀਵਨ ਲਿਖਣਾ ਚਾਹੁੰਦੇ ਹਨ। ਉਹਨਾਂ ਨੇ ਫੁਰਮਾਨ ਕੀਤਾ ਕਿ ਸੰਤਾਂ ਦਾ ਜੀਵਨ ਕੌਣ ਜਾਣਦਾ ਹੈ ਕਿ ਕੀ ਹੁੰਦਾ ਹੈ? ਬੁੱਧੀ ਮੰਡਲ ਵਾਲੇ ਬਾਹਰਲੀ ਕਿਰਿਆ ਹੀ ਲਿਖਣਗੇ ਕਿ ਸੰਤ ਫਲਾਂ-ਫਲਾਂ ਜਗ੍ਹਾ ਤੇ ਗਏ, ਉਥੇ ਆਹ ਬਖਸ਼ਿਸ਼ ਕੀਤੀ, ਉਹ ਬਖਸ਼ਿਸ਼ ਕੀਤੀ। ਪਰ ਸੰਤਾਂ ਦਾ ਅੰਦਰਲਾ ਜੀਵਨ, ਅੰਦਰਲੀ ਅਵਸਥਾ ਦੀ ਕਿਰਿਆ ਨੂੰ ਕੌਣ ਜਾਣ ਸਕਦਾ ਹੈ। ਜਦੋਂ ਸੁਰਤਿ ਆਤਮ ਮੰਡਲਾਂ ਵਿਚ ਉਡਾਰੀ ਮਾਰਦੀ ਹੈ ਤਾਂ ਜੋ ਖੇਡਾਂ ਤੇ ਕੌਤਕ ਵਰਤਦੇ ਹਨ, ਅਨੇਕਾਂ ਮੰਡਲਾਂ ਵਿਚੋਂ ਦੀ ਸੁਰਤਿ ਲੰਘਦੀ ਹੈ। ਲੋਭਾਇਮਾਨ ਰਿਧੀਆਂ-ਸਿੱਧੀਆਂ ਦੇ ਮੰਡਲ ਵੀ ਆਉਂਦੇ ਹਨ। ਪਰ ਰੱਬ ਦਾ ਪਿਆਰਾ ਇਹਨਾਂ ਵਿਚ ਲੁਭਾਇਮਾਨ ਹੋ ਕੇ ਸੁਰਤ ਨੂੰ ਉਥੇ ਪਰਚਣ ਨਹੀਂ ਦਿੰਦਾ। ਉਸ ਦਾ ਗੁਰਬਾਣੀ ਮਾਰਗ ਦਰਸ਼ਨ ਕਰਦੀ ਹੈ-

*ਰਿਧਿ ਸਿਧਿ ਸਭੁ ਮੋਹੁ ਹੈ ਨਾਮੁ ਨ ਵਸੈ ਮਨਿ ਆਇ ॥*
*ਅੰਗ- ੫੯੩*

*ਸਿਧੁ ਹੋਵਾ ਸਿਧਿ ਲਾਈ ਰਿਧਿ ਆਖਾ ਆਉ ॥*
*ਗੁਪਤੁ ਪਰਗਟੁ ਹੋਇ ਬੈਸਾ ਲੋਕੁ ਰਾਖੈ ਭਾਉ ॥*
*ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥*
*ਅੰਗ- ੧੪*

ਭਾਵੇਂ ਸਹਿਜ ਸੁਭਾਇ ਗੁਰੂ ਦੀ ਬਖਸ਼ਿਸ਼ ਸਦਕਾ ਉਹਨਾਂ ਦੇ ਮਗਰ ਰਿਧੀਆਂ-ਸਿਧੀਆਂ ਫਿਰਦੀਆਂ ਹਨ ਪਰ ਉਹ ਉਹਨਾਂ ਨੂੰ ਅੰਗੀਕਾਰ ਨਹੀਂ ਕਰਦੇ -

*ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ*
*ਜੋ ਹਰਿ ਹਿਰਦੈ ਸਦਾ ਵਸਾਇ ॥ ਅੰਗ- ੬੪੯*

ਸੋ ਸਤਿਪਰਸ਼ਾਂ ਦਾ ਜੀਵਨ ਲਿਖਣਾ ਬੁੱਧੀ ਮੰਡਲ ਦੀ ਰੋਸ਼ਨੀ ਵਿਚ ਅਸੰਭਵ ਹੈ ਪਰ ਗੁਰਬਾਣੀ ਦੀ ਰੋਸ਼ਨੀ ਵਿਚ ਜਾ ਕੇ ਜਦੋਂ ਨਜ਼ਰਸਾਨੀ ਕਰੀਏ ਤਾਂ ਪ੍ਰਤੱਖ ਤੌਰ ਤੇ ਜੀਵਨ ਵਿਚ ਰੂਹਾਨੀਅਤ ਨਜ਼ਰ ਆਉਂਦੀ ਹੈ। ਜੋ ਝਲਕਾਰੇ ਸਤਿਪੁਰਸ਼ਾਂ ਬਾਰੇ ਬਾਣੀ ਵਿਚ ਮਿਲਦੇ ਹਨ ਉਹਨਾਂ ਦੀ ਰੋਸ਼ਨੀ ਵਿਚ ਪਿਆਰੇ ਮਹਾਂਪੁਰਸ਼ਾਂ ਦੇ ਜੀਵਨ ਤੇ ਪੰਛੀ ਝਾਤ ਪਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ-

**1. 'ਧੰਨੁ ਸੁ ਵੰਸੁ ਧੰਨੁ ਸੁ ਪਿਤਾ ਧੰਨੁ ਸੁ ਮਾਤਾ ਜਿਨਿ ਜਨ ਜਣੇ ॥' (ਅੰਗ-1135) -** ਆਪ ਜੀ ਨੇ 17 ਜੂਨ 1918 ਦੇ ਸ਼ੁਭ ਦਿਹਾੜੇ ਤੇ ਨਗਰ ਧਮੋਟ ਜ਼ਿਲਾ ਲੁਧਿਆਣਾ ਵਿਖੇ ਸਤਿਕਾਰਯੋਗ ਪਿਤਾ ਸ. ਜਥੇਦਾਰ ਕਰਤਾਰ ਸਿੰਘ ਜੀ ਤੇ ਮਾਤਾ ਇੰਦ ਕੌਰ ਜੀ ਦੇ ਗ੍ਰਹਿ ਨੂੰ ਭਾਗ ਲਾਏ। ਅਜੇ ਕਿਸੇ ਨੂੰ ਇਹ ਅਨੁਭਵ ਨਹੀਂ ਹੈ ਕਿ ਇਸ ਇਕ ਗ੍ਰਹਿ ਨੂੰ ਭਾਗ ਲਾਉਣ ਵਾਲੇ ਨੇ ਹੋਰ ਅਨੇਕਾਂ ਗ੍ਰਹਿਾਂ ਵਿਚ ਰਹਿਣ ਵਾਲਿਆਂ ਨੂੰ ਨਾਮ ਬਾਣੀ ਨਾਲ ਜੋੜ ਕੇ ਭਾਗਸ਼ਾਲੀ ਬਣਾ ਦੇਣਾ ਹੈ। ਅਜੇ ਰੂਹਾਨੀ ਸੁਗੰਧੀ ਨੇ ਸਰੀਰਕ ਜਨਮ ਲਿਆ ਹੈ, ਫੈਲਣੀ ਤਾਂ ਅਜੇ ਬਾਅਦ ਵਿਚ ਹੀ ਹੈ।

**2. ਹਰਿ ਕੇ ਸੇਵਕ ਜੋ ਹਰਿ ਭਾਏ ਤਿਨ੍ ਕੀ ਕਥਾ ਨਿਰਾਰੀ ਰੇ (ਅੰਗ-855) -** ਆਪ

ਜੀ ਦਾ ਜੀਵਨ ਬਚਪਨ ਤੋਂ ਹੀ ਨਿਆਰਾ ਸੀ -

*ਜਬ ਲਗ ਖਾਲਸਾ ਰਹੇ ਨਿਆਰਾ*
*ਤਬ ਲਗ ਤੇਜ ਦੇਊ ਮੈ ਸਾਰਾ।*

ਦੇ ਪਵਿੱਤਰ ਕਥਨ ਅਨੁਸਾਰ ਆਪ ਜੀ ਦੀ ਚਾਲ ਬਚਪਨ ਤੋਂ ਹੀ ਨਿਰਾਲੀ ਸੀ। ਘਰ ਵਿਚ ਸਿੱਖੀ ਵਿਰਾਸਤ ਹੋਣ ਕਰਕੇ ਸਾਧੂਆਂ/ਸੰਤਾਂ, ਗੁਰਮੁਖ ਪਿਆਰਿਆਂ ਦਾ ਆਉਣਾ ਜਾਣਾ ਆਮ ਬਣਿਆ ਰਹਿੰਦਾ ਸੀ। ਉਸ ਸਮੇਂ ਦੇ ਅਨੇਕ ਮਹਤਾਮਾ, ਭਾਵੇਂ ਉਹ ਕਿਸੇ ਵੀ ਸੰਪਰਦਾ, ਟਕਸਾਲ ਨਾਲ ਸਬੰਧ ਰਖਦੇ ਸਨ, ਆਪ ਜੀ ਦੇ ਪਿਤਾ ਜੀ ਨਾਲ ਪਿਆਰ ਰਖਦੇ ਸਨ। ਬਚਪਨ ਤੋਂ ਹੀ ਸਾਧੂਆਂ ਦੀ ਸੰਗਤ ਮਾਨਣ ਦਾ ਸੁਭਾਗ ਪ੍ਰਾਪਤ ਹੁੰਦਾ ਰਿਹਾ। ਨਾਮ ਬਾਣੀ ਦੀ ਲਗਨ ਹਰ ਵਕਤ ਬਣੀ ਰਹਿੰਦੀ। ਇਕਾਂਤ ਦੀ ਭਾਲ ਕਰਦੇ ਰਹਿਣਾ, ਜਦੋਂ ਵੀ ਇਕਾਂਤ ਮਿਲਣੀ ਭਾਵੇਂ ਉਹ ਗੰਨੇ ਦਾ ਖੇਤ ਜਾਂ ਪਾਣੀ ਲਾਉਣ ਵਾਲਾ ਕਿਆਰਾ ਜਾਂ ਹੋਰ ਸੁਚੱਜੀ ਥਾਂ ਮਿਲਣੀ ਤਾਂ ਸਮਾਧੀ ਵਿਚ ਮਗਨ ਹੋ ਜਾਣਾ, ਘੰਟਿਆਂ ਬੱਧੀ ਸਮਾਧੀ 'ਚ ਲੀਨ ਰਹਿਣਾ ਇਹ ਬਚਪਨ ਤੋਂ ਹੀ ਆਪ ਜੀ ਦੇ ਹਿੱਸੇ ਆਇਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਥਿਆ ਲੈ ਕੇ ਸਹਿਜ ਪਾਠ ਤੇ ਸ੍ਰੀ ਅਖੰਡਪਾਠ ਆਪ ਜੀ ਬਚਪਨ ਤੋਂ ਹੀ ਕਰਨ ਲਗ ਪਏ ਸਨ। ਗੁਰੂ ਘਰ ਵਿਚ ਜਾ ਕੇ ਆਸਾ ਦੀ ਵਾਰ ਦਾ ਕੀਰਤਨ ਕਰਨਾ ਆਪ ਜੀ ਦਾ ਨਿਤਨੇਮ ਸੀ।

**3. ਕੋਈ ਆਣਿ ਮਿਲਾਵੈ ਮੇਰਾ ਪ੍ਰੀਤਮੁ ਪਿਆਰਾ ..।(ਅੰਗ-757) –** ਛੋਟੀ ਉਮਰ ਵਿਚ ਹੀ ਅੰਮ੍ਰਿਤ ਛਕਿਆ। ਬਚਪਨ ਤੋਂ ਹੀ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਕੇ ਸਿੰਘ ਸਜੇ ਪਰ ਅੰਦਰ ਕਿਸੇ ਪੂਰਨ ਮਹਾਤਮਾ ਦੇ ਪਿਆਰ ਦੀ ਖਿੱਚ ਬਣੀ ਰਹਿੰਦੀ। ਪੂਰਬਲੇ ਕਰਮਾਂ ਦਾ ਜਾਗਣਾ ਹੋਇਆ ਤਾਂ ਸਤਿਪੁਰਸ਼ਾਂ ਰਾੜਾ ਸਾਹਿਬ ਵਾਲਿਆਂ ਦਾ ਮਿਲਾਪ ਹੋਇਆ-

*ਪੂਰਬ ਕਰਮ ਅੰਕੁਰ ਜਬ ਪ੍ਰਗਟੇ*
*ਭੇਟਿਓ ਪੁਰਖੁ ਰਸਿਕ ਬੈਰਾਗੀ ॥*
*ਮਿਟਿਓ ਅੰਧੇਰੁ ਮਿਲਤ ਹਰਿ ਨਾਨਕ*
*ਜਨਮ ਜਨਮ ਕੀ ਸੋਈ ਜਾਗੀ ॥* *ਅੰਗ- ੨੦੪*

ਪਹਿਲੀ ਮਿਲਣੀ ਵਿਚ ਹੀ ਦਿਲਾਂ ਦੇ ਸੌਦੇ ਹੋ ਗਏ। ਜੌਹਰੀ ਵਲੋਂ ਹੀਰੇ ਦੀ ਪਛਾਣ ਕੀਤੀ ਗਈ। ਬਚਨ ਕੀਤਾ ਕੌਣ ਕਿਥੋਂ ਆਇਆ? -

*ਸੁਨਹੁ ਰੇ ਤੂ ਕਉਨੁ ਕਹਾ ਤੇ ਆਇਓ ॥*
*ਏਤੀ ਨ ਜਾਨਉ ਕੇਤੀਕ ਮੁਦਤਿ*
*ਚਲਤੇ ਖਬਰਿ ਨ ਪਾਇਓ ॥* *ਅੰਗ- ੯੯੯*

ਪੂਰਨ ਜਗਿਆਸੂ, ਆਤਮ ਮੰਡਲ ਦੇ ਪਾਂਧੀ, ਪਿਆਰੇ ਮਹਾਂਪੁਰਸ਼ਾਂ ਨੇ ਜਵਾਬ ਵਿਚ ਬਚਨ ਕੀਤਾ ਕਿ ਇਕ ਜੋਤਿ ਹੈ ਜਿਸ ਤੋਂ ਅਲੱਗ ਹੋਇਆ ਹਾਂ। 45 ਮਿੰਟ ਰਾੜਾ ਸਾਹਿਬ ਵਾਲੇ ਸਤਿਪੁਰਸ਼ ਸਮਾਧੀ ਸਥਿਤ ਰਹੇ, ਅਗੰਮੀ ਬਚਨ ਆਏ ਕਿ ਅੱਜ ਸੋਹਾਗਣ ਦਾ ਮਿਲਾਪ ਹੋਇਆ ਹੈ ਭਾਵ ਕਿ ਆਤਮਕ ਮੰਡਲ ਵਿਚ ਬਸਰ ਕਰਨ ਵਾਲੇ ਨੂੰ ਅੱਜ ਆਤਮ ਮੰਡਲ ਦੇ ਪਾਂਧੀ ਦਾ ਮਿਲਾਪ ਹੋਇਆ ਹੈ।

**4. ਆਗਾਹਾ ਕੂ ਤ੍ਰਾਘਿ ਪਿਛਾ ਫੇਰਿ ਨ ਮੁਹਡੜਾ (ਅੰਗ - 1096)** - ਸਤਿਪੁਰਸ਼ ਰਾੜਾ ਸਾਹਿਬ ਵਾਲਿਆਂ ਦੇ ਮਿਲਾਪ ਤੋਂ ਬਾਅਦ ਫਿਰ ਤਾਂ ਆਤਮਿਕ ਤਰੱਕੀ ਹੁੰਦੀ ਗਈ ਉਹਨਾਂ ਦਾ ਪਿਆਰ ਦਿਨ ਰਾਤ ਮਾਣਿਆ। ਉਹਨਾਂ ਦੀ ਸੰਗਤ ਵਿਚ ਰਹਿ ਕੇ ਨਾਮ ਬਾਣੀ, ਪ੍ਰੇਮ ਵੈਰਾਗ ਵਧਦਾ ਗਿਆ। ਕਈ-ਕਈ ਮਹੀਨੇ ਇਕਾਂਤ ਵਾਸ ਕਰਨਾ, ਮੁੜ ਕੇ ਨਾ ਆਉਣਾ। ਭਾਵ ਕਿ ਆਤਮ ਮਾਰਗ ਦੇ ਪਾਂਧੀ ਹੁੰਦੇ ਹੋਏ ਇਸ ਰਸਤੇ ਤੇ ਅੱਗੇ ਹੀ ਵਧਦੇ ਗਏ। ਸੁਰਤਿ ਫਿਰ ਪਿਛੇ ਨਹੀਂ ਮੁੜੀ।

**5. ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ (ਅੰਗ-141)** - ਆਪ ਜੀ ਦਾ ਪਰਿਵਾਰ ਸਿੱਖੀ ਦੀ ਰਹੁਰੀਤ ਵਿਚ ਪਰਪੱਕ ਗੁਰਮਤਿ ਦਾ ਧਾਰਨੀ ਸੀ। ਆਪ ਜੀ ਦੇ ਪਿਤਾ ਜੀ ਜਥੇਦਾਰ ਬਾਬਾ ਕਰਤਾਰ ਸਿੰਘ ਗੁਰਮਤਿ ਦੇ ਤਿੰਨ ਸੁਨਹਿਰੀ ਅਸੂਲ ਕਿਰਤ ਕਰਨੀ, ਨਾਮ ਜਪਣਾ, ਵੰਡ ਛਕਣ ਤੇ ਪਹਿਰਾ ਦਿੰਦੇ ਸਨ। ਜਦੋਂ ਕਦੇ ਘਰ ਵਿਚ ਸਾਗ ਬਣਨਾ ਤਾਂ ਪੁੱਛਣਾ ਕਿ ਇਹ ਸਾਗ ਆਪਣੇ ਖੇਤ ਦਾ ਹੈ? ਜਦੋਂ ਫਸਲ ਪੱਕਣੀ ਤਾਂ ਵੱਟ ਤੇ ਜਾ ਕੇ ਦੂਜੇ ਦੇ ਖੇਤ ਦੀਆਂ ਬੱਲੀਆਂ ਉਹਨਾਂ ਵਲ ਕਰ ਦੇਣੀਆਂ ਕਿ ਕਿਤੇ ਕੁਝ ਕੁ ਦਾਣੇ ਵੀ ਸਾਡੇ ਵਲ ਨਾ ਆ ਜਾਣ। ਸੋ ਇਸ ਤਰ੍ਹਾਂ ਦੇ ਵਿਹਾਰਿਕ ਜੀਵਨ ਤੋਂ ਪਤਾ ਲਗਦਾ ਹੈ ਕਿ ਆਪ ਜੀ ਦਾ ਪਰਿਵਾਰ ਸੱਚੀ ਸੁੱਚੀ ਕਿਰਤ ਤੇ ਕਿੰਨਾ ਪਹਿਰਾ ਦਿੰਦਾ ਸੀ।

**6. ਸੰਜੋਗੁ ਵਿਜੋਗੁ ਧੁਰਹੁ ਹੀ ਹੂਆ (ਅੰਗ-1007) –** ਆਪ ਜੀ ਦੇ ਜੀਵਨ ਸਾਥੀ ਬਣਨ ਦਾ ਮਾਣ ਸਤਿਕਾਰਯੋਗ ਮਾਤਾ ਰਣਜੀਤ ਕੌਰ ਜੀ ਨੂੰ ਪ੍ਰਾਪਤ ਹੋਇਆ ਜੋ ਕਿ ਦਾਊਦਪੁਰ (ਨੇੜੇ ਖੰਨਾ) ਤੋਂ ਸੰਤ ਬਾਬਾ ਹੀਰਾ ਸਿੰਘ ਜੀ ਦੇ ਸਪੁੱਤਰੀ ਸਨ। ਸੰਤ ਬਾਬਾ ਹੀਰਾ ਸਿੰਘ ਜੀ ਵਲੋਂ ਭਵਿੱਖਤ ਬਚਨ ਆਪ ਜੀ ਦੇ ਸੰਜੋਗਾਂ ਬਾਰੇ ਇਸ ਭਾਗਸ਼ੀਲ ਜੋੜੀ ਦੇ ਜਨਮ ਤੋਂ 8 ਸਾਲ ਪਹਿਲਾਂ ਹੀ ਕਰ ਦਿਤੇ ਸਨ। ਜਦੋਂ ਆਪ ਜੀ ਸ੍ਰੀ ਅਖੰਡਪਾਠ ਕਰਨ ਧਮੋਟ ਬਾਬਾ ਜੀ ਦੇ ਗ੍ਰਹਿ ਵਿਖੇ ਗਏ ਹੋਏ ਸਨ। ਬਚਨ ਕੀਤਾ ਕਿ ਜਥੇਦਾਰ ਬਾਬਾ ਕਰਤਾਰ

ਸਿੰਘ ਜੀ ਤੁਹਾਡੇ ਘਰ 8 ਸਾਲ ਨੂੰ ਬੇਟੇ ਨੇ ਜਨਮ ਲੈਣਾ ਹੈ ਤੇ ਮੇਰੇ ਘਰ ਬੇਟੀ ਨੇ। ਦੋਨਾਂ ਦੇ ਧੁਰ ਦਰਗਾਹ ਤੋਂ ਸੰਜੋਗ ਹਨ। ਆਹ ਲਓ ਉਹਨਾਂ ਦੇ ਪਵਿੱਤਰ ਰਿਸ਼ਤੇ ਦਾ ਰੁਪਈਆ। ਸੋ ਇਸ ਤਰ੍ਹਾਂ ਉਹ ਭਵਿੱਖਤ ਬਚਨ ਸੱਚੇ ਹੋਏ। ਸਮਾਂ ਆਉਣ ਤੇ ਆਪ ਜੀ ਦੇ ਪਵਿੱਤਰ ਆਨੰਦ ਕਾਰਜ (ਬੀਜੀ) (ਮਾਤਾ ਰਣਜੀਤ ਕੌਰ ਜੀ) ਨਾਲ ਸੰਪੰਨ ਹੋਏ। ਸਾਰੀ ਜ਼ਿੰਦਗੀ ਮਾਤਾ ਜੀ ਨੇ ਘਰੇਲੂ ਜ਼ਿੰਮੇਵਾਰੀਆਂ ਤੇ ਗੁਰਮਤਿ ਪ੍ਰਚਾਰ ਵਿਚ ਅਥਾਹ ਯੋਗਦਾਨ ਪਾਇਆ। ਮਾਤਾ ਜੀ ਨੇ ਐਸਾ ਸਾਥ ਮਹਾਂਪੁਰਸ਼ਾਂ ਦੇ ਨਾਲ ਨਿਭਾਇਆ ਕਿ ਦਰਸਾ ਦਿਤਾ ਕਿ ਬੀਬੀਆਂ ਵੀ ਭਾਈਆਂ ਵਾਂਗੂੰ ਡਟ ਕੇ ਗੁਰਮਤਿ ਦੇ ਧਾਰਨੀ ਹੋ ਕੇ ਗੁਰਮਤਿ ਦੇ ਪ੍ਰਚਾਰ ਵਿਚ ਯੋਗਦਾਨ ਪਾ ਸਕਦੀਆਂ ਹਨ।

## 7. ਘਾਲਿ ਖਾਇ ਕਿਛੁ ਹਥਹੁ ਦੇਇ ॥ ਨਾਨਕ ਰਾਹੁ ਪਛਾਣਹਿ ਸੇਇ (ਅੰਗ-1245)

- ਧਰਮ ਦੀ ਕਿਰਤ ਕਰਨੀ ਇਹ ਗੁਰਮਤਿ ਦਾ ਮੁਢਲਾ ਅਸੂਲ ਹੈ। ਆਪ ਜੀ ਨੇ ਇਸ ਸਿਧਾਂਤ ਤੇ ਪੂਰੀ ਜ਼ਿੰਦਗੀ ਪਹਿਰਾ ਦਿਤਾ। ਮੁਢਲੀ ਪੜ੍ਹਾਈ ਤੋਂ ਬਾਅਦ ਫੌਜ ਵਿਚ ਨੌਕਰੀ, ਫਿਰ ਸਕੱਤ੍ਰੇਤ ਸਰਵਿਸ ਤੇ ਫਿਰ ਸਫਲ ਕਿਸਾਨ ਬਣ ਕੇ ਖੇਤੀ ਕੀਤੀ। ਇਹਨਾਂ ਕਿੱਤਿਆਂ ਦੇ ਦੌਰਾਨ ਸੱਚ, ਇਮਾਨਦਾਰੀ, ਮਿਹਨਤ, ਲਗਨ ਤੇ ਗੁਰਬਾਣੀ ਦੇ ਅਸੂਲਾਂ ਨੂੰ ਪਹਿਲ ਦਿਤੀ। ਫੌਜ ਵਿਚ ਸਰਵਿਸ ਕਰਦਿਆਂ, ਫੌਜ ਵਾਸਤੇ ਸਮਾਨ ਦੇ ਸੌਦੇ ਵਿਚ ਹੋ ਰਹੇ ਘਪਲੇਬਾਜ਼ੀ ਦਾ ਪਰਦਾ ਫਾਸ਼ ਕੀਤਾ। ਸੈਕਟਰੀਏਟ ਵਿਚ ਸਰਵਿਸ ਦੌਰਾਨ ਕੁਦਰਤੀ ਆਫਤਾਂ ਮਹਿਕਮੇ ਦੀ ਜ਼ਿੰਮੇਵਾਰੀ ਆਪ ਜੀ ਕੋਲ ਸੀ। ਸਾਰੀ ਸਰਵਿਸ ਦੌਰਾਨ ਪੂਰੀ ਦਿਨ ਰਾਤ ਮਿਹਨਤ ਕਰਕੇ ਪਬਲਿਕ ਨੂੰ ਸੁੱਖ ਸਹੂਲਤਾਂ ਪ੍ਰਦਾਨ ਕਰਾਈਆਂ। ਐਸਾ ਜੀਵਨ ਜਿਸ ਨੂੰ ਪੜ੍ਹ ਦੇਖ ਕੇ ਹਰ ਬੰਦਾ ਸੇਧ ਲੈ ਸਕਦਾ ਹੈ ਕਿ ਦੁਨਿਆਵੀ ਜ਼ਿੰਮੇਵਾਰੀਆਂ ਕਿਵੇਂ ਨਿਭਾਉਣੀਆਂ ਹਨ।

## 8. ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ ॥ ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ ॥ (ਅੰਗ-938)

ਬਾਣੀ ਦੇ ਇਸ ਪਵਿੱਤਰ ਸਿਧਾਂਤ ਦੀ ਰੋਸ਼ਨੀ ਵਿਚ ਆਪ ਜੀ ਨੇ ਜੀਵਨ ਬਸਰ ਕੀਤਾ। ਘਰ ਵਿਚ ਰਹਿੰਦੇ ਹੋਏ - ***'ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ ॥ ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ ॥'*** ***(ਅੰਗ-522)*** ਅਨੁਸਾਰ ਸਾਰੀਆਂ ਜ਼ਿੰਮੇਵਾਰੀਆਂ ਸੰਭਾਲਦੇ ਹੋਏ ਨਾਮ ਬਾਣੀ ਨਾਲ ਜੁੜ ਕੇ ਜੀਵਨ ਬਸਰ ਕੀਤਾ-

*ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸੰਮ੍ਹਾਲਿ ॥*
*ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨੁ ਨਾਲਿ ॥*
*ਅੰਗ- ੧੩੭੬*

ਹੱਥੀਂ ਪੈਰੀਂ ਕੰਮ ਕਰਦੇ ਹੋਏ ਸੁਰਤਿ ਵਾਹਿਗੁਰੂ ਵਿਚ ਜੋੜੀ ਰਖਣੀ। ਇਸ ਤਰ੍ਹਾਂ ਦਾ ਜੀਵਨ ਜੀਉ ਕੇ ਦਿਖਾਇਆ ਕਿ ਗੁਰਮਤਿ ਦੇ ਸਿਧਾਂਤ ਆਪ ਮੁਹਾਰੇ ਆਪ ਜੀ ਦੇ ਜੀਵਨ ਵਿਚੋਂ ਦ੍ਰਿਸ਼ਟੀਗੋਚਰੇ ਹੁੰਦੇ ਨਜ਼ਰ ਆਉਂਦੇ ਹਨ।

## 9. ਆਪਿ ਜਪਹੁ ਅਵਰਹ ਨਾਮੁ ਜਪਾਵਹੁ (ਅੰਗ-290)

- ਗੁਰਮਤਿ ਵਿਚ ਕੋਈ ਵਿਸ਼ੇਸ਼ ਪੁਜਾਰੀ ਜਮਾਤ ਨਹੀਂ। ਹਰ ਗੁਰਸਿੱਖ ਮਿਸ਼ਨਰੀ ਹੈ। ਗੁਰਮਤਿ ਦੇ ਪ੍ਰਚਾਰ ਤੇ ਪ੍ਰਸਾਰ ਦੀ ਜ਼ਿੰਮੇਵਾਰੀ ਹਰ ਸਿੱਖ ਨੂੰ ਸਤਿਗੁਰਾਂ ਨੇ ਬਖਸ਼ੀ ਹੈ। ਸਮੁੱਚਾ ਸਿੱਖ ਇਤਿਹਾਸ ਇਸ ਦੀ ਗਵਾਹੀ ਹੈ। ਆਪ ਗੁਰਮਤਿ ਦੇ ਅਸੂਲਾਂ ਦੇ ਧਾਰਨੀ ਹੋਣਾ, ਗੁਰਮਤਿ ਰਹਿਤ ਵਿਚ ਪਰਪੱਕ ਰਹਿਣਾ ਗੁਰਸਿੱਖ ਦੀ ਪਹਿਲੀ ਜ਼ਿੰਮੇਵਾਰੀ ਬਣਦੀ ਹੈ। ਸਿੱਖ ਇਤਿਹਾਸ ਅੰਦਰ ਸਮੇਂ-ਸਮੇਂ ਸਿਰ ਗੁਰਸਿੱਖਾਂ ਨੇ ਆਪ ਘਾਲਣਾ ਕਮਾਈਆਂ ਕੀਤੀਆਂ ਤੇ ਹੋਰਨਾਂ ਨੂੰ ਗੁਰਮਤਿ ਦੇ ਮਾਰਗ ਤੇ ਤੁਰਨ ਦੀ ਪ੍ਰੇਰਨਾ ਦਿਤੀ। ਅਨੇਕਾਂ ਸੰਤਾਂ ਮਹਾਂਪੁਰਸ਼ਾਂ ਗੁਰਮੁਖ ਪਿਆਰਿਆਂ ਨੇ ਆਪ ਘਾਲਣਾ ਕਮਾਈਆਂ ਕੀਤੀਆਂ ਤੇ ਅਨੇਕਾਂ ਪ੍ਰਾਣੀਆਂ ਦੇ ਪ੍ਰੇਰਕ ਬਣੇ। ***'ਗੁਰਮੁਖਿ ਕੋਟਿ ਉਧਾਰਦਾ ਭਾਈ ਦੇ ਨਾਵੈ ਏਕ ਕਣੀ ॥'(ਅੰਗ-608)*** - ਗੁਰਮਤਿ ਦੇ ਅੰਦਰ ਸਿਧਾਂਤ ਨੂੰ ਵਿਹਾਰਿਕ ਰੂਪ ਵਿਚ ਜਿਊਣ ਦੀ ਤਾਕੀਦ ਹੈ। ਸਿਧਾਂਤ ਨੇ ਵਿਹਾਰਿਕ ਰੂਪ ਵਿਚ ਪ੍ਰਗਟ ਹੋਣਾ ਹੈ। ਸਿਧਾਂਤ ਦੀ ਰੂਪਮਾਨਤਾ ਗੁਰਸਿੱਖ ਦੇ ਨਿਤ ਦੇ ਜੀਵਨ ਵਿਚੋਂ ਹੋਣੀ ਹੈ। ਇਸ ਤਰ੍ਹਾਂ ਦੀ ਗਵਾਹੀ ਪਿਆਰੇ ਮਹਾਂਪੁਰਸ਼ਾਂ ਦੇ ਜੀਵਨ ਵਿਚੋਂ ਮਿਲਦੀ ਹੈ। ਪਹਿਲਾਂ ਪਿਛਲੇ ਜਨਮਾਂ ਦੀਆਂ ਘਾਲਣਾ ਕਮਾਈਆਂ ਤੇ ਇਸ ਜਨਮ ਵਿਚ ਸਮਰੱਥ ਗੁਰੂ ਦੀ ਬਖਸ਼ਿਸ਼ ਸਦਕਾ, ਸੰਤਾਂ ਮਹਾਂਪੁਰਸ਼ਾਂ ਦੀ ਸੰਗਤ ਦਾ ਆਨੰਦ ਮਾਣਦੇ ਆਪ ਸੇਵਾ ਸਿਮਰਨ ਦੀ ਘਾਲ ਕਮਾਈ ਕੀਤੀ ਫਿਰ ਅਨੇਕਾਂ ਟੁੱਟੀਆ ਰੂਹਾਂ ਨੂੰ ਪ੍ਰਮੇਸ਼ਰ/ਗੁਰਸ਼ਬਦ ਨਾਲ ਜੋੜਨ ਦਾ ਬੀੜਾ ਚੁੱਕਿਆ। ਦਿਨ ਰਾਤ ਕਠਿਨ ਮਿਹਨਤ ਕਰਕੇ, ਅਣਥੱਕ ਸੇਵਾਵਾਂ ਨਿਭਾਈਆਂ। ਰਸ ਭਿੰਨੇ ਕੀਰਤਨ ਰਾਹੀਂ ਸੰਗਤਾਂ ਨੂੰ ਦੇਸ਼ ਵਿਦੇਸ਼ ਵਿਚ ਗੁਰ ਸ਼ਬਦ ਨਾਲ ਜੋੜਿਆ। ਬਚਪਨ ਵਿਚ ਨਗਰ ਧਮੋਟ, ਫਿਰ ਸਿੰਧ (ਪਾਕਿਸਤਾਨ) ਫੌਜ ਦੀ ਸਰਵਿਸ ਦੌਰਾਨ, ਚੰਡੀਗੜ੍ਹ, ਰੋਪੜ ਦਾ ਇਲਾਕਾ ਵਿਸ਼ੇਸ਼ ਤੌਰ ਤੇ, ਪੰਜਾਬ, ਹਰਿਆਣਾ, ਹਿਮਾਚਲ, ਬੰਬਈ, ਦਿੱਲੀ, ਯੂ.ਪੀ ਅਤੇ ਵਿਦੇਸ਼ਾਂ ਵਿਚ ਅਨੇਕਾਂ ਸੰਗਤਾਂ ਨੂੰ ਨਾਮ ਬਾਣੀ ਦਾ ਛਿੱਟਾ ਦੇ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਿਧਾਂਤਾਂ ਨਾਲ ਜੋੜਿਆ। ਸਰੀਰ ਦੇ ਆਖਰੀ ਸਮੇਂ ਤੱਕ ਕਥਾ ਕੀਰਤਨ ਦੇ ਪ੍ਰਵਾਹ ਆਪ ਜੀ ਵਲੋਂ ਚਲਦੇ

ਰਹੇ। ਰਤਵਾੜਾ ਸਾਹਿਬ ਦੇ ਸਾਲਾਨਾ ਸਮਾਗਮ ਵਿਚ ਲੱਖਾਂ ਦੀ ਗਿਣਤੀ ਵਿਚ ਸੰਗਤਾਂ ਇਕ ਰਸ, ਅਫੁਰ ਸਮਾਧੀ ਵਿਚ, ਆਪ ਜੀ ਦੇ ਅਨੁਭਵੀ ਪ੍ਰਵਚਨ ਸਰਵਣ ਕਰਦੀਆਂ। ਇਸ ਤੋਂ ਇਲਾਵਾ ਆਪ ਜੀ ਵਲੋਂ ਕੀਰਤਨ ਦੀਆਂ ਵੀਡੀਓਜ਼, ਸੀਡੀਜ਼, ਆਡੀਓ ਤਿਆਰ ਕਰਵਾਈਆਂ ਗਈਆਂ। ਇਹਨਾਂ ਪ੍ਰਥਾਇ ਆਪ ਜੀ ਨੂੰ ਸਤਿਪੁਰਸ਼ ਰਾੜਾ ਸਾਹਿਬ ਵਾਲਿਆਂ ਦੇ ਭਵਿੱਖਤ ਬਚਨ ਵੀ ਸਨ। ਸੋ ਆਪ ਜੀ ਨੇ ਅਜੋਕੇ ਮੀਡੀਏ ਨੂੰ ਵਰਤਦਿਆਂ ਕਥਾ-ਕੀਰਤਨ ਦੇ ਪ੍ਰਵਾਹ ਚਲਾਏ। ਅੱਜ ਇੰਟਰਨੈੱਟ ਮੀਡੀਏ ਦਾ ਯੁੱਗ ਹੋਣ ਕਾਰਨ ਆਪ ਜੀ ਦੇ ਅਨੁਭਵੀ ਪ੍ਰਵਚਨਾਂ ਨੂੰ 'ਆਤਮ ਮਾਰਗ' ਮੈਗਜ਼ੀਨ, ਸੋਸ਼ਲ ਮੀਡੀਏ, ਫੇਸ ਬੁੱਕ, ਵਾਟਸਐਪ, ਯੂ-ਟਿਊਬ ਤੇ ਹੋਰ ਚੈਨਲਾਂ ਤੇ ਸ੍ਰਵਣ ਕੀਤਾ ਜਾ ਸਕਦਾ ਹੈ। ਭਾਵੇਂ ਅੱਜ ਸਰੀਰ ਕਰਕੇ ਆਪ ਜੀ ਇਹਨਾਂ ਨੇਤਰਾਂ ਤੋਂ ਉਹਲੇ ਹੋ ਪਰ ਆਪ ਜੀ ਹੁਣ ਵੀ ਸੰਗਤਾਂ ਨੂੰ ਉਸੇ ਤਰ੍ਹਾਂ ਕਥਾ ਕੀਰਤਨ ਰਾਹੀਂ ਜਗਿਆਸੂਆਂ ਨੂੰ ਪ੍ਰੇਰਕ ਤੇ ਸੇਧਕ ਬਣੇ ਨਜ਼ਰ ਆ ਰਹੇ ਹਨ।

ਉਪਰੋਕਤ ਸਾਰੀ ਵਿਚਾਰ ਦਾ ਭਾਵ ਇਹ ਹੈ ਕਿ ਆਪ ਜੀ ਨੇ 'ਆਪਿ ਜਪਹੁ ਅਵਰਹ ਨਾਮੁ ਜਪਾਵਹੁ' ਤੇ ਪਹਿਰਾ ਜੀਵਨ ਭਰ ਦਿਤਾ। ਪਹਿਲਾਂ ਆਪ ਘਾਲਣਾ ਕਮਾਈ ਕੀਤੀ ਫਿਰ ਹੋਰਨਾਂ ਨੂੰ ਪ੍ਰੇਰਨਾ ਦੇ ਸਰੋਤ ਬਣੇ।

**10. ਪਰਉਪਕਾਰ ਨਿਤ ਚਿਤਵਤੇ ਨਾਹੀ ਕਿਛੁ ਪੋਚ (ਅੰਗ-815) –** ਗੁਰਮਤਿ ਦੇ ਪ੍ਰਚਾਰ ਦੇ ਨਾਲ-ਨਾਲ ਸੰਗਤਾਂ ਲਈ ਪਰਉਪਕਾਰਾਂ ਦੇ ਚਸ਼ਮੇਂ ਆਪ ਜੀ ਦੇ ਅੰਦਰ ਹਰ ਵਕਤ ਵਗਦੇ। ਇਸ ਲੋਕਾਈ ਨੂੰ ਸੱਚੇ ਦੀ ਕੋਠੜੀ ਸਮਝਿਆ। ***'ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ ॥(ਅੰਗ-463) 'ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ॥ ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥' (ਅੰਗ-1349)*** ਦੇ ਸਿਧਾਂਤ 'ਤੇ ਪਹਿਰਾ ਦਿੰਦਿਆਂ ਮਾਨਵਤਾ ਦੀ ਭਲਾਈ ਲਈ ਅਨੇਕਾਂ ਕਾਰਜਾਂ ਦੀ ਸੇਵਾ ਸਤਿਗੁਰੂ ਨੇ ਆਪ ਜੀ ਤੋਂ ਲਈ। ਮਜ਼੍ਹਬਾਂ ਦੀਆਂ ਵਲੱਗਣਾਂ ਨੂੰ ਤੋੜਦੇ ਹੋਏ ***'ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥ ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ ॥' (ਅੰਗ-846)*** 'ਤੇ ਚਲਦਿਆਂ ਨਗਰ ਚਾਹੜ ਮਾਜਰਾ (ਨੇੜੇ ਰਤਵਾੜਾ ਸਾਹਿਬ) ਵਿਖੇ ਮੁਸਲਮਾਨ ਵੀਰਾਂ ਲਈ ਅੱਲਾਹ ਤਾਲਾ ਨੂੰ ਆਕੀਦਾ ਭੇਟ ਕਰਨ ਲਈ ਮਸਜਿਦ ਦਾ ਨਿਰਮਾਣ ਕਰਵਾ ਕੇ ਦਿਤਾ ਤਾਂ ਜੋ ਮੁਸਲਿਮ ਭਾਈਚਾਰਾ ਵੀ ਅੱਲਾਹ ਤਾਲਾ ਦੀ ਬੰਦਗੀ ਕਰ ਸਕੇ। ਆਪਣੇ ਇਸ਼ਟ ਨੂੰ ਆਕੀਦਾ ਭੇਟ ਕਰ ਸਕੇ। ਪਰਉਪਕਾਰਾਂ ਦੀ ਲੜੀ ਵਿਚ ਇਕ ਨਹੀਂ ਅਨੇਕਾਂ ਕੀਤੇ ਹੋਏ ਕਾਰਜ ਅੱਜ ਵੀ ਮਾਨਵਤਾ ਲਈ ਚਾਨਣ ਮੁਨਾਰਾ ਹਨ। ਵੱਡਾ ਪਰਉਪਕਾਰ ਤਾਂ ਉਹਨਾਂ ਵਲੋਂ ਟੁੱਟੀਆਂ ਰੂਹਾਂ ਨੂੰ ਰੱਬ ਨਾਲ ਜੋੜਨਾ ਹੈ ***'ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ ॥' (ਅੰਗ-749)*** ਪਰ ਇਸ ਤੋਂ ਇਲਾਵਾ ਹੋਰ ਵੀ ਅਨੇਕਾਂ ਕਾਰਜ ਹਨ ਜੋ ਆਪ ਜੀ ਵਲੋਂ ਲੋਕ ਭਲਾਈ ਅਤੇ ਜੀਵਾਂ ਤੇ ਦਇਆ ਕਰਕੇ ਕੀਤੇ ਗਏ।

1988 ਤੇ 1993-94 ਵਿਚ ਪੰਜਾਬ ਅੰਦਰ ਆਏ ਹੜ੍ਹਾਂ ਦੌਰਾਨ ਪੀੜਤਾਂ ਦੀ ਹਰ ਤਰ੍ਹਾਂ ਦੀ ਸੰਭਵ ਮਦਦ ਕੀਤੀ ਗਈ। ਗੁਜਰਾਤ ਵਿਚ ਆਏ ਭੁਚਾਲਾਂ ਦੌਰਾਨ, 1 ਕਰੋੜ 27 ਲੱਖ ਦੀ ਸਮੱਗਰੀ ਉਥੇ ਜਾ ਕੇ, ਸੇਵਾਦਾਰਾਂ ਦੀ ਟੀਮ ਭੇਜ ਕੇ, ਜਿਸ ਦੇ ਜਥੇਦਾਰ ਟਰੱਸਟ ਦੇ ਮੌਜੂਦਾ ਮੁਖੀ ਬਾਬਾ ਲਖਬੀਰ ਸਿੰਘ ਜੀ ਸਨ ਇਹਨਾਂ ਦੀ ਅਗਵਾਈ ਵਿਚ ਹਰ ਸੰਭਵ ਮਦਦ ਕੀਤੀ ਗਈ। ਜੋ ਟਰੱਸਟ ਦੇ ਬਾਨੀ ਪਿਆਰੇ ਮਹਾਂਪੁਰਸ਼ਾਂ ਨੇ ਪੂਰਨੇ ਪਾਏ ਉਹਨਾਂ ਤੇ ਚਲਦਿਆਂ ਟਰੱਸਟ ਹੁਣ ਵੀ ਪਰਉਪਕਾਰੀ ਕਾਰਜਾਂ ਵਿਚ ਤੱਤਪਰ ਹੈ। ਉੜੀਸਾ ਦੀਆਂ ਸੁਨਾਮੀਆਂ, ਨੇਪਾਲ ਦੇ ਭੁਚਾਲ, ਅੱਖਾਂ ਦੇ ਫਰੀ ਅਪਰੇਸ਼ਨ ਕੈਂਪ, ਫਰੀ ਹਸਪਤਾਲ, ਫਰੀ ਸਿਲਾਈ ਸੈਂਟਰ, ਆਤਮ ਮਾਰਗ ਮੈਗਜ਼ੀਨ, ਬਿਰਧ ਆਸ਼ਰਮ, ਹੋਸਟਲ 'ਚ ਰਹਿਣ ਵਾਲੀਆਂ ਬੱਚੀਆਂ ਨੂੰ ਫਰੀ ਹੋਸਟਲ ਸੁਵਿਧਾ, ਅਨੇਕਾਂ ਲੋਕ ਭਲਾਈ ਦੇ ਕਾਰਜ ਅੱਜ ਵੀ ਚਲ ਰਹੇ ਹਨ। ਗੁਰਬਾਣੀ ਦੇ ਪਵਿੱਤਰ ਸਿਧਾਂਤ –

*ਜਨਮ ਮਰਣ ਦੁਹਹੁ ਮਹਿ ਨਾਹੀ ਜਨ ਪਰਉਪਕਾਰੀ ਆਏ ॥*
*ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ॥*
*ਅੰਗ- ੭੪੯*

ਦੀ ਪ੍ਰਤੱਖ ਮਿਸਾਲ ਰਤਵਾੜਾ ਸਾਹਿਬ ਟਰੱਸਟ ਦੇ ਬਾਨੀ ਮਹਾਂਪੁਰਸ਼ਾਂ ਦੇ ਜੀਵਨ ਵਿਚੋਂ ਮਿਲ ਰਹੀ ਹੈ।

**11. ਵਿਦਿਆ ਵੀਚਾਰੀ ਤਾਂ ਪਰਉਪਕਾਰੀ ॥(ਅੰਗ-356)** 28 ਜੁਲਾਈ 1986 ਵਿਚ ਰਤਵਾੜਾ ਸਾਹਿਬ ਅਸਥਾਨ ਹੋਂਦ ਵਿਚ ਆਇਆ। ਸੋਹਣੇ ਆਲੀਸ਼ਾਨ ਗੁਰੂ ਦਰਬਾਰ ਦੀ ਉਸਾਰੀ ਹੋਈ। ***'ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨੁ ਸੁਹਾਵਾ॥' (ਅੰਗ-450)*** ਸ੍ਰੀ ਅਖੰਡਪਾਠ, ਜਪੁਜੀ ਸਾਹਿਬ, ਮੂਲਮੰਤ੍ਰ ਤੇ ਗੁਰਮੰਤ੍ਰ ਦੇ ਅਖੰਡ ਜਾਪ ਆਰੰਭ ਹੋਏ ਜੋ ਹੁਣ ਵੀ ਚਲ ਰਹੇ ਹਨ। ਵਿਸ਼ਾਲ ਦੀਵਾਨ ਹਾਲ, ਸੰਗਤਾਂ ਦੀ ਸੁਵਿਧਾ ਲਈ ਉਸਾਰੇ ਗਏ। ਧਾਰਮਿਕ ਲੋੜਾਂ ਦੀ ਪੂਰਤੀ ਉਪਰੰਤ ਇਲਾਕੇ ਦੇ ਬੱਚਿਆਂ ਲਈ ਮਿਆਰੀ ਵਿਦਿਆ ਦਾ ਪ੍ਰਬੰਧ ਕੀਤਾ ਗਿਆ। ਦੋ ਸਕੂਲ, ਬੀ.ਐਡ ਕਾਲਜ ਤੇ ਨਰਸਿੰਗ ਕਾਲਜ ਆਰੰਭ ਕੀਤੇ ਗਏ ਜੋ ਕਿ ਅੱਜ

ਵੀ ਚੜ੍ਹਦੀ ਕਲਾ ਵਿਚ ਚਲ ਰਹੇ ਹਨ। ਪੇਂਡੂ ਬੱਚਿਆਂ ਨੂੰ ਵਿਦਿਆ ਦੇ ਖੇਤਰ ਵਿਚ ਸਮੇਂ ਦੇ ਹਾਣੀ ਬਣਾਉਣ ਹਿਤ, ਧਾਰਮਿਕ ਵਿਦਿਆ ਦੇ ਨਾਲ-ਨਾਲ ਮਿਆਰੀ ਵਿਦਿਆ ਦੀ ਸੋਝੀ ਪ੍ਰਦਾਨ ਕਰਵਾਈ ਗਈ। ਅੱਜ ਵੀ ਰਤਵਾੜਾ ਸਾਹਿਬ ਸਕੂਲਾਂ/ਕਾਲਜਾਂ ਦੇ ਬੱਚੇ ਹਰ ਖੇਤਰ ਵਿਚ ਮੱਲਾਂ ਮਾਰ ਕੇ ਪਹਿਲੇ ਦਰਜੇ ਦੇ ਇਨਾਮ ਪ੍ਰਾਪਤ ਕਰ ਰਹੇ ਹਨ। ਇਹ ਪਿਆਰੇ ਮਹਾਂਪੁਰਸ਼ਾਂ ਦੀ ਦੂਰ ਅੰਦੇਸ਼ੀ ਹੀ ਸੀ ਕਿ ਬੱਚੇ ਦੇਸ਼ ਕੌਮ ਦਾ ਭਵਿੱਖ ਹੁੰਦੇ ਹਨ। ਇਹਨਾਂ ਫੁੱਲਾਂ ਨੂੰ ਸਾਂਭ ਲਿਆ ਜਾਵੇ ਤਾਂ ਸਾਡੇ ਲਈ ਇਹੋ ਵੱਡੀ ਸੇਵਾ ਹੋਵੇਗੀ।

**12. ਬ੍ਰਹਮ ਗਿਆਨੀ ਸਦ ਜੀਵੈ ਨਹੀ ਮਰਤਾ॥ (ਅੰਗ-273)** ਰੱਬ ਦੇ ਪਿਆਰੇ ਸਦ ਜੀਵਤ ਹੁੰਦੇ ਹਨ। ਉਹਨਾਂ ਵਲੋਂ ਕੀਤੇ ਕਾਰਜਾਂ ਕਰਕੇ ਉਹ ਸਦਾ ਹੀ ਜਿਉਂਦੇ ਰਹਿੰਦੇ ਹਨ -

*ਜੰਮਣੁ ਮਰਣੁ ਨ ਤਿਨ੍ ਕਉ ਜੋ ਹਰਿ ਲੜਿ ਲਾਗੇ ॥*
*ਜੀਵਤ ਸੇ ਪਰਵਾਣੁ ਹੋਏ ਹਰਿ ਕੀਰਤਨਿ ਜਾਗੇ ॥*

*ਅੰਗ- ੩੨੨*

ਜਿੰਨੇ ਵੀ ਪਰਉਪਕਾਰ ਦੇ ਕਾਰਜ ਉਹਨਾਂ ਵਲੋਂ ਹੋਏ, ਅੱਜ ਵੀ ਉਹਨਾਂ ਕਾਰਜਾਂ ਵਿਚੋਂ ਉਨ੍ਹਾਂ ਦੀ ਤਸਵੀਰ ਝਲਕਾਰੇ ਮਾਰਦੀ ਹੈ। ਪਰਉਪਕਾਰੀ ਕਾਰਜਾਂ ਰਾਹੀਂ ਉਹ ਸਦਾ ਹੀ ਸੰਗਤਾਂ ਦੇ ਸੇਧਕ ਤੇ ਪ੍ਰੇਰਕ ਬਣੇ ਰਹਿਣਗੇ। ਉਹਨਾਂ ਦੀ ਅੰਦਰਲੀ ਤੇ ਬਾਹਰਲੀ ਚਾਲ ਨਿਰਾਲੀ ਰਹੇਗੀ। ਨਿਰਾਲੀ ਚਾਲ ਲੋਕਾਈ ਨੂੰ ਵਿਲੱਖਣ ਤੇ ਨਿਵੇਕਲੀ ਸੇਧ ਹਮੇਸ਼ਾਂ ਲਈ ਪ੍ਰਦਾਨ ਕਰਦੀ ਰਹੇਗੀ। ਇਹੋ ਜਿਹੇ ਰੱਬ ਦੇ ਪਿਆਰਿਆਂ ਲਈ ਗੁਰਬਾਣੀ ਪਵਿੱਤਰ ਸਿਧਾਂਤ ਠੀਕ ਢੁੱਕਦਾ ਹੈ -

*ਭਗਤਾ ਕੀ ਚਾਲ ਨਿਰਾਲੀ ॥*
*ਚਾਲਾ ਨਿਰਾਲੀ ਭਗਤਾਹ ਕੇਰੀ ਬਿਖਮ ਮਾਰਗਿ ਚਲਣਾ ॥*
*ਲਬੁ ਲੋਭੁ ਅਹੰਕਾਰੁ ਤਜਿ ਤ੍ਰਿਸਨਾ ਬਹੁਤੁ ਨਾਹੀ ਬੋਲਣਾ ॥*
*ਖੰਨਿਅਹੁ ਤਿਖੀ ਵਾਲਹੁ ਨਿਕੀ ਏਤੁ ਮਾਰਗਿ ਜਾਣਾ ॥*
*ਗੁਰ ਪਰਸਾਦੀ ਜਿਨੀ ਆਪੁ ਤਜਿਆ ਹਰਿ ਵਾਸਨਾ ਸਮਾਣੀ॥*
*ਕਹੈ ਨਾਨਕੁ ਚਾਲ ਭਗਤਾ ਜੁਗਹੁ ਜੁਗੁ ਨਿਰਾਲੀ ॥*

*ਅੰਗ- ੯੧੮*

ਗੁਰ ਕ੍ਰਿਪਾ ਕਰਕੇ ਵਾਹਿਗੁਰੂ ਜੀ ਸਭਨਾਂ ਨੂੰ ਉਹਨਾਂ ਵਲੋਂ ਕੀਤੇ ਕਾਰਜਾਂ ਨੂੰ ਹੋਰ ਚੜ੍ਹਦੀ ਕਲਾ ਵਿਚ ਲੈ ਕੇ ਜਾਣ ਵਿਚ ਯੋਗਦਾਨ ਪਾਉਣ ਦੀ ਸਮਰੱਥਾ ਬਖਸ਼ਿਸ਼ ਕਰਨ।

*(ਪੰਨਾ 37 ਦੀ ਬਾਕੀ)*

ਉਚੀਆਂ ਨੇ। ਸੰਗਤ ਦਾ ਪਾਰਾਵਾਰ ਨਹੀਂ ਹੁੰਦਾ। ਇਸੇ ਕਰਕੇ -

*ਵਿਚਿ ਸੰਗਤਿ ਹਰਿ ਪ੍ਰਭੁ ਵਸੈ ਜੀਉ ॥ ਅੰਗ- ੯੪*

ਪ੍ਰਤੀਕ ਤੋਂ ਸੰਪਤ ਧਿਆਨ 'ਚ ਜਾਓ, ਸੰਪਤ ਤੋਂ ਅਹੰਗ੍ਰਹਿ ਧਿਆਨ 'ਚ ਜਾਓ। ਜਿਥੇ ਸ਼ਬਦ ਧੁਨ ਹੈ, ਧੁਨਕਾਰ ਹੈ। ਧੁਨ ਅੰਦਰ ਚਲ ਰਹੀ ਹੈ। ਉਸ ਨੂੰ ਸੁਣਨ ਦਾ ਯਤਨ ਕਰੋ। ਪ੍ਰਤੀਕ ਮਹਾਂਪੁਰਸ਼ਾਂ ਨੇ ਬਣਾ ਕੇ ਦਸਿਆ ਹੋਇਆ ਹੈ। ਪਹਿਲਾਂ ਇਹ ਕਰੋ ਫੇਰ ਅੰਦਰ ਸੁਣੋ। ਕਰਦੇ ਚਲੇ ਜਾਓ। ਅੱਗੇ ਦਾ ਕੰਮ ਸਤਿਗੁਰ ਦਾ ਹੈ। ਉਹ ਆਪੇ ਹੀ ਗਾਰੰਟੀ ਦਿੰਦੇ ਨੇ ਕਿ ਕਰੋਂਗੇ ਤਾਂ ਧਰਮਰਾਜ ਦੇ ਨਹੀਂ ਜਾਣਾ ਪਵੇਗਾ। ਕਿਉਂਕਿ -

*ਧਰਮ ਰਾਇ ਨੋ ਹੁਕਮੁ ਹੈ ਬਹਿ ਸਚਾ ਧਰਮੁ ਬੀਚਾਰਿ ॥*
*ਦੂਜੈ ਭਾਇ ਦੁਸਟੁ ਆਤਮਾ ਓਹੁ ਤੇਰੀ ਸਰਕਾਰ ॥*

*ਅੰਗ- ੩੮*

ਉਹ ਤਾਂ -

*ਸਾਧਸੰਗਿ ਧਰਮ ਰਾਇ ਕਰੇ ਸੇਵਾ ॥*
*ਸਾਧ ਕੈ ਸੰਗਿ ਸੋਭਾ ਸੁਰਦੇਵਾ ॥ ਅੰਗ- ੨੭੧*

ਫੇਰ ਤਾਂ -

*ਰੇ ਰੇ ਦਰਗਹ ਕਹੈ ਨ ਕੋਊ ॥*
*ਆਉ ਬੈਠੁ ਆਦਰੁ ਸੁਭ ਦੇਊ ॥ ਅੰਗ- ੨੫੨*

ਆਓ -

*ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ ॥ ਅੰਗ- ੨੬੨*

ਉਹ ਪ੍ਰਾਪਤੀ ਕਰੋ।

*ਕਲਿ ਕਲੇਸ ਤਨ ਮਾਹਿ ਮਿਟਾਵਉ ॥*
*ਸਿਮਰਉ ਜਾਸੁ ਬਿਸੁੰਭਰ ਏਕੈ ॥*
*ਨਾਮੁ ਜਪਤ ਅਗਨਤ ਅਨੇਕੈ ॥*
*ਬੇਦ ਪੁਰਾਨ ਸਿੰਮ੍ਰਿਤਿ ਸੁਧਾਖ੍ਹਰ ॥*
*ਕੀਨੇ ਰਾਮ ਨਾਮ ਇਕ ਆਖ੍ਹਰ ॥*
*ਕਿਨਕਾ ਏਕ ਜਿਸੁ ਜੀਅ ਬਸਾਵੈ ॥*
*ਤਾ ਕੀ ਮਹਿਮਾ ਗਨੀ ਨ ਆਵੈ ॥*
*ਕਾਂਖੀ ਏਕੈ ਦਰਸ ਤੁਹਾਰੋ ॥*
*ਨਾਨਕ ਉਨ ਸੰਗਿ ਮੋਹਿ ਉਧਾਰੋ ॥ ਅੰਗ- ੨੬੨*

'ਕਾਂਖੀ' ਕਹਿੰਦੇ ਨੇ ਇੱਛਾ ਨੂੰ। ਜੇ ਇੱਛਾ ਸਾਡੀ ਜਾਗ ਪਵੇ ਫੇਰ ਆਪੇ ਹੀ ਸਭ ਕੁਛ ਹੁੰਦਾ ਰਹਿਣਾ ਹੈ। ਅੰਦਰ ਦੀਆਂ ਅਵਸਥਾਵਾਂ ਨੇ, ਆਪੇ ਹੀ ਪ੍ਰਾਪਤ ਹੋ ਜਾਣਗੀਆਂ।

*ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ।*

# ਗੁਰੂ ਅਰਜੁਨ ਪਰਤਖੁ ਹਰਿ
# (ਸ਼ਹੀਦੀ ਦਿਵਸ ਜੂਨ 7, 2019)

*ਡਾ. ਜਗਜੀਤ ਸਿੰਘ*

ਜੂਨ ਦਾ ਮਹੀਨਾ, ਵਿਸ਼ੇਸ਼ ਤੌਰ ਤੇ, ਗੁਰੂ ਅਰਜਨ ਦੇਵ ਜੀ ਦੀ ਮਹਾਨ ਸ਼ਹਾਦਤ ਨੂੰ ਸਮਰਪਣ ਹੈ। ਪੰਚਮ ਪਾਤਸ਼ਾਹ ਦੀ ਸ਼ਹਾਦਤ ਨੇ ਸਿੱਖ ਲਹਿਰ ਨੂੰ ਇਕ ਨਵਾਂ ਮੋੜ ਦਿਤਾ। ਗੁਰੂ ਨਾਨਕ ਦੇਵ ਜੀ ਨੇ ਮਾਨਵਤਾ ਦੇ ਭਲੇ ਲਈ ਨਿਰਮਲ ਪੰਥ ਚਲਾਇਆ। ਰੱਬ ਦੀ ਬੰਦਗੀ, ਨਾਮ-ਸਿਮਰਨ, ਸੇਵਾ, ਮਨੁੱਖੀ ਭਾਈਚਾਰੇ ਦੀ ਬਰਾਬਰੀ, ਨਿਆਂ, ਦਇਆ, ਪਰਉਪਕਾਰ, ਦਸਾਂ ਨਹੁੰਆਂ ਦੀ ਘਾਲ ਅਤੇ ਵੰਡ ਛਕਣਾ ਜਿਸ ਦੇ ਮੁੱਢਲੇ ਅਸੂਲ ਸਨ। ਨਿਰਭਉ ਨਿਰਵੈਰ ਪ੍ਰਮਾਤਮਾ ਦੀ ਬੰਦਗੀ ਵਿਚ ਜੋੜ ਕੇ ਨਿਰਭਉ ਨਿਰਵੈਰ ਸਮਾਜ ਦੀ ਸਥਾਪਨਾ ਕੀਤੀ ਜੋ ਹਰ ਤਰ੍ਹਾਂ ਦੇ ਰਸਮੀ, ਬੇਲੋੜੇ ਰੀਤੀ ਰਿਵਾਜਾਂ, ਭਰਮਾਂ, ਵਹਿਮਾਂ ਤੋਂ ਮੁਕਤ ਸੀ। ਧਰਮ ਦਾ ਪਾਖੰਡ ਜਾਲ ਤੋੜਿਆ, ਅਖੌਤੀ ਧਾਰਮਿਕ ਆਗੂਆ ਦੀ ਅਸਲੀਅਤ ਦੱਸ ਕੇ ਲੋਕਾਂ ਨੂੰ ਉਨ੍ਹਾਂ ਦੇ ਭੈ ਜਾਲ ਤੋਂ ਮੁਕਤ ਕੀਤਾ। ਉਨ੍ਹਾਂ ਦਾ ਫੁਰਮਾਨ ਹੈ -

*ਕਾਦੀ ਕੂੜੁ ਬੋਲਿ ਮਲੁ ਖਾਇ ॥*
*ਬ੍ਰਾਹਮਣੁ ਨਾਵੈ ਜੀਆ ਘਾਇ ॥*
*ਜੋਗੀ ਜੁਗਤਿ ਨ ਜਾਣੈ ਅੰਧੁ ॥ ਤੀਨੇ ਓਜਾੜੇ ਕਾ ਬੰਧੁ ॥*
*ਅੰਗ- ੬੬੨*

ਲੋਕਾਂ ਵਿਚ ਛੂਤ-ਛਾਤ, ਜਾਤ-ਪਾਤ, ਊਚ-ਨੀਚ, ਅਮੀਰੀ ਗਰੀਬੀ ਦੀਆਂ ਵੰਡਾਂ ਦੂਰ ਕਰਕੇ ਇਕ ਸੰਗਤ ਅਤੇ ਇਕ ਪੰਗਤ ਕਾਇਮ ਕਰਕੇ ਮਨੁੱਖੀ ਭਾਈਚਾਰੇ ਨੂੰ ਪਿਆਰ ਅਤੇ ਸੁਹਿਰਦਤਾ ਦੇ ਘੇਰੇ ਵਿਚ ਲਿਆਂਦਾ। ਰਾਜਸੀ ਖੇਤਰ ਵਿਚ ਜ਼ੁਲਮ ਕਰਨ ਵਾਲੇ ਰਾਜਿਆਂ ਨੂੰ ਸ਼ੀਂਹ (ਸ਼ੇਰ) ਅਤੇ ਅਹਿਲਕਾਰਾਂ (ਮੁਕੱਦਮ) ਨੂੰ ਕੁੱਤੇ ਕਹਿ ਕੇ ਉਨ੍ਹਾਂ ਦੇ ਨੀਵੇਂ ਕਿਰਦਾਰ ਨੂੰ ਲੋਕਾਂ ਸਾਮ੍ਹਣੇ ਲਿਆਂਦਾ। ਇਸ ਤਰ੍ਹਾਂ ਦੁਖੀ, ਨਿਮਾਣੀ, ਨਿਤਾਣੀ ਲੋਕਾਈ ਨੂੰ ਨਵਾਂ ਸਾਹਸ, ਨਵਾਂ ਬਲ, ਨਵਾਂ ਜੀਵਨ ਮਿਲਿਆ ਅਤੇ ਆਮ ਲੋਕ ਗੁਰੂ ਘਰ ਨਾਲ ਜੁੜਨੇ ਸ਼ੁਰੂ ਹੋ ਗਏ। ਇਹ ਸਿਲਸਿਲਾ ਗੁਰੂ ਅਰਜਨ ਦੇਵ, ਪੰਚਮ ਪਾਤਸ਼ਾਹ ਤਕ ਨਿਰਵਿਘਨ ਚਲਦਾ ਰਿਹਾ। ਕਰਤਾਰਪੁਰ ਸਾਹਿਬ, ਗੋਇੰਦਵਾਲ ਸਾਹਿਬ, ਰਾਮਦਾਸ ਚੱਕ (ਅੰਮ੍ਰਿਤਸਰ), ਤਰਨ ਤਾਰਨ ਸਾਹਿਬ, ਕਈ ਅਸਥਾਨ ਸਿੱਖੀ ਦਾ ਕੇਂਦਰ ਬਣਦੇ ਗਏ। ਗੁਰੂ ਅਰਜਨ ਦੇਵ ਜੀ ਨੇ 1604 ਈ. ਵਿਚ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕਰਕੇ ਸਿੱਖੀ ਵਿਚਾਰਧਾਰਾ ਦਾ ਧੁਰਾ ਕਾਇਮ ਕਰ ਦਿਤਾ। ਸੱਚ ਦਾ ਇਹ ਆਲਮ ਤੰਗ ਨਜ਼ਰੀਏ ਵਾਲੇ ਹਾਕਮਾਂ ਨੂੰ ਚੰਗਾ ਨਾ ਲੱਗਿਆ ਅਤੇ ਇਹੋ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦਾ ਕਾਰਨ ਬਣਿਆ।

ਸ਼ਹੀਦੀ ਦਾ ਇਹ ਮਹਾਨ ਸਾਕਾ 30 ਮਈ 1606 ਨੂੰ ਵਾਪਰਿਆ। ਰਾਵੀ ਦਰਿਆ ਦੇ ਨੇੜੇ ਲਾਹੌਰ ਦੇ ਕਿਲ੍ਹੇ ਵਿਚ ਆਪ ਜੀ ਨੂੰ ਕੁਝਦਿਨ ਨਜ਼ਰਬੰਦ ਰੱਖਣ ਉਪਰੰਤ ਕਈ ਤਰ੍ਹਾਂ ਦੇ ਤਸੀਹੇ ਦੇ ਕੇ ਸ਼ਹੀਦ ਕਰ ਦਿਤਾ ਗਿਆ। ਇਹ ਸਥਾਨ ਗੁਰਦਵਾਰਾ ਡੇਰਾ ਸਾਹਿਬ ਨਾਮ ਨਾਲ ਪ੍ਰਸਿੱਧ ਹੈ।

ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦਾ ਜ਼ਿੰਮੇਵਾਰ ਕੁਝ ਪਰੰਪਰਾਈ ਇਤਿਹਾਸਕਾਰਾਂ ਅਨੁਸਾਰ ਇਕ ਖੱਤਰੀ ਸਰਕਾਰੀ ਅਹਿਲਕਾਰ ਚੰਦੂ ਸੀ ਜਿਸ ਦੀ ਧੀ ਦਾ ਰਿਸ਼ਤਾ ਗੁਰੂ ਹਰਿਗੋਬਿੰਦ ਸਾਹਿਬ ਨਾਲ ਹੋਣਾ ਨੀਯਤ ਹੋਇਆ ਸੀ ਪਰ ਸਿੱਖ ਸੰਗਤ ਦੇ ਕਹਿਣ ਤੇ ਗੁਰੂ ਜੀ ਨੇ ਇਹ ਰਿਸ਼ਤਾ ਮੋੜ ਦਿਤਾ ਸੀ। ਬਦਲੇ ਦੀ ਭਾਵਨਾ ਵਜੋਂ ਉਸ ਨੇ ਛੜਯੰਤਰ ਰਚਿਆ, ਗੁਰੂ ਜੀ ਨੂੰ ਕੈਦ ਕਰਵਾਇਆ ਅਤੇ ਸ਼ਹੀਦ ਕਰਾ ਦਿਤਾ। ਸ਼ਹੀਦੀ ਦਾ ਇਹ ਕਾਰਨ ਕਿਸੇ ਤਰ੍ਹਾਂ ਵੀ ਮੰਨਣਯੋਗ ਨਹੀਂ ਲਗਦਾ। ਇਹ ਤਾਂ ਸੰਭਵ ਹੈ ਕਿ ਜਦੋਂ ਗੁਰੂ ਜੀ ਨੂੰ ਸ਼ਾਹੀ ਫੁਰਮਾਨ ਅਨੁਸਾਰ ਨਜ਼ਰਬੰਦ ਕੀਤਾ ਗਿਆ ਤਾਂ ਚੰਦੂ ਨੇ ਆਪਣੀ ਨਿਜੀ ਈਰਖਾ-ਵਸ ਗੁਰੂ ਜੀ ਨੂੰ ਤਸੀਹੇ ਦੇਣ ਵਿਚ ਦੋਖੀਆਂ ਦੀ ਸਹਾਇਤਾ ਕੀਤੀ ਹੋਵੇ ਪਰ ਸ਼ਹੀਦੀ ਦਾ ਅਸਲ ਕਾਰਨ ਬਾਦਸ਼ਾਹ ਜਹਾਂਗੀਰ ਖੁਦ ਸੀ ਅਤੇ ਉਸ ਦੇ ਸਲਾਹਕਾਰ ਸ਼ੇਖ ਅਹਿਮਦ ਸਰਹੰਦੀ ਮੁਜਾਦਿਦ-ਅਲਫ-ਸਾਨੀ ਆਦਿ ਸਨ। ਜਦ ਤੋਂ ਔਰੰਗਜ਼ੇਬ ਨੇ 1605 ਈ: ਵਿਚ ਦਿੱਲੀ ਦਾ ਤਖਤ ਸੰਭਾਲਿਆ, ਉਸ ਨੇ ਗੈਰ-ਮੁਸਲਮਾਨਾਂ ਪ੍ਰਤੀ ਸਖਤ ਨੀਤੀ ਅਪਣਾਈ। ਇਸ ਦਾ ਇਕ ਕਾਰਨ ਇਹ ਸੀ ਕਿ ਉਹ ਹਕੂਮਤ ਚਲਾਉਣ ਲਈ ਸ਼ਰਅਈ ਕੱਟੜਵਾਦੀਆਂ ਦੀ ਸਹਾਇਤਾ ਦਾ ਮੁਹਥਾਜ ਸੀ। ਵਿਸ਼ੇਸ਼ ਕਰਕੇ ਨਕਸ਼ਬੰਦੀ ਫਿਰਕੇ ਦਾ ਸ਼ੇਖ ਅਹਿਮਦ ਸਰਹੰਦੀ ਉਸ ਦਾ ਮੁੱਖ ਸਲਾਹਕਾਰ ਸੀ। ਜਹਾਂਗੀਰ ਦੀ ਇਸ ਕੱਟੜ ਨੀਤੀ ਦਾ ਸ਼ਿਕਾਰ ਸਭ ਤੋਂ ਪਹਿਲਾ ਗੁਰੂ-ਘਰ ਬਣਿਆ ਜਿਸ ਸਬੰਧੀ ਉਸ ਨੂੰ ਝੂਠੇ ਸੱਚੇ ਕਈ ਕਿੱਸੇ ਸੁਣਾਏ ਗਏ ਜਿਵੇਂ ਕਿ ਉਹ ਤੁਜ਼ਕੇ-ਜਹਾਂਗੀਰੀ ਵਿਚ ਲਿਖਦਾ ਹੈ ਕਿ ਬਹੁਤ ਸਾਰੇ ਭੋਲੇ ਹਿੰਦੂ ਅਤੇ ਕੁਝ ਮੂਰਖ ਮੁਸਲਮਾਨ ਵੀ ਉਸ (ਗੁਰੂ ਅਰਜਨ ਦੇਵ ਜੀ) ਦੇ ਸ਼ਿਸ਼ ਬਣੇ ਹੋਏ ਹਨ। ਉਹ ਲਿਖਦਾ ਹੈ ਕਿ ਬੜੇ ਸਮੇਂ ਤੋਂ ਇਹ ਖਿਆਲ ਮੇਰੇ ਅੰਦਰ ਚਲ ਰਿਹਾ ਸੀ ਕਿ ਗੁਰੂ ਨਾਨਕ ਦੇਵ ਜੀ ਤੋਂ ਚਲੀ ਆ ਰਹੀ ਇਹ ਝੂਠ ਦੀ ਦੁਕਾਨ ਜਾਂ ਤਾਂ ਬੰਦ ਕਰ ਦਿਤੀ ਜਾਵੇ ਜਾਂ ਫਿਰ ਇਸ (ਗੁਰੂ ਜੀ) ਨੂੰ ਇਸਲਾਮ ਦੇ ਘੇਰੇ ਵਿਚ ਲੈ ਆਂਦਾ ਜਾਵੇ।

ਜਹਾਂਗੀਰ ਦੇ ਤਖਤ ਤੇ ਬੈਠਣ ਤੋਂ ਥੋੜ੍ਹੇ ਸਮੇਂ ਪਿਛੋਂ ਹੀ ਉਸ ਦੇ ਲੜਕੇ ਖੁਸਰੋ ਨੇ ਬਗਾਵਤ ਕਰ ਦਿਤੀ ਅਤੇ ਲਾਹੌਰ ਜਾਂਦਿਆਂ ਉਹ ਕੁਝ ਸਮਾਂ ਗੋਇੰਦਵਾਲ ਸਾਹਿਬ ਰੁਕਿਆ ਅਤੇ ਗੁਰੂ ਮਹਾਰਾਜ ਦੇ ਦਰਸ਼ਨ ਕੀਤੇ ਅਤੇ ਮਹਿਮਾ ਪ੍ਰਕਾਸ਼ ਅਨੁਸਾਰ ਉਸ ਨੇ ਲੰਗਰ ਵਿਚੋਂ ਭੋਜਨ ਛਕਿਆ ਅਤੇ ਅਗਲੇ ਦਿਨ ਲਾਹੌਰ ਵਲ ਤੁਰ ਗਿਆ। ਜਦੋਂ ਵਿਦਰੋਹ ਖਤਮ ਹੋ ਗਿਆ ਅਤੇ ਖੁਸਰੋ ਫੜ ਲਿਆ ਗਿਆ ਤਾਂ ਜਹਾਂਗੀਰ ਨੇ ਉਨ੍ਹਾਂ ਸਭ ਲੋਕਾਂ ਨੂੰ ਕਰੜੀਆਂ ਸਜ਼ਾਵਾਂ ਦਿਤੀਆਂ ਜਿਨ੍ਹਾਂ ਨੇ ਖੁਸਰੋ ਦੀ ਸਹਾਇਤਾ ਕੀਤੀ ਸੀ। ਸੰਕੀਰਣ ਦ੍ਰਿਸ਼ਟੀ ਵਾਲੇ ਕੱਟੜਵਾਦੀਆਂ ਲਈ ਇਹ ਉਚਿਤ ਮੌਕਾ ਸੀ। ਗੁਰੂ ਜੀ ਬਾਰੇ ਐਸੀ ਸ਼ਿਕਾਇਤ ਕੀਤੀ ਗਈ ਅਤੇ ਜਹਾਂਗੀਰ ਦੇ ਹੁਕਮ ਨਾਲ ਗੁਰੂ ਜੀ ਤੇ ਭਾਰੀ ਜੁਰਮਾਨਾ ਕੀਤਾ ਗਿਆ, ਜਿਸ ਨੂੰ ਉਚਿਤ ਨਾ ਸਮਝਦਿਆਂ ਗੁਰੂ ਜੀ ਨੇ ਦੇਣ ਤੋਂ ਇਨਕਾਰ ਕਰ ਦਿਤਾ। ਗੁਰੂ ਜੀ ਨੂੰ ਗ੍ਰਿਫਤਾਰ ਕਰਕੇ ਲਾਹੌਰ ਕਿਲੇ ਵਿਚ ਬੰਦ ਕਰ ਦਿਤਾ ਗਿਆ ਅਤੇ 'ਯਾਸਾ' ਕਾਨੂੰਨ ਅਨੁਸਾਰ ਤਸੀਹੇ ਦੇ ਕੇ ਸ਼ਹੀਦ ਕਰ ਦਿਤਾ ਗਿਆ। ਉਨ੍ਹਾਂ ਨੂੰ ਦੁਖ ਦੇਣ ਲਈ ਤੱਤੀ ਤਵੀ ਤੇ ਬੈਠਣ ਦੇ ਆਦੇਸ਼ ਦਿਤੇ ਗਏ, ਗਰਮ ਸੜਦਾ ਰੇਤਾ ਸੀਸ ਤੇ ਪਾਇਆ ਗਿਆ ਅਤੇ ਗਰਮ ਉਬਲਦੇ ਪਾਣੀ ਵਿਚ ਬਿਠਾਇਆ ਗਿਆ। ਗੁਰੂ ਜੀ ਦਾ ਮਿੱਤਰ ਹਜ਼ਰਤ ਮੀਆ ਮੀਰ ਉਨ੍ਹਾਂ ਨੂੰ ਮਿਲਣ ਆਇਆ ਅਤੇ ਇਹ ਸਭ ਵੇਖ ਕੇ ਬਹੁਤ ਦੁਖੀ ਹੋਇਆ। ਉਸ ਨੇ ਕੁਝ ਕਰਨ ਦੀ ਆਗਿਆ ਮੰਗੀ ਪਰ ਗੁਰੂ ਜੀ ਨੇ ਭਾਣੇ ਵਿਚ ਰਹਿਣ ਦਾ ਆਦੇਸ਼ ਦਿਤਾ।

ਗੁਰੂ ਜੀ ਨੂੰ ਸਾਰੇ ਸਾਕੇ ਦਾ ਪਹਿਲਾਂ ਤੋਂ ਗਿਆਨ ਸੀ। ਉਨ੍ਹਾਂ ਨੇ ਸਿੱਖ ਲਹਿਰ ਨੂੰ ਇਕ ਨਵਾਂ ਮੋੜ ਦੇਣਾ ਸੀ ਜਿਸ ਲਈ ਭਾਣੇ ਵਿਚ ਰਹਿਣ ਅਤੇ ਜ਼ੁਲਮ ਅਤੇ ਬੇ-ਇਨਸਾਫੀ ਵਿਰੁੱਧ ਡੱਟ ਜਾਣ ਦੀ ਮਿਸਾਲ ਕਾਇਮ ਕਰਨੀ ਜ਼ਰੂਰੀ ਸੀ। ਜਦੋਂ ਅੰਦਰ ਨਾਮ ਦੀ ਪ੍ਰਮਾਤਮਾ-ਸ਼ਕਤੀ ਹੋਵੇ, ਤਾਂ ਸਰੀਰਕ ਦੁੱਖ ਮਨੁੱਖ ਦਾ ਕੁਝ ਨਹੀਂ ਵਿਗਾੜ ਸਕਦੇ। ਸੱਚ ਲਈ ਸ਼ਹੀਦ ਹੋਣ ਦਾ ਸਬਕ ਗੁਰੂ ਅਰਜਨ ਦੇਵ ਜੀ ਨੇ ਆਪਣੀ ਸ਼ਹੀਦੀ ਰਾਹੀਂ ਦਿਤਾ। ਐਸਾ ਉਨ੍ਹਾਂ ਦੇ ਅਨੁਭਵ ਵਿਚ ਸੀ। ਏਸੇ ਲਈ ਸ੍ਰੀ ਹਰਿਗੋਬਿੰਦ ਜੀ ਨੂੰ ਬਚਪਨ ਤੋਂ ਹੀ ਸ਼ਸਤਰ ਵਿਦਿਆ ਘੋੜ ਸਵਾਰੀ, ਨੇਜ਼ੇਬਾਜ਼ੀ ਵਿਚ ਨਿਪੁੰਨ ਕੀਤਾ ਸੀ ਅਤੇ ਉਨ੍ਹਾਂ ਨੇ ਗੁਰੂ ਜੀ ਦੇ ਆਦਰਸ਼ ਦੀ ਪੂਰਤੀ ਹਿਤ ਹੀ ਮੀਰੀ ਪੀਰੀ ਦੀਆਂ ਦੋ ਕਿਰਪਾਨਾਂ ਪਹਿਨੀਆਂ ਸਨ, ਅਕਾਲ ਤਖਤ ਦੀ ਰਚਨਾ ਕੀਤੀ ਅਤੇ ਸਿੱਖ ਸੰਗਤ ਨੂੰ ਸ਼ਸਤਰਧਾਰੀ ਹੋਣ ਦੇ ਆਦੇਸ਼ ਦਿਤੇ। ਇਸ ਤਰ੍ਹਾਂ ਸਿੱਖ ਕੌਮ ਜ਼ਬਰ ਜ਼ੁਲਮ ਦਾ ਮੁਕਾਬਲਾ ਕਰਨ ਲਈ ਤਿਆਰ ਹੋਣ ਲੱਗੀ। ਇਸ ਆਦਰਸ਼ ਦੀ ਪੂਰਤੀ ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਦੀ ਦਾਤ ਰਾਹੀਂ ਪੂਰੀ ਕੀਤੀ। ਗੁਰੂ ਗੋਬਿੰਦ ਸਿੰਘ ਜੀ ਦਾ ਸੰਤ-ਸਿਪਾਹੀ ਦਾ ਸਰੂਪ ਮੀਰੀ ਪੀਰੀ ਦੇ ਸਿਧਾਂਤ ਨੂੰ ਹੀ ਅਮਲ ਵਿਚ ਲਿਆਂਦਾ ਹੈ।

ਗੁਰੂ ਅਰਜਨ ਦੇਵ ਜੀ ਦਾ ਪ੍ਰਕਾਸ਼ ਪਿਤਾ ਗੁਰੂ ਰਾਮਦਾਸ ਜੀ ਅਤੇ ਮਾਤਾ ਬੀਬੀ ਭਾਨੀ ਜੀ ਦੇ ਗ੍ਰਹਿ ਵਿਖੇ 15 ਅਪ੍ਰੈਲ 1563 ਨੂੰ ਗੋਇੰਦਵਾਲ ਸਾਹਿਬ ਵਿਖੇ ਹੋਇਆ। ਬੀਬੀ ਭਾਨੀ ਜੀ ਤੀਜੇ ਪਾਤਸ਼ਾਹ ਗੁਰੂ ਅਮਰਦਾਸ ਜੀ ਦੀ ਸਪੁੱਤਰੀ ਸਨ। ਗੁਰੂ ਅਰਜਨ ਦੇਵ ਜੀ ਗੁਰੂ ਰਾਮਦਾਸ ਜੀ ਦੇ ਸਭ ਤੋਂ ਛੋਟੇ ਸਾਹਿਬਜ਼ਾਦੇ ਸਨ। ਬਚਪਨ ਤੋਂ ਹੀ ਉਚੀ ਬਿਰਤੀ ਦੇ ਮਾਲਕ ਹੋਣ ਅਤੇ ਧਾਰਮਿਕ ਕਾਰਜਾਂ ਵਿਚ ਪ੍ਰਵਿਰਤੀ ਰੱਖਣ ਕਾਰਨ ਆਪ ਜੀ ਨੂੰ ਪਿਤਾ-ਗੁਰੂ ਦਾ ਵਿਸ਼ੇਸ਼ ਪਿਆਰ ਪ੍ਰਾਪਤ ਸੀ। ਇਸ ਨਾਲ ਵੱਡੇ ਭਰਾਤਾ ਪ੍ਰਿਥੀ ਚੰਦ ਨੂੰ ਆਪ ਨਾਲ ਈਰਖਾ ਹੋਣ ਲਗ ਪਈ, ਉਸ ਨੂੰ ਡਰ ਸੀ ਕਿ ਗੁਰੂ-ਪਿਤਾ ਦੀਆਂ ਮਿਹਰਬਾਨੀਆਂ ਦਾ ਪਾਤਰ ਹੋਣ ਕਾਰਨ ਛੋਟਾ ਭਰਾ ਗੁਰਗੱਦੀ ਦਾ ਵਾਰਸ ਹੀ ਨਾ ਬਣ ਜਾਵੇ। ਵੱਡਾ ਪੁੱਤਰ ਹੋਣ ਦੀ ਹੈਸੀਅਤ ਵਿਚ ਉਹ ਇਸ ਨੂੰ ਆਪਣਾ ਹੱਕ ਸਮਝਦਾ ਸੀ ਪਰ ਗੁਰੂ ਘਰ ਵਿਚ ਗੁਰੂ ਦੀ ਚੋਣ ਸੱਚ ਦੀ ਕਸਵੱਟੀ ਤੇ ਪਰਖ ਕੇ ਕੀਤੀ ਜਾਂਦੀ ਰਹੀ ਹੈ।

ਆਪ ਜੀ ਦੀ ਯੋਗਤਾ ਨੂੰ ਧਿਆਨ ਵਿਚ ਰਖਦਿਆਂ ਪਹਿਲੀ ਸਤੰਬਰ 1581 ਈ. ਨੂੰ ਆਪ ਜੀ ਨੂੰ ਪੰਜਵੇਂ ਗੁਰੂ ਸਥਾਪਤ ਕੀਤਾ ਗਿਆ। ਆਪ ਜੀ ਨੇ ਗੁਰੂ ਨਾਨਕ ਸਾਹਿਬ ਵਲੋਂ ਸੰਚਾਲਨ ਕੀਤੇ ਨਿਰਮਲ ਪੰਥ ਨੂੰ ਹਰ ਪੱਖੋਂ ਮਜ਼ਬੂਤ ਅਤੇ ਸਵੈ-ਨਿਰਭਰ ਬਣਾਇਆ। ਇਕ ਪਾਸੇ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਸੰਪੂਰਨਤਾ ਕਰਕੇ ਸਿੱਖ ਸੰਗਤ ਨੂੰ ਇਕ ਨਵਾਂ ਧਰਮ ਕੇਂਦਰ ਬਖਸ਼ਿਆ, ਦੂਜੇ ਬੰਨੇ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕਰਕੇ ਗੁਰੂ-ਵਿਰਸੇ ਦੀ ਨਾ ਕੇਵਲ ਸੰਭਾਲ ਕੀਤੀ ਸਗੋਂ ਸਿੱਖ ਸੰਗਤਾਂ ਨੂੰ ਗੁਰਬਾਣੀ ਨਾਲ ਜੁੜਨ ਦਾ ਵਸੀਲਾ ਪ੍ਰਦਾਨ ਕੀਤਾ। ਨਾਲ ਹੀ ਆਪ ਜੀ ਨੇ ਸ਼ਬਦ ਕੀਰਤਨ ਦੀ ਇਲਾਹੀ ਦਾਤ ਸਿੱਖ ਸੰਗਤਾਂ ਨੂੰ ਬਖਸ਼ੀ ਅਤੇ ਉਨ੍ਹਾਂ ਨੂੰ ਆਪ ਕੀਰਤਨ ਕਰਨ ਦਾ ਉਤਸ਼ਾਹ ਦਿਤਾ। ਅੰਮ੍ਰਿਤਸਰ ਸ਼ਹਿਰ ਨੂੰ ਹਰ ਪੱਖੋਂ ਉਜਾਗਰ ਕਰਨ ਲਈ ਵਪਾਰੀਆਂ, ਕਿਸਾਨਾਂ ਅਤੇ ਮਿਹਨਤੀ ਕਾਰੀਗਰਾਂ ਨੂੰ ਕੰਮ, ਰੋਜ਼ਗਾਰ ਵਿਚ ਹੌਂਸਲਾ ਦਿਤਾ ਅਤੇ ਮਾਲੀ ਇਮਦਾਦ ਵੀ ਕੀਤੀ। ਧਰਮ ਕਾਰਜਾਂ ਦੀ ਸਹੂਲਤ ਹਿਤ ਆਪ ਜੀ ਨੇ ਦਸਵੰਧ ਦੀ ਪ੍ਰਥਾ ਸ਼ੁਰੂ ਕੀਤੀ ਜਿਸ ਨਾਲ ਸਿੱਖ ਸੰਗਠਨ ਆਰਥਿਕ ਪੱਖੋਂ ਵੀ ਮਜ਼ਬੂਰ ਹੋਇਆ। ਮਨੁੱਖ ਜਾਤੀ ਦੇ ਭਲੇ ਲਈ ਕਈ ਕਾਰਜ ਆਰੰਭੇ। ਤਰਨਤਾਰਨ ਸਾਹਿਬ ਵਿਖੇ ਭਿਆਨਕ ਰੋਗੀਆਂ ਅਤੇ ਕੋਹੜੀਆਂ ਦੇ ਇਲਾਜ ਦਾ ਵਿਸ਼ੇਸ਼ ਪ੍ਰਬੰਧ ਕੀਤਾ। ਛੇਹਰਟਾ ਸਾਹਿਬ ਅਤੇ ਹੋਰ ਅਸਥਾਨਾਂ ਤੇ ਖੂਹ ਲਵਾ ਕੇ ਪਾਣੀ ਦੀ ਕਿਲਤ ਨੂੰ ਦੂਰ ਕੀਤਾ।

ਆਪ ਜੀ ਦੀ ਸਭ ਤੋਂ ਸ੍ਰੇਸ਼ਠ ਦੇਣ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਹੈ ਜੋ ਸਿੱਖ ਸੰਗਤਾਂ ਦੀ ਭਗਤੀ ਭਾਵਨਾ ਦਾ ਕੇਂਦਰ ਸਿੱਧ ਹੋਇਆ। 6000 ਸ਼ਬਦਾਂ ਦੇ ਇਸ ਸੰਗ੍ਰਹਿ ਵਿਚ ਪਹਿਲੇ ਪੰਜ ਗੁਰੂ ਸਾਹਿਬਾਨ ਦੀ

ਬਾਣੀ ਤੋਂ ਛੁਟ, ਪੰਦਰਾਂ ਵੱਖ-ਵੱਖ ਮੱਤ ਮਤਾਂਤਰਾਂ ਦੇ ਭਗਤਾਂ ਅਤੇ ਮੁਸਲਿਮ ਸੂਫੀ ਫਕੀਰ ਬਾਬਾ ਫਰੀਦ ਦੀ ਬਾਣੀ ਸ਼ਾਮਲ ਕੀਤੀ ਗਈ। (ਬਾਅਦ ਵਿਚ ਨੌਵੇਂ ਪਾਤਸ਼ਾਹ ਦੀ ਬਾਣੀ ਵੀ ਸੰਮਿਲਤ ਕੀਤੀ ਗਈ)। ਇਹ ਸਰਬ ਸਾਂਝੀਵਾਲਤਾ ਅਤੇ ਮਨੁੱਖੀ ਭਾਈਚਾਰੇ ਦੀ ਏਕਤਾ ਦਾ ਪ੍ਰਤੀਕ ਸੀ। ਇਸ ਤੋਂ ਇਹ ਵੀ ਸਿੱਧ ਹੁੰਦਾ ਹੈ ਕਿ ਗੁਰੂ ਅਰਜਨ ਦੇਵ ਜੀ ਮੱਧਕਾਲੀਨ ਭਾਰਤੀ ਧਾਰਮਿਕ ਸਾਹਿਤ ਦੇ ਪ੍ਰਮੁੱਖ ਗਿਆਤਾ ਸਨ ਅਤੇ ਵੱਖ-ਵੱਖ ਸੰਸਕ੍ਰਿਤੀਆਂ, ਲੋਕ ਧਾਰਾਵਾਂ, ਪਰੰਪਰਾਵਾਂ ਅਤੇ ਵੱਖ-ਵੱਖ ਭਾਸ਼ਾਵਾਂ ਦਾ ਵੀ ਪੂਰਾ ਗਿਆਨ ਰਖਦੇ ਸਨ। 16 ਅਗਸਤ 1604 ਨੂੰ ਬੜੀ ਸ਼ਾਨ ਸ਼ੌਕਤ ਨਾਲ ਗੁਰਦਵਾਰਾ ਰਾਮਸਾਰ ਤੋਂ ਦਰਬਾਰ ਸਾਹਿਬ ਵਿਖੇ ਸਜੀ ਹੋਈ ਪਾਲਕੀ ਰਾਹੀਂ ਗੁਰੂ ਗ੍ਰੰਥ ਸਾਹਿਬ ਜੀ ਨੂੰ ਲਿਜਾਇਆ ਗਿਆ ਅਤੇ ਹਰਿਮੰਦਰ ਸਾਹਿਬ ਵਿਖੇ ਪਹਿਲਾ ਪ੍ਰਕਾਸ਼ ਹੋਇਆ। ਬਾਬਾ ਬੁੱਢਾ ਜੀ ਨੂੰ ਪਹਿਲਾ ਗ੍ਰੰਥੀ ਥਾਪਿਆ ਗਿਆ ਅਤੇ ਗੁਰੂ ਮਹਾਰਾਜ ਆਪ ਚੌਰ ਕਰਦੇ ਰਹੇ। ਪ੍ਰਕਾਸ਼ ਕਰਨ ਤੇ ਪਹਿਲਾ ਹੁਕਮਨਾਮਾ ਇਹ ਬਖਸ਼ਿਸ਼ ਹੋਇਆ -

*ਸੂਹੀ ਮਹਲਾ ੫*
*ਸੰਤਾ ਕੇ ਕਾਰਜਿ ਆਪਿ ਖਲੋਇਆ*
*ਹਰਿ ਕੰਮੁ ਕਰਾਵਣਿ ਆਇਆ ਰਾਮ ॥*
*ਧਰਤਿ ਸੁਹਾਵੀ ਤਾਲੁ ਸੁਹਾਵਾ*
*ਵਿਚਿ ਅੰਮ੍ਰਿਤ ਜਲੁ ਛਾਇਆ ਰਾਮ ॥*
*ਅੰਮ੍ਰਿਤ ਜਲੁ ਛਾਇਆ ਪੂਰਨ ਸਾਜੁ ਕਰਾਇਆ*
*ਸਗਲ ਮਨੋਰਥ ਪੂਰੇ ॥*
*ਜੈ ਜੈ ਕਾਰੁ ਭਇਆ ਜਗ ਅੰਤਰਿ ਲਾਥੇ ਸਗਲ ਵਿਸੂਰੇ ॥*
*ਪੂਰਨ ਪੁਰਖ ਅਚੁਤ ਅਬਿਨਾਸੀ*
*ਜਸੁ ਵੇਦ ਪੁਰਾਣੀ ਗਾਇਆ ॥*
*ਅਪਨਾ ਬਿਰਦੁ ਰਖਿਆ ਪਰਮੇਸਰਿ*
*ਨਾਨਕ ਨਾਮੁ ਧਿਆਇਆ ॥* *ਅੰਗ- ੭੮੩*

ਗੁਰੂ ਗ੍ਰੰਥ ਸਾਹਿਬ ਵਿਚ ਸਿੱਖ ਗੁਰੂਆਂ, ਹਿੰਦੂ ਭਗਤਾਂ ਅਤੇ ਮੁਸਲਮਾਨ ਫਕੀਰਾਂ ਦੀ ਬਾਣੀ ਸੰਮਿਲਤ ਹੋਣੀ ਪਰੰਪਰਾਈ ਲੋਕਾਂ ਲਈ ਇਕ ਅਜੀਬ ਘਟਨਾ ਸੀ। ਇਥੋਂ ਤਕ ਕਿ ਮੁਗਲ ਸੁਲਤਾਨ ਅਕਬਰ ਪਾਸ ਸ਼ਿਕਾਇਤ ਕੀਤੀ ਗਈ ਕਿ ਇਸ ਗ੍ਰੰਥ ਵਿਚ ਦੂਜੇ ਧਰਮਾਂ ਦੀ ਤੌਹੀਨ ਕੀਤੀ ਗਈ ਹੈ। ਬਾਦਸ਼ਾਹ ਉਸ ਸਮੇਂ ਬਟਾਲੇ ਵਿਖੇ ਠਹਿਰਿਆ ਹੋਇਆ ਸੀ ਅਤੇ ਉਸ ਨੇ ਗੁਰੂ ਜੀ ਪਾਸੋਂ ਇਸ ਬਾਰੇ ਪੁੱਛ ਭੇਜੀ। ਗੁਰੂ ਮਹਾਰਾਜ ਨੇ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਰਾਹੀਂ ਗੁਰੂ ਗ੍ਰੰਥ ਸਾਹਿਬ ਦੀ ਬੀੜ ਦਰਸ਼ਨਾਂ ਹਿਤ ਭੇਜੀ। ਬੀੜ ਖੋਲ੍ਹੀ ਗਈ ਅਤੇ ਬਾਦਸ਼ਾਹ ਅਕਬਰ ਦੇ ਇਸ਼ਾਰੇ ਤੇ ਵੱਖ-ਵੱਖ ਪੰਨਿਆਂ ਤੋਂ ਸ਼ਬਦ ਪੜ੍ਹੇ ਗਏ। ਹਰ ਸ਼ਬਦ ਵਿਚ ਪ੍ਰਮਾਤਮਾ ਦੀ ਸਿਫਤ ਸਾਲਾਹ ਦਾ ਹੀ ਪ੍ਰਸੰਗ ਸੁਣ ਕੇ ਅਕਬਰ ਬਹੁਤ ਖੁਸ਼ ਹੋਇਆ ਤੇ ਉਸ ਨੇ 51 ਮੋਹਰਾਂ ਮੱਥਾ ਟੇਕਿਆ। ਉਸ ਨੇ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਨੂੰ ਖਿਲਤਾਂ ਦਿਤੀਆਂ ਅਤੇ ਗੁਰੂ ਜੀ ਲਈ ਆਦਰ ਵਜੋਂ ਖਿਲਤ ਭੇਜੀ। ਇਸ ਤੋਂ ਪਹਿਲਾਂ ਨਵੰਬਰ 1598 ਵਿਚ ਅਕਬਰ ਗੋਇੰਦਵਾਲ ਸਾਹਿਬ ਵਿਖੇ ਗੁਰੂ ਜੀ ਦੇ ਦਰਸ਼ਨ ਕਰਨ ਆਇਆ ਸੀ। ਜਦ ਅਕਬਰ ਨੇ ਗੁਰੂ ਜੀ ਦੀ ਸੇਵਾ ਦਾ ਖਿਆਲ ਪ੍ਰਗਟ ਕੀਤਾ ਤਾਂ ਆਪ ਨੇ ਪੰਜਾਬ ਦਾ ਮਾਲੀਆ ਮਾਫ ਕਰਨ ਲਈ ਕਿਹਾ ਜੋ 10-12 ਫੀ ਸਦੀ ਮਾਫ ਕਰ ਦਿਤਾ ਗਿਆ।

ਗੁਰੂ ਜੀ ਆਪ ਹਰ ਸਮੇਂ ਰੱਬੀ ਮਿਹਰ ਅਤੇ ਰੱਬੀ ਪਿਆਰ ਵਿਚ ਮਖਮੂਰ ਰਹਿੰਦੇ ਸਨ। ਇਹ ਗੱਲ ਉਹਨਾਂ ਦੀ ਬਾਣੀ ਤੋਂ ਭਲੀਭਾਂਤ ਪ੍ਰਗਟ ਹੁੰਦੀ ਹੈ। ਗੁਰੂ ਗ੍ਰੰਥ ਸਾਹਿਬ ਦਾ ਲੱਗਭੱਗ ਤੀਜਾ ਭਾਗ 2000 ਸ਼ਬਦ ਆਪ ਜੀ ਦੀ ਰਚਨਾ ਹਨ ਜਿਨ੍ਹਾਂ ਵਿਚ ਪ੍ਰਭੂ ਪਿਆਰ ਦੀਆਂ ਤਰੰਗਾਂ, ਪ੍ਰਭੂ ਮਿਲਾਪ ਦੇ ਅਨੂਠੇ ਅਨੁਭਵ, ਪ੍ਰਭੂ ਦਰਸ਼ਨ ਦੀ ਵਿਆਕੁਲਤਾ, ਗੁਰੂ ਅਤੇ ਸਿੱਖ ਦਾ ਪਰਸਪਰ ਪਿਆਰ ਛਲਕਾਂ ਮਾਰਦਾ ਹੈ। ਇਹ ਬਾਣੀ ਸਰਬ ਮਨੁੱਖਤਾ ਨੂੰ ਪ੍ਰਭੂ ਪਿਆਰ ਨਾਲ ਜੋੜਦੀ ਹੈ ਅਤੇ ਸਨੇਹ ਭਰੇ ਨਵੇਂ ਮਨੁੱਖੀ ਭਾਈਚਾਰੇ ਦਾ ਸੰਕਲਪ ਪੇਸ਼ ਕਰਦੀ ਹੈ ਜਿਸ ਵਿਚ ਕੋਈ ਊਚ ਨੀਚ, ਜਾਤ ਪਾਤ, ਅਮੀਰੀ ਗਰੀਬੀ, ਰੰਗ ਰੂਪ ਦਾ ਭੇਦ ਨਹੀਂ, ਜੋ 'ਸਭੇ ਸਾਂਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ' ਦੀ ਭਾਵਨਾ ਦ੍ਰਿੜ੍ਹ ਕਰਵਾਉਂਦੀ ਹੈ। ਆਪ ਜੀ ਦੀ ਸੁ-ਪ੍ਰਸਿੱਧ ਰਚਨਾ ਸੁਖਮਨੀ ਸਾਹਿਬ ਨੂੰ ਸੰਸਾਰ ਦੀਆਂ ਅਨੇਕਾਂ ਬੋਲੀਆਂ ਵਿਚ ਤਰਜਮਾਇਆ ਗਿਆ ਹੈ ਅਤੇ ਇਸ ਨੂੰ ਸੰਸਾਰ ਦੀ ਸਰਵੋਤਮ ਸ੍ਰੇਸ਼ਟ ਬਾਣੀ ਮੰਨਿਆ ਗਿਆ ਹੈ।

ਇਸ ਤਰ੍ਹਾਂ ਗੁਰੂ ਅਰਜਨ ਦੇਵ ਜੀ ਦੇ ਸਰਬ ਮਨੁੱਖਤਾ ਹਿਤ ਪਿਆਰ ਅਤੇ ਸੇਵਾ ਕਾਰਨ ਸਿੱਖ ਲਹਿਰ ਗੁਰੂ ਮਹਾਰਾਜ ਦੇ ਸਮੇਂ ਵਿਚ ਬਹੁਤ ਪ੍ਰਫੁੱਲਤ ਹੋਈ। ਫਾਰਸੀ ਰਚਨਾ ਦਬਸਤਾਨੇ-ਮਜ਼ਾਹਬ ਵਿਚ ਲਿਖਿਆ ਹੈ ਕਿ ਹਰ ਗੁਰੂ ਵਿਅਕਤੀ ਪੰਗਤ ਸੰਗਤ ਅਤੇ ਬਾਣੀ ਰਾਹੀਂ ਸਿੱਖੀ ਵਿਚ ਵਾਧਾ ਕਰਦੇ ਰਹੇ ਪਰ ਗੁਰੂ ਅਰਜਨ ਦੇਵ ਜੀ ਦੇ ਸਮੇਂ ਵਿਚ ਕੋਈ ਐਸਾ ਸ਼ਹਿਰ ਨਹੀਂ ਸੀ ਜਿਥੇ ਸਿੱਖ ਸੰਗਤ ਨਾ ਹੋਵੇ। ਬਾਅਦ ਵਿਚ ਆਪ ਜੀ ਦੀ ਹਰਮਨ ਪਿਆਰਤਾ ਹੀ ਆਪ ਜੀ ਦੀ ਸ਼ਹੀਦੀ ਦਾ ਕਾਰਨ ਬਣੀ। ਜਦੋਂ ਰਾਜ ਦੀ ਵਾਗ ਡੋਰ ਝੂਠੇ ਵਿਅਕਤੀਆਂ ਪਾਸ ਆ ਜਾਂਦੀ ਹੈ ਤਾਂ ਉਹ ਸੱਚ ਦੇ ਚਾਨਣ ਨੂੰ ਬਰਦਾਸ਼ਤ ਨਹੀਂ ਕਰ ਸਕਦੇ, ਉਹਨਾਂ ਦਾ ਝੂਠ ਦਾ ਅਨ੍ਹੇਰਾ ਸੱਚ ਦੀ ਰੋਸ਼ਨੀ ਵਿਚ ਪਸਰ ਨਹੀਂ ਸਕਦਾ। ਇਸ ਲਈ ਉਹ 'ਸੱਚ ਦੇ ਮਾਰਗ' ਨੂੰ ਝੂਠ ਦੀ ਦੁਕਾਨ ਗਰਦਾਨ ਕੇ ਹਮੇਸ਼ਾ ਲਈ ਖਤਮ ਕਰਨ ਦਾ ਫੈਸਲਾ ਲੈ ਲੈਂਦੇ ਹਨ।

ਜਿੰਨੀ ਮਹਾਨ ਅਤੇ ਸੱਚੀ ਸੁੱਚੀ ਕਿਸੇ ਦੀ ਸਖਸ਼ੀਅਤ ਹੁੰਦੀ ਹੈ, ਓਨਾਂ ਵਧੇਰੇ ਹੀ ਉਸ ਸਖਸ਼ੀਅਤ ਦੀ ਕੁਰਬਾਨੀ ਦਾ ਲੋਕ ਮਨਾਂ ਤੇ ਪ੍ਰਤੀਕਰਮ ਹੁੰਦਾ ਹੈ।

ਗੁਰੂ ਅਰਜਨ ਦੇਵ ਜੀ ਆਪ ਪ੍ਰਮਾਤਮ ਸਰੂਪ ਸਨ, ਆਪ ਜੀ ਸੇਵਾ, ਸਿਮਰਨ, ਸਹਿਨਸ਼ੀਲਤਾ ਅਤੇ ਰੱਬੀ ਭਾਣੇ ਦੀ ਮੂਰਤ ਸਨ, ਆਪ ਜੀ ਨੇ ਸਰਬ ਮਨੁੱਖਤਾ ਨੂੰ ਸੱਚਾ ਜੀਵਨ ਜੀਉਣ ਦਾ ਮਾਰਗ ਦੱਸਿਆ ਅਤੇ ਆਪਣੀ ਸ਼ਹੀਦੀ ਰਾਹੀਂ ਸੱਚ ਲਈ ਸ਼ਹੀਦ ਹੋਣ ਦੇ ਪੂਰਨੇ ਪਾਏ। ਭਾਈ ਗੁਰਦਾਸ ਜੀ ਆਪ ਜੀ ਦੀ ਸਖਸ਼ੀਅਤ ਨੂੰ ਨਿਮਨ ਪਉੜੀ ਵਿਚ ਬਿਆਨ ਕਰਦੇ ਹਨ -

*ਰਹਿਦੇ ਗੁਰੁ ਦਰੀਆਉ ਵਿਚਿ ਮੀਨ ਕੁਲੀਨ ਹੇਤੁ ਨਿਰਬਾਣੀ।*
*ਦਰਸਨੁ ਦੇਖਿ ਪਤੰਗ ਜਿਉ ਜੋਤੀ ਅੰਦਰਿ ਜੋਤਿ ਸਮਾਣੀ।*
*ਸਬਦੁ ਸੁਰਤਿ ਲਿਵ ਮਿਰਗ ਜਿਉ*
*ਭੀੜ ਪਈ ਚਿਤਿ ਅਵਰੁ ਨ ਆਣੀ।*
*ਚਰਣ ਕਵਲ ਮਿਲਿ ਭਵਰ ਜਿਉ*
*ਸੁਖ ਸੰਪਟ ਵਿਚਿ ਰੈਣਿ ਵਿਹਾਣੀ।*
*ਗੁਰ ਉਪਦੇਸ ਨ ਵਿਸਰੈ ਬਾਬੀਹੇ ਜਿਉ ਆਖ ਵਖਾਣੀ।*
*ਗੁਰਮੁਖਿ ਸੁਖ ਫਲੁ ਪਿਰਮ ਰਸੁ*
*ਸਹਜ ਸਮਾਧਿ ਸਾਧ ਸੰਗਿ ਜਾਣੀ।*
*ਗੁਰ ਅਰਜਨ ਵਿਟਹੁ ਕੁਰਬਾਣੀ।*

*ਭਾਈ ਗੁਰਦਾਸ ਜੀ, ਵਾਰ ੨੪/੨੩*

ਭੱਟਾਂ ਨੇ ਗੁਰੂ ਮਹਾਰਾਜ ਦੀ ਸਖਸ਼ੀਅਤ ਨੂੰ ਬਖੂਬੀ ਪਛਾਣਿਆ ਅਤੇ ਆਪਣੇ ਅਨੁਭਵ ਸਵੱਈਏ ਮਹਲਾ ਪੰਜਵਾਂ ਵਿਚ ਲਿਖੇ ਜਿਨ੍ਹਾਂ ਨੂੰ ਗੁਰੂ ਅਰਜਨ ਦੇਵ ਜੀ ਨੇ ਪ੍ਰਵਾਨ ਕਰਕੇ ਗੁਰੂ ਗ੍ਰੰਥ ਸਾਹਿਬ ਵਿਚ ਸਥਾਨ ਦਿਤਾ। ਭੱਟ ਕਲ੍ਹ ਅਨੁਸਾਰ ਗੁਰੂ ਜੀ ਨੇ ਜਨਮ ਤੋਂ ਹੀ ਗੁਰੂ ਦੀ ਮਤਿ ਦੁਆਰਾ ਬ੍ਰਹਮ ਨੂੰ ਪਛਾਣ ਲਿਆ ਸੀ, 'ਜਨਮਤ ਗੁਰਮਤਿ ਬ੍ਰਹਮੁ ਪਛਾਣਿਓ।' ਆਪ ਬਚਪਨ ਤੋਂ ਹੀ ਪੂਰੇ ਖਿੜਾਉ ਵਿਚ ਰਹਿੰਦੇ, ਹਿਰਦੇ ਵਿਚ ਸਦਾ ਸ਼ਬਦ ਵਸਦਾ, ਮਾਣਕ-ਰੂਪ ਮਨ ਵਿਚ ਸੰਤੋਖ ਟਿਕਿਆ ਰਹਿੰਦਾ ਕਿਉਂਕਿ ਪਿਤਾ ਗੁਰੂ ਰਾਮਦਾਸ ਨੇ ਜਨਮ ਤੋਂ ਆਪ ਨੂੰ ਨਾਮ ਦ੍ਰਿੜ੍ਹ ਕਰਵਾ ਦਿਤਾ ਸੀ, ਪਾਰਬ੍ਰਹਮ ਪ੍ਰਮੇਸ਼ਰ ਦੇ ਦਰਸ਼ਨ ਕਰਵਾ ਦਿਤੇ ਸੀ -

*ਬਡਭਾਗੀ ਉਨਮਾਨਿਅਉ ਰਿਦਿ ਸਬਦੁ ਬਸਾਯਉ ॥*
*ਮਨੁ ਮਾਣਕੁ ਸੰਤੋਖਿਅਉ ਗੁਰਿ ਨਾਮੁ ਦ੍ਰਿੜ੍ਹਾਯਉ ॥*
*ਅਗਮੁ ਅਗੋਚਰੁ ਪਾਰਬ੍ਰਹਮੁ ਸਤਿਗੁਰਿ ਦਰਸਾਯਉ ॥*

*ਅੰਗ- ੧੪੦੭*

ਸੰਤੋਖ ਵਿਚ ਵਿਚਰਦੇ, ਨਿਰਮਲ ਬੁੱਧੀ ਵਾਲੇ ਗੁਰੂ ਅਰਜਨ ਦੇਵ ਜੀ ਜੂਨਾਂ ਤੋਂ ਰਹਿਤ, ਸੁਤੇ-ਪ੍ਰਕਾਸ਼ ਹਰੀ ਦਾ ਰੂਪ ਹਨ -

*ਖੇਲੁ ਗੂੜ੍ਹਉ ਕੀਅਉ ਹਰਿ ਰਾਇ*
*ਸੰਤੋਖਿ ਸਮਾਚਰਿ੍ਯ੍ਯਉ ਬਿਮਲ ਬੁਧਿ ਸਤਿਗੁਰਿ ਸਮਾਣਉ ॥*
*ਆਜੋਨੀ ਸੰਭਵਿਅਉ ਸੁਜਸੁ ਕਲ੍ਯ੍ਯ ਕਵੀਅਣਿ ਬਖਾਣਿਅਉ ॥*

*ਅੰਗ- ੧੪੦੭*

ਗੁਰੂ ਅਰਜਨ ਸਾਹਿਬ ਸਦਜੀਵੀ ਹਨ, ਆਪ ਦਾ ਮੁੱਲ ਨਹੀਂ ਪੈ ਸਕਦਾ, ਆਪ ਜੂਨਾਂ ਤੋਂ ਰਹਿਤ, ਸੁਤੇ ਪ੍ਰਕਾਸ਼ ਹਰੀ ਦਾ ਰੂਪ ਹਨ, ਭੈ ਦੂਰ ਕਰਨ ਵਾਲੇ, ਪਰਾਏ ਦੁਖ ਨਿਵਾਰਨ ਵਾਲੇ, ਗਿਆਨ ਸਰੂਪ ਬੇਅੰਤ ਗੁਣਾਂ ਦੇ ਮਾਲਕ ਹਨ -

*ਸਦ ਜੀਵਣੁ ਅਰਜੁਨੁ ਅਮੋਲੁ ਆਜੋਨੀ ਸੰਭਉ ॥*
*ਭਯ ਭੰਜਨੁ ਪਰ ਦੁਖ ਨਿਵਾਰੁ ਅਪਾਰੁ ਅਨੰਭਉ ॥*

*ਅੰਗ- ੧੪੦੭*

ਮਥਰਾ ਭੱਟ ਆਪ ਜੀ ਦੀ ਸਖਸ਼ੀਅਤ ਦੇ ਗੁਣ ਵਰਣਨ ਕਰਦਾ ਲਿਖਦਾ ਹੈ ਕਿ ਗੁਰੂ ਅਰਜਨ ਦੇਵ ਨੇ ਸਤਿ ਸੰਤੋਖ ਹਿਰਦੇ ਵਿਚ ਧਾਰਨ ਕੀਤਾ ਅਤੇ ਹਿਰਦੇ ਵਿਚ ਹਰੀ ਨੂੰ ਟਿਕਾਇਆ ਹੋਇਆ ਹੈ। ਇਹ ਬਖਸ਼ਿਸ਼ਾਂ ਆਪ ਨੂੰ ਧੁਰ ਤੋਂ ਹੀ ਪ੍ਰਾਪਤ ਹਨ। ਆਪ ਦੇ ਅੰਦਰ ਹਰੀ ਦੀ ਜੋਤਿ ਜਗਮਗ-ਜਗਮਗ ਕਰ ਰਹੀ ਹੈ, ਆਪ ਦਾ ਤੇਜ ਪ੍ਰਤਾਪ ਧਰਤੀ ਤੇ ਛਾਇਆ ਹੋਇਆ ਹੈ।

ਪਾਰਸ ਗੁਰੂ ਦੀ ਛੋਹ ਪ੍ਰਾਪਤ ਕਰਕੇ ਆਪ ਗੁਰੂ ਰੂਪ ਹੋ ਗਏ। ਗੁਰ ਅਰਜਨ ਕਲਜੁਗ ਦੇ ਜਹਾਜ਼ ਹਨ। ਹੇ ਦੁਨੀਆਂ ਦੇ ਲੋਕੋ! ਉਨ੍ਹਾਂ ਦੀ ਚਰਨੀ ਲਗ ਕੇ ਸੰਸਾਰ ਸਾਗਰ ਤੋਂ ਸਹੀ ਸਲਾਮਤ ਪਾਰ ਲੰਘ ਜਾਵੋ।

*ਸਤਿ ਰੂਪੁ ਸਤਿ ਨਾਮੁ ਸਤੁ ਸੰਤੋਖੁ ਧਰਿਓ ਉਰਿ ॥*
*ਆਦਿ ਪੁਰਖਿ ਪਰਤਖਿ ਲਿਖ੍ਯ੍ਯਉ ਅਛਰੁ ਮਸਤਕਿ ਧੁਰਿ ॥*
*ਪ੍ਰਗਟ ਜੋਤਿ ਜਗਮਗੈ ਤੇਜੁ ਭੂਅ ਮੰਡਲਿ ਛਾਯਉ ॥*
*ਪਾਰਸੁ ਪਰਸਿ ਪਰਸੁ ਪਰਸਿ ਗੁਰਿ ਗੁਰੂ ਕਹਾਯਉ ॥*
*ਭਨਿ ਮਥੁਰਾ ਮੂਰਤਿ ਸਦਾ ਥਿਰੁ*
*ਲਾਇ ਚਿਤੁ ਸਨਮੁਖ ਰਹਹੁ ॥*
*ਕਲਜੁਗਿ ਜਹਾਜੁ ਅਰਜੁਨੁ ਗੁਰੂ*
*ਸਗਲ ਸ੍ਰਿਸ੍ਟਿ ਲਗਿ ਬਿਤਰਹੁ ॥* *ਅੰਗ- ੧੪੦੮*

ਮਥਰਾ ਭੱਟ ਅਨੁਸਾਰ ਜਗਤ ਦੇ ਇਸ ਘੋਰ ਹਨ੍ਹੇਰੇ ਵਿਚ ਗੁਰੂ ਅਰਜਨ ਦੇਵ ਜੀ ਤੋਂ ਬਿਨਾਂ ਕੋਈ ਹੋਰ ਰਾਖਾ ਨਹੀਂ ਹੈ, ਉਨ੍ਹਾਂ ਨੂੰ ਹਰੀ ਨੇ ਆਪ ਅਵਤਾਰ ਰੂਪ ਬਣਾ ਕੇ ਭੇਜਿਆ ਹੈ। ਜਿਨ੍ਹਾਂ ਨੇ ਗੁਰੂ ਜੀ ਤੋਂ ਨਾਮ-ਅੰਮ੍ਰਿਤ ਪੀਤਾ ਹੈ ਉਨ੍ਹਾਂ ਦੇ ਕ੍ਰੋੜਾਂ ਦੁਖ ਦੂਰ ਹੋ ਗਏ ਹਨ -

*ਜਗ ਅਉਰੁ ਨ ਜਾਹਿ ਮਹਾ ਤਮ ਮੈ*
*ਅਵਤਾਰੁ ਉਜਾਗਰੁ ਆਨਿ ਕੀਅਉ ॥*
*ਤਿਨ ਕੇ ਦੁਖ ਕੋਟਿਕ ਦੂਰਿ ਗਏ*
*ਮਥੁਰਾ ਜਿਨ੍ਹ ਅੰਮ੍ਰਿਤ ਨਾਮੁ ਪੀਅਉ ॥* *ਅੰਗ - ੧੪੦੯*

ਅਖੀਰ ਇਹ ਫੈਸਲਾ ਦਿਤਾ ਹੈ ਕਿ ਗੁਰੂ ਅਰਜਨ ਹੀ ਜੋਤਿ ਰੂਪ ਹੋ ਕੇ ਧਰਤੀ ਆਕਾਸ਼ ਤੇ ਨੌ ਖੰਡਾਂ ਵਿਚ ਵਿਆਪ ਰਹੇ ਹਨ। ਗੁਰੂ ਅਰਜਨ ਸਾਖਿਆਤ ਅਕਾਲ ਪੁਰਖ ਹਨ, ਕੋਈ ਫਰਕ ਨਹੀਂ ਹੈ -

*ਧਰਨਿ ਗਗਨ ਨਵ ਖੰਡ ਮਹਿ ਜੋਤਿ ਸ੍ਵਰੂਪੀ ਰਹਿਓ ਭਰਿ ॥*
*ਭਨਿ ਮਥੁਰਾ ਕਛੁ ਭੇਦੁ ਨਹੀ ਗੁਰੁ ਅਰਜੁਨੁ ਪਰਤਖ੍ਯ੍ਯ ਹਰਿ ॥*

*ਅੰਗ- ੧੪੦੯*

# ਗੁਰਬਾਣੀ ਅਰਥ-ਭੰਡਾਰ

*ਸੰਤ ਹਰੀ ਸਿੰਘ ਜੀ 'ਰੰਧਾਵੇ ਵਾਲੇ'*

*(ਲੜੀ ਜੋੜਨ ਲਈ ਦੇਖੋ, ਮਾਰਚ ਅੰਕ, ਪੰਨਾ-47)*

**ਸਿਰੀਰਾਗੁ ਮਹਲਾ ੩**

**ਘਰ ਹੀ ਸਉਦਾ ਪਾਈਐ ਅੰਤਰਿ ਸਭ ਵਥੁ ਹੋਇ॥**

ਹੇ ਭਾਈ! ਘਰ=ਗ੍ਰਿਹਸਤ 'ਚ ਰਹਿੰਦਿਆਂ ਹੋਇਆਂ ਹੀ ਇਹ ਗੁਰਸਿੱਖੀ ਦਾ ਸੌਦਾ ਪਾਈਐ=ਪਾਈਦਾ ਹੈ ਵਾ: ਗੁਰੂ ਦੇ ਸਤਿਸੰਗਤ ਰੂਪੀ ਘਰ ਵਿਚੋਂ ਹੀ ਨਾਮ ਰੂਪੀ ਸੌਦਾ ਪਾ ਸਕੀਦਾ ਹੈ ਵਾ: ਮਨੁੱਖਾ ਜਨਮ ਰੂਪ ਘਰ 'ਚ ਰਹਿੰਦਿਆਂ ਹੀ ਪ੍ਰਭੂ ਪ੍ਰਾਪਤੀ ਰੂਪੀ ਸੌਦਾ ਪਾ ਲਈਦਾ ਹੈ ਅਰਥਾਤ ਹੋਰਨਾਂ ਜੂਨਾਂ 'ਚ ਇਹ ਪ੍ਰਾਪਤੀ ਨਹੀਂ ਹੋ ਸਕਦੀ ਅਤੇ ਅੰਤਹਕਰਣ ਰੂਪੀ ਘਰ ਦੇ ਅੰਦਰੋਂ ਹੀ ਸਭ=ਸਾਰੀਆਂ ਸ਼ੁਭ ਗੁਣ ਰੂਪੀ ਵਥੁ=ਵਸਤੂਆਂ ਦੀ ਪ੍ਰਾਪਤੀ ਹੋਇ=ਹੁੰਦੀ ਹੈ।

**ਖਿਨੁ ਖਿਨੁ ਨਾਮੁ ਸਮਾਲੀਐ ਗੁਰਮੁਖਿ ਪਾਵੈ ਕੋਇ॥**

ਇਸ ਲਈ ਹੇ ਭਾਈ! ਖਿਨ ਖਿਨ ਕਾਲ 'ਚ ਵਾਹਿਗੁਰੂ ਦੇ ਨਾਮ ਨੂੰ ਸਮਾਲੀਐ=ਸਿਮਰੀਏ, ਪਰ ਇਸ ਨਾਮ ਦੀ ਦਾਤ ਨੂੰ ਕੋਈ ਕੋਈ ਗੁਰਮਖਿ=ਗੁਰਾਂ ਦੁਆਰਾ ਹੀ ਪਾਵੈ=ਪ੍ਰਾਪਤ ਕਰਦਾ ਹੈ।

**ਨਾਮੁ ਨਿਧਾਨੁ ਅਖੁਟੁ ਹੈ ਵਡਭਾਗਿ ਪਰਾਪਤਿ ਹੋਇ॥**

ਹੇ ਭਾਈ! ਵਾਹਿਗੁਰੂ ਦੇ ਨਾਮ ਦਾ ਨਿਧਾਨੁ=ਖਜ਼ਾਨਾ ਅਖੁਟੁ=ਤੋਟ ਤੋਂ ਰਹਿਤ ਵਾ: ਮੁੱਕਣ ਤੋਂ ਰਹਿਤ ਅਮੁੱਕ ਹੈ। ਇਹ ਖਜ਼ਾਨਾ ਵਡਭਾਗਿ=ਵੱਡੇ ਭਾਗਾਂ ਨਾਲ ਹੀ ਪ੍ਰਾਪਤ ਹੁੰਦਾ ਹੈ ਵਾ: ਇਸ ਖਜ਼ਾਨੇ ਨੂੰ ਪਾ ਕੇ ਵੱਡੇ ਭਾਗਾਂ ਨਾਲ ਹੀ ਪ੍ਰਤਿਸ਼ਟਾ ਪ੍ਰਾਪਤ ਹੁੰਦੀ ਹੈ।

**ਮੇਰੇ ਮਨਿ ਤਜਿ ਨਿੰਦਾ ਹਉਮੈ ਅਹੰਕਾਰੁ॥**

ਹੇ ਮੇਰੇ ਮਨ! ਕਿਸੇ ਦੇ ਗੁਣ ਅਵਗੁਣ ਦੇਖ ਕੇ ਨਿੰਦਾ=ਨਿੰਦਿਆ ਕਰਨੀ ਛੱਡ ਦੇ, ਹਉਮੈ=ਦੇਹ ਦੀ ਹੰਗਤਾ ਤੇ ਵਿਦਿਆ ਦਾ ਮਾਨ, ਆਪਣੇ ਗੁਣਾਂ ਦਾ, ਧਨ, ਸੰਪਤੀ, ਸੁੰਦਰਤਾ ਆਦਿ ਦੇ ਹੰਕਾਰ ਨੂੰ ਵੀ ਤਜਿ=ਤਿਆਗਣਾ ਕਰ।

**ਹਰਿ ਜੀਉ ਸਦਾ ਧਿਆਇ ਤੂ**
**ਗੁਰਮੁਖਿ ਏਕੰਕਾਰੁ॥ ਰਹਾਉ॥**

ਹੇ ਭਾਈ! ਤੇਰੇ ਇਹ ਅਵਗੁਣ ਤਦ ਹੀ ਮਿਟਣਗੇ, ਜੇਕਰ ਤੂੰ ਸਦਾ=ਹਮੇਸ਼ਾ ਹਰਿ ਜੀਉ=ਅਕਾਲ ਪੁਰਖ ਨੂੰ ਧਿਆਇ=ਧਿਆਵੇਂਗਾ। ਇਸ ਕਰਕੇ ਉਸ ਅਕਾਲ ਪੁਰਖ ਨੂੰ ਸਦਾ ਧਿਆਉਣਾ ਕਰ। ਉਸ ਪਰਮੇਸ਼ਰ ਨੂੰ ਕਿਵੇਂ ਧਿਆਈਏ? ਹੇ ਭਾਈ! ਗੁਰਮੁਖ ਹੋ ਕਰਕੇ ਵਾ: ਗੁਰਮੁਖਾਂ ਦੀ ਸੰਗਤ ਕਰਕੇ ਉਸ ਏਕੰਕਾਰੁ=ਇਕ ਜੋ ਅਦਵੈਤ ਵਾਹਿਗੁਰੂ ਹੈ, ਉਸ ਦਾ ਸਿਮਰਨ ਕਰ।

**ਗੁਰਮੁਖਾ ਕੇ ਮੁਖ ਉਜਲੇ ਗੁਰ ਸਬਦੀ ਬੀਚਾਰਿ॥**

ਗੁਰਮੁਖਾਂ ਦੇ ਮੁਖ ਲੋਕ ਤੇ ਪਰਲੋਕ ਵਿਚ ਉਜਲੇ=ਨਿਰਮਲੇ ਹਨ ਕਿਉਂਕਿ ਉਨ੍ਹਾਂ ਨੇ ਗੁਰੂ ਦੇ ਸ਼ਬਦ ਦੀ ਵੀਚਾਰ ਕੀਤੀ ਹੈ ਵਾ: ਉਹ ਗੁਰ ਸ਼ਬਦ ਦੁਆਰਾ ਵਾ: ਗੁਰ=ਸ਼ਬਦੀਆਂ ਦੁਆਰਾ ਮਿਲ ਕੇ ਵੀਚਾਰ ਕਰਦੇ ਹਨ।

**ਹਲਤਿ ਪਲਤਿ ਸੁਖੁ ਪਾਇਦੇ ਜਪਿ ਜਪਿ ਰਿਦੈ ਮੁਰਾਰਿ॥**

ਉਹ ਹਲਤਿ=ਇਸ ਲੋਕ ਵਿਚ ਆਤਮ ਸੁਖ ਨੂੰ ਤੇ ਪਲਤਿ=ਪਰਲੋਕ ਵਿਚ ਮੋਖਸ਼ ਸੁੱਖ ਨੂੰ ਪਾਉਂਦੇ ਹਨ, ਕਿਉਂਕਿ ਉਹ ਮੁਰਾਰਿ=(ਮੁਰ ਰਾਖਸ਼ ਦੇ ਵੈਰੀ) ਭਾਵ ਪਰਮੇਸ਼ਰ ਨੂੰ ਰਿਦੈ=ਹਿਰਦੇ ਵਿਚ ਬਾਣੀ ਕਰਕੇ ਵੀ ਤੇ ਮਨ ਕਰਕੇ ਵੀ ਜਪਦੇ ਹਨ।

**ਘਰ ਹੀ ਵਿਚਿ ਮਹਲੁ ਪਾਇਆ ਗੁਰ ਸਬਦੀ ਵੀਚਾਰਿ॥**

ਹੇ ਭਾਈ! ਉਨ੍ਹਾਂ ਗੁਰਮੁਖਾਂ ਨੇ ਘਰ ਦੇ ਵਿਚਿ=ਅੰਦਰ ਭਾਵ ਗ੍ਰਿਹਸਤੀ ਹੋ ਕੇ ਪਰਿਵਾਰ ਵਿਚ ਰਹਿੰਦਿਆਂ ਹੋਇਆਂ ਹੀ ਪ੍ਰਭੂ ਦੇ ਮਹਲੁ=ਰੂਪੀ ਟਿਕਾਣੇ ਨੂੰ ਪਾ ਲਿਆ ਹੈ ਵਾ: ਸਤਿਗੁਰਾਂ ਦੇ ਸੰਗਤ ਰੂਪੀ ਘਰ ਦੁਆਰਾ ਹੀ ਮਹਲੁ=ਤੁਰੀਆ ਪਦ ਨੂੰ ਪਾ ਲਿਆ ਹੈ ਵਾ: ਸਰੀਰ ਰੂਪੀ ਘਰ ਵਿਚੋਂ ਹੀ ਪ੍ਰਭੂ ਦੇ ਮਹਲੁ=ਸਰੂਪ ਨੂੰ ਪਾ ਲਿਆ ਹੈ।

**ਸਤਗੁਰ ਤੇ ਜੋ ਮੁਹ ਫੇਰਹਿ ਮਥੇ ਤਿਨ ਕਾਲੇ॥**

ਹੇ ਭਾਈ! ਜੋ ਬੇਮੁਖ ਸਤਿਗੁਰਾਂ ਤੋਂ ਮੁਹ=ਮੂੰਹ ਫੇਰ ਲੈਂਦੇ ਹਨ, ਉਨ੍ਹਾਂ ਦੇ ਮੱਥੇ=ਮਸਤਕ ਕਾਲੇ=ਕਲੰਕ ਸਹਿਤ ਹੋ ਜਾਂਦੇ ਹਨ ਵਾ: ਉਨ੍ਹਾਂ ਦੇ ਅੰਤਹਕਰਣ ਰੂਪੀ ਮੱਥੇ ਵਾ: ਹਿਰਦੇ ਰੂਪੀ ਮੱਥੇ ਵਿਕਾਰਾਂ ਦੀ ਮੈਲ ਦੁਆਰਾ ਕਾਲੇ ਹੋ ਜਾਂਦੇ ਹਨ, ਭਾਵ ਸਤਿਗੁਰਾਂ ਤੋਂ ਬੇਮੁਖ ਹੋਣ ਵਾਲੇ ਪ੍ਰਭੂ ਤੋਂ ਵਿਛੁੜੇ ਹੋਏ ਪਾਪਾਂ ਦੇ ਭਾਗੀ ਬਣਦੇ ਹਨ ਅਰਥਾਤ ਗੁਰੂ ਤੋਂ ਬੇਮੁਖਤਾ ਬਹੁਤ ਵੱਡਾ ਪਾਪ ਹੈ।

**ਅਨਦਿਨੁ ਦੁਖ ਕਮਾਵਦੇ ਨਿਤ ਜੋਹੇ ਜਮ ਜਾਲੇ॥**

ਉਹ ਅਨਿ ਦਿਨੁ=ਹਰ ਰੋਜ਼ ਦਿਨ ਰਾਤ ਦੁਖਦਾਇਕ ਕਰਮ ਹੀ ਕਮਾਵਦੇ=ਕਮਾਉਂਦੇ ਹਨ ਅਤੇ ਉਨ੍ਹਾਂ ਨੂੰ ਜਮ ਨਿਤ=ਹਰ ਰੋਜ਼ ਹੀ ਫਾਹੀ ਲੈ ਕੇ ਜੋਹੇ=ਦੇਖਦਾ ਅਰਥਾਤ ਭਾਲਦਾ ਹੈ, ਭਾਵ ਜਿਵੇਂ ਪੁਲਿਸ ਵਾਲੇ ਅਪਰਾਧੀ ਵਲ ਹਮੇਸ਼ਾ ਨਜ਼ਰ ਰਖਦੇ ਹਨ, ਉਵੇਂ ਜਮ ਉਨ੍ਹਾਂ ਨੂੰ ਹਰ ਰੋਜ਼ ਆਪਣੀ ਫਾਹੀ 'ਚ ਫਸਾਉਣ ਲਈ ਦੇਖਦਾ ਭਾਵ ਮੌਕਾ ਤਾੜ ਰਿਹਾ ਹੈ।

**ਸੁਪਨੈ ਸੁਖੁ ਨ ਦੇਖਨੀ ਬਹੁ ਚਿੰਤਾ ਪਰਜਾਲੇ॥**

ਉਹ ਕਦੇ ਸੁਪਨੇ ਵਿਚ ਵੀ ਸੁੱਖ ਨਹੀਂ ਦੇਖਦੇ, ਉਹ ਬਹੁਤ ਚਿੰਤਾ=ਬਹੁਤੀ ਚਿੰਤਾ 'ਚ ਪੈਣੇ ਕਰਕੇ ਚਿੰਤਾ ਰੂਪੀ ਅਗਨੀ ਵਿਚ ਪਰਜਾਲੇ=ਵਿਸ਼ੇਸ਼ ਕਰਕੇ ਸਾੜੇ ਜਾਂਦੇ ਹਨ।

**ਸਭਨਾ ਕਾ ਦਾਤਾ ਏਕੁ ਹੈ ਆਪੇ ਬਖਸ਼ ਕਰੇਇ॥**

ਹੇ ਭਾਈ! ਸਭਨਾ=ਸਾਰੇ ਜੀਵਾਂ ਕਾ=ਦਾ ਦਾਤਾ ਇਕੋ ਪ੍ਰਭੂ ਹੀ ਹੈ ਜੋ ਆਪ ਹੀ ਜੀਵਾਂ ਪਰ ਬਖਸ਼=ਬਖਸ਼ਿਸ਼ਾਂ ਕਰੇਇ=ਕਰਦਾ ਹੈ, ਭਾਵ ਸਤਿਸੰਗਤ ਨਾਲ ਮੇਲਣ ਆਦਿ ਦੀਆਂ ਨਾਮ ਤੇ ਸੇਵਾ ਦੀਆਂ ਬਖਸ਼ਿਸ਼ਾਂ ਕਰਦਾ ਹੈ, ਉਹੋ ਵੱਡਾ ਦਾਤਾ ਹੈ।

**ਕਹਣਾ ਕਿਛੂ ਨ ਜਾਵਈ ਜਿਸੁ ਭਾਵੈ ਤਿਸੁ ਦੇਇ॥**

ਉਸ ਪਰਮੇਸ਼ਰ ਤਾਂਈ ਕਿਛੂ=ਕੁਝ ਵੀ ਹੁਕਮ ਕਹਣਾ=ਕਹਿਆ ਨਹੀਂ ਜਾਵਈ=ਜਾਂਦਾ, ਜਿਸ ਦੀ ਉਸ ਨੂੰ ਸ਼ਰਧਾ, ਭਾਵਨਾ ਭਾਵੈ=ਭਾ ਜਾਂਦੀ ਹੈ, ਤਿਸੁ=ਉਸੇ ਨੂੰ ਹੀ ਨਾਮ, ਗਿਆਨ ਆਦਿ ਦੀਆਂ ਦਾਤਾਂ ਬਖਸ਼ ਦੇਇ=ਦਿੰਦਾ ਹੈ।

**ਨਾਨਕ ਗੁਰਮੁਖਿ ਪਾਈਐ ਆਪੇ ਜਾਣੈ ਸੋਇ॥**

ਸਤਿਗੁਰੂ ਜੀ ਫੁਰਮਾਉਂਦੇ ਹਨ ਕਿ ਗੁਰਮੁਖਾਂ ਦੀ ਸੰਗਤ ਕਰਕੇ ਵਾ: ਗੁਰਮੁਖ ਹੋ ਕੇ ਉਸ ਕੋਲੋਂ ਨਾਮ, ਗਿਆਨ ਪਾ ਲਈਦਾ ਹੈ ਅਤੇ ਸੋਇ=ਉਹ ਗੁਰਮੁਖ ਜਨਾਂ ਨੂੰ ਆਪ ਹੀ ਪਰਮੇਸ਼ਰ ਜਾਣਦਾ ਹੈ ਵਾ: ਉਹ ਗੁਰਮੁਖ ਜਨ ਉਹ ਪ੍ਰਭੂ ਦੇ ਸਰੂਪ ਨੂੰ ਆਪ ਵੀ ਜਾਣ ਲੈਂਦੇ ਹਨ।

**ਸਿਰੀਰਾਗੁ ਮਹਲਾ ੩**
**ਸਚਾ ਸਾਹਿਬੁ ਸੇਵੀਐ ਸਚੁ ਵਡਿਆਈ ਦੇਇ॥**

ਹੇ ਭਾਈ! ਜੋ ਸਚਾ ਸਾਹਿਬੁ=ਸਭ ਦਾ ਮਾਲਕ ਵਾਹਿਗੁਰੂ ਹੈ, ਉਸ ਨੂੰ ਭਗਤੀ ਦੁਆਰਾ ਸੇਵੀਏ। ਤਦ ਉਹ ਜੀਵਾਂ ਨੂੰ ਸੱਚੀ ਵਡਿਆਈ ਸ਼ੁਭ ਗੁਣਾਂ ਦੁਆਰਾ ਬਖਸ਼ ਦੇਇ=ਦਿੰਦਾ ਹੈ, ਜੋ ਕਦੇ ਜਾਂਦੀ ਨਹੀਂ।

**ਗੁਰ ਪਰਸਾਦੀ ਮਨਿ ਵਸੈ ਹਉਮੈ ਦੂਰਿ ਕਰੇਇ॥**

ਜਦੋਂ ਪਰਮੇਸ਼ਰ ਗੁਰਾਂ ਦੀ ਪਰਸਾਦੀ=ਕ੍ਰਿਪਾ ਦੁਆਰਾ ਗੁਰਮੁਖਾਂ ਦੇ ਮਨਿ ਵਸੈ=ਹਿਰਦੈ ਵਿਚ ਵਸ ਜਾਂਦਾ ਹੈ ਅਤੇ ਆਪਣੀ ਕ੍ਰਿਪਾ ਦੁਆਰਾ ਉਹ ਗੁਰਮੁਖਾਂ ਦੀ ਹਉਮੈ=ਹੰਗਤਾ ਦੂਰ ਕਰ ਦਿੰਦਾ ਹੈ, ਤਾਂ ਸੱਚੀ ਵਡਿਆਈ ਪ੍ਰਾਪਤ ਹੁੰਦੀ ਹੈ।

**ਇਹੁ ਮਨੁ ਧਾਵਤੁ ਤਾ ਰਹੈ ਜਾ ਆਪੇ ਨਦਰਿ ਕਰੇਇ॥**

ਹੇ ਭਾਈ! ਇਹ ਜੋ ਮਨ ਹਮੇਸ਼ਾ ਮਾਇਆ ਦੇ ਕਾਰਨ ਧਾਵਤੁ=ਦੌੜਦਾ ਫਿਰਦਾ ਹੈ, ਇਹ ਤਾ=ਤਦ ਹੀ ਇਸਥਿਤ ਰਹੈ=ਰਹਿ ਸਕਦਾ ਹੈ ਭਾਵ ਟਿਕ ਸਕਦਾ ਹੈ ਜਦੋਂ ਉਹ ਵਾਹਿਗੁਰੂ ਸਤਿਗੁਰਾਂ ਦੁਆਰਾ ਆਪ ਆਪਣੀ ਨਦਰਿ ਕਰੇਇ=ਕ੍ਰਿਪਾ ਦ੍ਰਿਸ਼ਟੀ ਕਰ ਦੇਵੇ।

**ਭਾਈ ਰੇ ਗੁਰਮੁਖਿ ਹਰਿ ਨਾਮੁ ਧਿਆਇ॥**

ਭਾਈ ਰੇ=ਹੇ ਭਾਈ! ਗੁਰਮੁਖਾਂ ਦੀ ਸੰਗਤ ਦੁਆਰਾ ਹਰਿ ਨਾਮੁ=ਪ੍ਰਭੂ ਦੇ ਨਾਮ ਨੂੰ ਧਿਆਇ=ਧਿਆਈਏ।

**ਨਾਮੁ ਨਿਧਾਨੁ ਸਦ ਮਨਿ ਵਸੈ**
**ਮਹਲੀ ਪਾਵੈ ਥਾਉ॥੧॥ਰਹਾਉ॥**

ਜਦੋਂ ਸਦ=ਹਰ ਵਕਤ ਨਾਮੁ ਨਿਧਾਨੁ=ਨਾਮ ਦਾ ਖਜ਼ਾਨਾ ਤੇਰੇ ਮਨਿ ਵਸੈ=ਮਨ ਵਿਚ ਵਸ ਜਾਵੇਗਾ, ਤਦ ਤੂੰ ਮਹਲੀ=ਸੱਚਖੰਡ ਰੂਪੀ ਮਹਿਲ ਵਾ: ਸਰੂਪ ਰੂਪੀ ਮਹਿਲ ਵਾ: ਤੁਰੀਆ ਪਦ ਰੂਪੀ ਥਾਉ=ਟਿਕਾਣੇ ਨੂੰ ਪਾ ਲਵੇਂਗਾ।

**ਮਨਮੁਖ ਮਨੁ ਤਨੁ ਅੰਧੁ ਹੈ ਤਿਸ ਨਉ ਠਉਰ ਨ ਠਾਉ॥**

ਹੇ ਭਾਈ! ਮਨਮੁਖ ਪੁਰਸ਼ ਵਿਸ਼ੇ-ਵਾਸ਼ਨਾ ਕਰਕੇ ਮਨ ਤੋਂ ਅਤੇ ਮੰਦ ਕਰਮਾਂ ਕਰਕੇ ਤਨ ਤੋਂ ਅੰਧਾ ਹੋ ਰਿਹਾ ਹੈ ਭਾਵ ਅਗਿਆਨੀ ਹੋ ਕੇ ਕਰਮ ਕਰ ਰਿਹਾ ਹੈ। ਉਸ ਦੇ ਨਉ=ਤਾਈਂ, ਨਾ ਹੀ ਇਸ ਲੋਕ 'ਚ ਠਉਰ=ਢੋਈ ਮਿਲਦੀ ਹੈ ਤੇ ਨਾ ਹੀ ਪਰਲੋਕ 'ਚ ਠਾਉ=ਟਿਕਾਣਾ ਮਿਲਦਾ ਹੈ ਵਾ: ਨਾ ਇਸ ਨੂੰ ਦੁਬਾਰਾ ਮਨੁੱਖਾ ਦੇਹ ਰੂਪੀ ਥਾਂ ਮਿਲਦੀ ਹੈ ਤੇ ਨਾ ਹੀ ਬੈਕੁੰਠ ਰੂਪੀ ਥਾਂ ਦੀ ਪ੍ਰਾਪਤੀ ਹੁੰਦੀ ਹੈ।

**ਬਹੁ ਜੋਨੀ ਭਉਦਾ ਫਿਰੈ ਜਿਉ ਸੁੰਞੈ ਘਰਿ ਕਾਉ॥**

ਫਿਰ ਉਹ ਬਹੁ ਜੋਨੀ=ਬਹੁਤੀਆਂ ਜੂਨੀਆਂ ਵਿਚ ਭਉਦਾ=ਭਟਕਦਾ ਫਿਰੈ=ਫਿਰਦਾ ਹੈ। ਜਿਵੇਂ ਸੁੰਞੈ=ਸੁੰਨੇ ਘਰ ਵਿਚ ਕਾਉ=ਕਾਂ ਕੁਰਲਾ ਕੇ ਦੁਖੀ ਹੋ ਕੇ ਚਲਿਆ ਜਾਂਦਾ ਹੈ, ਉਸ ਨੂੰ ਕੁਝ ਹਾਸਲ ਨਹੀਂ ਹੁੰਦਾ, ਉਵੇਂ ਉਹ ਮਨਮੁਖ ਪੁਰਸ਼ ਸਰੀਰ ਰੂਪੀ ਸੁੰਞੈ ਘਰ 'ਚ ਦੁਖੀ ਹੁੰਦਾ ਹੋਇਆ ਕੁਰਲਾ ਕੇ ਚਲਾ ਜਾਂਦਾ ਹੈ ਭਾਵ ਸੇਵਾ ਸਿਮਰਨ ਜੈਸੇ ਪਦਾਰਥਾਂ ਤੋਂ ਖਾਲੀ ਚਲਾ ਜਾਂਦਾ ਹੈ।

**ਗੁਰਮਤੀ ਘਟਿ ਚਾਨਣਾ ਸਬਦਿ ਮਿਲੈ ਹਰਿ ਨਾਉ॥੨॥**

ਜਿਨ੍ਹਾਂ ਦੇ ਹਿਰਦਿਆਂ 'ਚ (ਗੁਰ+ਮਤੀ) ਗੁਰ=ਗੁਰੂ ਦੀ ਮਤੀ=ਸਿੱਖਿਆ ਵਸੀ ਹੈ, ਉਨ੍ਹਾਂ ਦੇ ਹਿਰਦਿਆਂ 'ਚ ਗਿਆਨੀ ਰੂਪੀ ਚਾਨਣਾ=ਪ੍ਰਕਾਸ਼ ਹੋ ਜਾਂਦਾ ਹੈ। ਉਹ ਗੁਰਾਂ ਦੇ ਸ਼ਬਦ ਨਾਲ ਮਿਲੇ ਹਨ ਤੇ ਜਿਸ ਦਾ ਸਦਕਾ ਉਹਨਾਂ ਨੂੰ ਪ੍ਰਭੂ ਦਾ ਨਾਮ ਪ੍ਰਾਪਤ ਹੁੰਦਾ ਹੈ ਵਾ: ਉਹ ਹਰਿ=ਪ੍ਰਭੂ ਦੇ ਨਾਮ ਕਰਕੇ ਸ਼ਬਦ ਦੁਆਰਾ ਬ੍ਰਹਮ 'ਚ ਅਭੇਦ ਹੋ ਜਾਂਦੇ ਹਨ।

**ਤ੍ਰੈ ਗੁਣ ਬਿਖਿਆ ਅੰਧੁ ਹੈ ਮਾਇਆ ਮੋਹ ਗੁਬਾਰ॥**

ਹੇ ਭਾਈ! ਇਹ ਜੋ ਤ੍ਰੈ ਗੁਣ=ਤਿੰਨਾਂ ਗੁਣਾਂ (ਰਜੋ, ਤਮੋ, ਗੁਣ) ਵਾਲੀ ਬਿਖਿਆ ਰੂਪੀ ਮਾਇਆ ਹੈ, ਅਗਿਆਨੀ ਜੀਵ ਇਸ ਦੇ ਮੋਹ 'ਚ ਫਸ ਕੇ ਅੰਧੇ ਹੋ ਰਹੇ ਹਨ ਭਾਵ ਕੋਈ ਧਨ ਦੇ ਲੋਭ 'ਚ ਫਸਿਆ ਹੈ, ਕੋਈ ਪਦਾਰਥਾਂ ਦੇ ਸੁੱਖਾਂ ਦੀ ਇੱਛਾ 'ਚ ਤੇ ਕੋਈ ਆਪਣੇ ਚੇਲੇ ਬਣਾ ਕੇ ਪ੍ਰਸੰਸਾ ਦੀ ਭੁੱਖ ਦੀ ਪੂਰਤੀ 'ਚ ਲੱਗਾ ਹੋਇਆ ਹੈ। ਸਾਰਿਆਂ ਨੂੰ ਹੀ ਕਿਸੇ ਨਾ ਕਿਸੇ ਰੂਪ 'ਚ ਮਾਇਆ ਵਿਆਪ ਰਹੀ ਹੈ। ਇਹ ਮਾਇਆ ਦਾ

*(ਬਾਕੀ ਪੰਨਾ 55 ਤੇ)*

# ਵਾਰਾਂ ਭਾਈ ਗੁਰਦਾਸ
# ਸਟੀਕ

*ਡਾ. ਭਾਈ ਵੀਰ ਸਿੰਘ*

ਵਾਰ ੧

## 17. ਪਉੜੀ (ਜੁਗ ਗਰਦੀ)

ਜੁਗ ਗਰਦੀ ਜਬ ਹੋਵਹੇ ਉਲਟੇ ਜੁਗੁ ਕਿਆ ਹੋਇ ਵਰਤਾਰਾ।
ਉਠੇ ਗਿਲਾਨਿ ਜਗਤਿ ਵਿਚਿ ਵਰਤੇ ਪਾਪ ਭ੍ਰਿਸਟਿ ਸੰਸਾਰਾ।
ਵਰਨਾਵਰਨ ਨ ਭਾਵਨੀ ਖਹਿ ਖਹਿ ਜਲਨ ਬਾਂਸ ਅੰਗਿਆਰਾ।
ਨਿੰਦਿਆ ਚਲੇ ਵੇਦ ਕੀ ਸਮਝਨਿ ਨਹਿ ਅਗਿਆਨਿ ਗੁਬਾਰਾ।
ਬੇਦ ਗਿਰੰਥ ਗੁਰ ਹਰਿ ਹੈ ਜਿਸੁ ਲਗਿ ਭਵਜਲ ਪਾਰਿ ਉਤਾਰਾ।
ਸਤਿਗੁਰ ਬਾਝੁ ਨ ਬੁਝੀਐ ਜਿਚਰੁ ਧਰੇ ਨ ਪ੍ਰਭੁ ਅਵਤਾਰਾ।
ਗੁਰ ਪਰਮੇਸਰੁ ਇਕੁ ਹੈ ਸਚਾ ਸਾਹੁ ਜਗਤੁ ਵਣਜਾਰਾ।
ਚੜੇ ਸੂਰ ਮਿਟਿ ਜਾਇ ਅੰਧਾਰਾ।

ਜੁਗਾਂ ਦੀ ਬਦਲੀ ਜਦ ਹੋਣ ਲਗਦੀ ਹੈ, (ਤਦ) ਜੁਗ ਪਲਟ ਜਾਂਦਾ ਹੈ (ਫੇਰ) ਵਰਤਾਰਾ ਕੀ ਹੁੰਦਾ ਹੈ? (ਉਤਰ ਅੱਗੇ ਦਿੰਦੇ ਹਨ) ਜਗਤ ਵਿਖੇ (ਗਿਲਾਨੀ) ਵੈਰ ਭਾਵ ਹੋ ਜਾਂਦਾ ਹੈ, ਪਾਪ ਵਰਤ ਜਾਂਦਾ ਹੈ ਤੇ ਸੰਸਾਰ ਭ੍ਰਿਸ਼ਟਾਚਾਰੀ ਹੋ ਜਾਂਦਾ ਹੈ। ਇਕ ਵਰਣ ਨੂੰ ਦੂਜਾ ਵਰਣ ਚੰਗਾ ਨਹੀਂ ਲਗਦਾ, ਬਾਂਸਾਂ ਦੀ ਅੱਗ ਵਾਂਗੂੰ (ਲੋਕ) ਖਹਿ ਖਹਿ ਸੜ ਮਰਦੇ ਹਨ। ਪਰਮੇਸੁਰ ਦੇ ਗਿਆਨ ਦੀ ਲੋਕ ਨਿੰਦਾ ਕਰਦੇ ਹਨ, ਅਗਿਆਨ ਦੇ 'ਗੁਬਾਰ' (ਹਨੇਰ) ਵਿਖੇ (ਕਿਸੇ ਨੂੰ ਕੋਈ) ਨਹੀਂ ਸਮਝਦਾ। ਬੇਦ (ਕੀ ਹੈ?) ਗੁਰੂ ਹੱਟੀ ਦਾ ਗ੍ਰੰਥ ਹੈ (ਗੁਰੂ ਦੇ ਉਪਦੇਸ਼ ਜਿਸ ਵਿਚ ਲਿਖੇ ਹੋਣ ਉਹੀ ਵੇਦ ਹੈ), ਜਿਸ ਦੇ ਆਸਰੇ ਭਵਜਲ ਪਾਰ ਹੋ ਸਕੀਦਾ ਹੈ। ਸੱਚੇ ਗੁਰੂ ਦੇ ਬਾਝ ਸਮਝ ਹੀ ਨਹੀਂ ਪੈਂਦੀ (ਤੇ ਗੁਰੂ ਨਹੀਂ ਲੱਭਦਾ) ਜਦ ਤਕ (ਕਿ ਆਪ) ਗੁਰੂ ਅਵਤਾਰ ਨਾ ਧਰੇ। ਗੁਰੂ ਪਰਮੇਸੁਰ ਇਕ ਹੀ ਰੂਪ ਹੈ, (ਗੁਰੂ ਹੀ) ਸੱਚਾ ਸ਼ਾਹ ਹੈ ਤੇ ਜਗਤ ਵਣਜਾਰਾ ਹੈ। (ਜਿੱਕੁਰ) ਸੂਰਜ ਉਦਯ ਹੋਵੇ ਤਾਂ ਹਨੇਰਾ ਮਿਟ ਜਾਂਦਾ ਹੈ, (ਤਿਵੇਂ ਗੁਰੂ ਦੇ ਪ੍ਰਗਟਿਆਂ ਅਗਿਆਨ ਦਾ ਹਨ੍ਹੇਰਾ ਮਿਟ ਜਾਂਦਾ ਹੈ)

## 18. (ਬੌਧ ਮਤ)

ਕਲਿਜੁਗਿ ਬੌਧੁ ਅਉਤਾਰ ਹੈ ਬੋਧ ਅਬੋਧੁ ਨ ਦ੍ਰਿਸਟੀ ਆਵੈ।
ਕੋਇ ਨ ਕਿਸੈ ਵਰਜਈ ਸੋਈ ਕਰੇ ਜੋਈ ਮਨਿ ਭਾਵੈ।
ਕਿਸੇ ਪੂਜਾਈ ਸਿਲਾ ਸੁੰਨਿ ਕੋਈ ਗੋਰੀ ਮੜੀ ਪੁਜਾਵੈ।
ਤੰਤ੍ਰ ਮੰਤ੍ਰ ਪਾਖੰਡ ਕਰਿ ਕਲਹਿ ਕ੍ਰੋਧੁ ਬਹੁ ਵਾਦਿ ਵਧਾਵੈ।
ਆਪੇ ਧਾਪੀ ਹੋਇਕੈ ਨਿਆਰੇ ਨਿਆਰੇ ਧਰਮ ਚਲਾਵੇ।
ਕੋਈ ਪੂਜੈ ਚੰਦੁ ਸੂਰੁ ਕੋਈ ਧਰਤਿ ਅਕਾਸੁ ਮਨਾਵੈ।
ਪਉਣੁ ਪਾਣੀ ਬੈਸੰਤਰੋ ਧਰਮਰਾਜ ਕੋਈ ਤ੍ਰਿਪਤਾਵੇ।
ਫੋਕਟਿ ਧਰਮੀ ਭਰਮਿ ਭੁਲਾਵੈ।

ਕਲਿਜੁਗ (ਵਿਖੇ) ਬੌਧ ਅਵਤਾਰ ਹੋਇਆ ਪਰ ਗਿਆਨ ਅਗਿਆਨ (ਤੋਂ ਨਿਰਮੁ ਹੋਇਆ ਕਿਤੇ) ਨਹੀਂ ਦਿਸਦਾ। ਕੋਈ ਕਿਸੇ ਨੂੰ ਮਨ੍ਹੇ ਨਹੀਂ ਕਰਦਾ (ਤੇ ਹਰ ਕੋਈ ਉਹੋ ਕਰਦਾ ਹੈ ਜੋ ਮਨ ਨੂੰ ਚੰਗਾ ਲੱਗੇ, (ਭਾਵ ਗਿਆਨਵਾਨ ਤਾਂ ਰਜ਼ਾ ਤੇ ਚਲਦੇ ਹਨ, ਤੇ ਇਹ ਲੋਕ ਮਨ ਦੀ ਮਤ ਦੇ ਮਗਰ ਤੁਰਦੇ ਹਨ)। ਕਿਸੇ ਨੇ ਜੜ੍ਹ ਸ਼ਿਲਾ ਪੁਜਾਈ,

ਕਿਸੀ ਕਬਰ ਤੇ ਮੜ੍ਹੀ (ਆਪਣੀ) ਪੁਜਾਈ। (ਬੁੱਧ ਜੀ ਦੀਆਂ ਮੂਰਤਾਂ, ਦੰਦ, ਮਠ ਆਦਿ ਪੂਜੇ ਜਾਂਦੇ ਹਨ) (ਕਈ) ਮੰਤ੍ਰ ਤਵੀਤ ਤੇ ਪਖੰਡ ਕਰਨ ਲੱਗੇ; ਝਗੜਾ ਗੁੱਸਾ, ਤੇ ਵਿਤੰਡਾਵਾਦ ਵਧ ਗਿਆ (ਬੋਧੀ ਲੋਗ ਐਸੇ ਵਹਿਮਾਂ ਵਿਚ ਹੁਣ ਵੀ ਪ੍ਰਵਿਰਤ ਹਨ) ਆਪੋ ਧਾਪੀ ਹੋ ਕੇ ਅੱਡੋ ਅੱਡ ਧਰਮ ਤੋਰੇ ਜਾ ਰਹੇ ਹਨ (ਬੋਧ ਤੋਂ ਛੁਟ ਅਨੇਕਾਂ ਮਤ ਜਾਰੀ ਹਨ। ਕੋਈ ਚੰਦਰਮਾ ਕੋਈ ਸੂਰਜ ਹੀ ਪੂਜਣ ਲਗ ਪਿਆ, ਕੋਈ ਧਰਤੀ ਤੇ ਅਕਾਸ਼ (ਸੰਬੰਧੀ ਦੇਵਤੇ) ਮਨਾਉਣ ਲਈ (ਦਿੱਤ ਨਾਥ, ਅਦਿੱਤ ਨਾਥ, ਸੰਭਵ ਨਾਥ, ਪਾਰਸ ਤੇ ਅਰਹੰਤ ਆਦਿ ਚੌਵੀ ਅਵਤਾਰ ਹੋਰ ਮੰਨੇ ਗਏ)। ਪਉਣ, ਪਾਣੀ, ਅੱਗ ਨੂੰ ਤੇ ਕੋਈ ਧਰਮਰਾਜ ਨੂੰ ਹੀ ਪ੍ਰਸੰਨ ਕਰਨ ਲੱਗਾ। ਫੋਕੇ ਧਰਮੀ ਭਰਮ ਵਿਚ ਹੀ ਭੁੱਲ ਗਏ।

ਭਾਵ - ਬੋਧ ਤੇ ਬੁਧਪ੍ਰਸਤ ਮਨਮਤੀ ਮਤਾਂ ਬਾਬਤ ਕਹਿੰਦੇ ਹਨ ਕਿ ਵਾਹਿਗੁਰੂ ਨੂੰ ਨਹੀਂ ਮੰਨਦੇ, ਇਸ ਕਰਕੇ ਬੋਧ ਕਾਹਦਾ, ਉਹ ਤਾਂ ਅਬੋਧ ਹੋਯਾ। ਫੇਰ ਜੋ ਪੱਥਰ ਪੂਜਾ ਦੇ ਐਬ ਹਨ ਸਾਰੇ ਬੋਧੀ ਕਰਦੇ ਹਨ। ਇਤਰ ਮਤ ਜੋ ਸੂਰਜ ਆਦਿ ਪੂਜਣ ਵਾਲੇ ਹਨ ਇਹ ਸਭ ਫੋਕਟ ਧਰਮ ਹਨ। ਭਾਈ ਸਾਹਿਬ ਜੀ ਗਿਲਾਨਿ ਦਾ ਰੂਪ ਦਿਖਾ ਰਹੇ ਹਨ। ਪਹਿਲੇ ਉਹ ਮਤ ਦੱਸੇ ਹਨ ਜੋ ਵਾਹਿਗੁਰੂ ਤੋਂ ਨਾਸਤਕ ਯਾ ਜੜ੍ਹ ਪੂਜਯ ਹਨ, ਹੁਣ ਅੱਗੇ ਹੋਰਨਾਂ ਦਾ ਕਥਨ ਕਰਦੇ ਹਨ।

## 19. ਭਿੱਖੂ (ਨਿਰਣਯ)

ਭਈ ਗਿਲਾਨਿ ਜਗਤ ਵਿਚਿ ਚਾਰਿ ਵਰਨ ਆਸ੍ਰਮ ਉਪਾਏ।
ਦਸ ਨਾਮਿ ਸੰਨਿਆਸੀਆਂ ਜੋਗੀ ਬਾਰਹ ਪੰਥਿ ਚਲਾਏ।
ਜੰਗਮ ਅਤੇ ਸਰੇਵੜੇ ਦਗੇ ਦਗੰਬਰਿ ਵਾਦਿ ਕਰਾਏ।
ਬ੍ਰਹਮਣਿ ਬਹੁ ਪਰਕਾਰਿ ਕਰਿ ਸਾਸਤ੍ਰਿ ਵੇਦ ਪੁਰਾਣਿ ਲੜਾਏ।
ਖਟਿ ਦਰਸਨ ਬਹੁ ਵੈਰਿ ਕਰਿ ਨਾਲਿ ਛਤੀਸਿ ਪਖੰਡ ਰਲਾਏ।
ਤੰਤ ਮੰਤ ਰਾਸਾਇਣਾ ਕਰਾਮਤਿ ਕਾਲਖਿ ਲਪਟਾਏ।
ਇਕਸਿ ਤੇ ਬਹੁ ਰੂਪਿ ਕਰਿ ਰੂਪ ਕੁਰੂਪੀ ਘਣੇ ਦਿਖਾਏ।
ਕਲਿਜੁਗਿ ਅੰਦਰਿ ਭਰਮਿ ਭੁਲਾਏ।

ਜਗਤ ਵਿਖੇ (ਵਡੀ) ਗਿਲਾਨੀ ਉੱਠੀ, (ਇਕ ਦੂਜੇ ਤੋਂ ਨੱਕ ਵੱਟਣ ਲੱਗੇ) ਚਾਰ ਵਰਣ (ਖੱਤਰੀ, ਬ੍ਰਾਹਮਣ, ਵੈਸ਼, ਸ਼ੂਦਰ) ਤੇ ਚਾਰ ਆਸ਼੍ਰਮ (ਗ੍ਰਿਹਸਤੀ ਬਾਨਪ੍ਰਸਤੀ, ਬ੍ਰਹਮਚਾਰੀ, ਸੰਨਿਆਸੀ) ਉਤਪਤ ਹੋ ਗਏ। ਸੰਨਿਆਸੀਆਂ ਨੇ ਦਸ ਨਾਮ (ਗਿਰੀ, ਪੁਰੀ, ਭਾਰਤੀ, ਸੁਰੱਸਤੀ, ਦੰਡੀ, ਆਰਣਯ ਆਦਿ) ਤੇ ਜੋਗੀਆਂ ਨੇ ਬਾਰਾਂ ਪੰਥ ਚਲਾ ਦਿਤੇ। ਜੰਗਮ, ਸਰੇਵੜੇ, ਤੇ ਦਿਗੰਬਰ (ਜੈਨੀਆਂ) ਨੇ (ਦਗੇ) ਦੰਗੇ ਤੇ ਵਾਦ ਰਚਾ ਦਿਤੇ। ਬ੍ਰਾਹਮਣਾਂ ਨੇ ਬਹੁਤ ਪ੍ਰਕਾਰ ਕਰਕੇ ਸ਼ਾਸਤ੍ਰ ਵੇਦ ਪੁਰਾਣ (ਆਪੋ ਵਿਚ) ਲੜਾਏ (ਭਾਵ ਚਰਚਾਵਾਦ ਕਰਕੇ ਦੱਸਣ ਲੱਗੇ, ਸਾਰਗ੍ਰਾਹੀ ਨਾ ਰਹੇ) ਛੀ ਸ਼ਾਸਤ੍ਰ (ਨਯਾਇ ਵੇਦਾਂਤ ਆਦਿ) ਦਾ (ਆਪੋ ਵਿਚ) ਵਿਵਾਦ ਛਿੜਿਆ ਤੇ ਨਾ (ਛਤੀ) ਨਾਨਾ ਪ੍ਰਕਾਰ ਦੇ ਪਖੰਡ ਰਲਾ ਦਿਤੇ। ਤਵੀਤ ਧਾਗੇ, ਮੰਤਰ ਰਸੈਣਾਂ ਤੇ ਕਰਾਮਾਤਾਂ ਦੀ 'ਕਾਲਖ' ਨਾਲ ਲਿਬੜ ਗਏ। ਇਕ (ਰੂਪ ਤੋਂ) ਬਾਹਲੇ ਰੂਪ ਬਣਾ ਕੇ ਭਲੇ ਬੁਰੇ ਰੂਪ ਦੱਸੇ (ਭਾਵ ਰਾਸਾਂ ਆਦਿ ਪਾਉਣ ਲੱਗੇ) (ਗੱਲ ਕੀ) ਕਲਜੁਗ ਵਿਖੇ (ਲੋਕ) ਭਰਮਾਂ ਵਿਚ ਭੁੱਲ ਗਏ।

ਭਾਵਾਰਥ - ਇਸ ਵਿਚ ਹਿੰਦੂਆਂ ਤੇ ਜੈਨੀਆਂ ਦੇ ਮਤਿ ਮਤਾਂਤਰਾਂ ਦੇ ਝਗੜੇ ਬਖੇੜਿਆਂ ਦਾ ਵਰਣਨ ਕਰਕੇ ਭਾਈ ਸਾਹਿਬ ਜੀ ਨੇ ਗਿਲਾਨ ਦਾ ਇਕ ਹੋਰ ਸਰੂਪ ਦੱਸਿਆ ਹੈ ਕਿ ਵਾਹਿਗੁਰੂ ਸਿਮਰਨ, ਸਦਾਚਾਰ ਤੇ ਪ੍ਰੇਮਾ ਭਗਤੀ ਦੀ ਥਾਂ ਮਤ ਭੇਦ ਤੇ ਕਲ੍ਹਾਵਾਦਾਂ ਨੇ ਮੱਲ ਲਈ। ਅੱਗੇ ਹੋਰ ਗਿਲਾਨੀ ਦਾ ਰੂਪ ਦਸਦੇ ਹਨ -

*'ਚਲਦਾ........................।'*

# ਸੁਆਮੀ ਰਾਮ ਜੀ ਦੇ ਪ੍ਰੇਰਨਾਤਮਕ ਵਿਚਾਰ
## (Inspired Thoughts of Swami Ram)

*ਡਾ. ਸਵਾਮੀ ਰਾਮ ਜੀ*
*ਅਨੁਵਾਦਕ ਡਾ. ਤੇਜਿੰਦਰ ਮਲਹੋਤਰਾ*

*(ਲੜੀ ਜੋੜਨ ਲਈ ਦੇਖੋ, ਮਈ ਅੰਕ, ਪੰਨਾ-54)*

## ਮੰਤਰ, ਸ਼ਾਂਤ ਹੋਣ ਦਾ ਮਾਰਗ

ਤੁਹਾਨੂੰ ਇਹੋ ਜਿਹੇ ਹਾਲਾਤ ਬਨਾਉਣੇ ਚਾਹੀਦੇ ਹਨ ਜਿਹਨਾਂ ਨਾਲ ਮਨ ਸ਼ਾਂਤ ਹੋ ਜਾਏ, ਸ਼ਾਂਤ ਰਹੇ। ਸ਼ਾਂਤ ਤੋਂ ਭਾਵ ਹੈ ਕੋਈ ਇੱਛਾ ਨਾ ਰਹੇ। ਵਾਸਤਵ ਵਿਚ ਤੁਹਾਨੂੰ ਹਰ ਚਿੰਤਾ ਨੂੰ ਨਾਂਹ ਕਰਨੀ ਸਿਖਣੀ ਚਾਹੀਦੀ ਹੈ, ਸਾਰੀਆਂ ਇੱਛਾਵਾਂ ਨੂੰ ਨਾਹ ਕਰਨੀ, ਸਾਰੀਆਂ ਕਮਜ਼ੋਰੀਆਂ, ਸਾਰੇ ਲੋਭ ਲਾਲਚ ਨੂੰ ਨਾਹ ਕਰਨੀ ਚਾਹੀਦੀ ਹੈ। ਕਹਿਣਾ ਚਾਹੀਦਾ ਹੈ, ਹਾਲੇ ਮੈਨੂੰ ਛੱਡੋ, ਮੈਂ ਬਾਅਦ ਵਿਚ ਤੁਹਾਨੂੰ ਦੇਖਾਂਗਾ। ਮੈਡੀਟੇਸ਼ਨ ਕਰਨ ਤੋਂ ਪਹਿਲਾਂ ਇਹ ਦ੍ਰਿੜ੍ਹਤਾ ਹੋਣੀ ਜ਼ਰੂਰੀ ਹੈ। ਜੇਕਰ ਇਸ ਤਰ੍ਹਾਂ ਨਹੀਂ ਕਰੋਗੇ ਤਾਂ ਜਦੋਂ ਤੁਸੀਂ ਮੈਡੀਟੇਸ਼ਨ ਲਈ ਬੈਠੋਗੇ ਤਾਂ ਸਾਰੀਆਂ ਇੱਛਾਵਾਂ ਇਹ ਸਭ ਕੁਝ ਤੁਹਾਡੇ ਮਨ ਨੂੰ ਘੇਰ ਲੈਣਗੇ। ਸਹਿਜ ਵਿਚ ਵੈਸੇ ਤੁਸੀਂ ਖੁਸ਼ ਹੋ, ਠੀਕ ਹੋ, ਪਰ ਜਦੋਂ ਤੁਸੀਂ ਮੈਡੀਟੇਸ਼ਨ ਲਈ ਬੈਠੋਗੇ, ਉਦੋਂ ਤੁਹਾਨੂੰ ਉਹ ਸਾਰੀਆਂ ਗੱਲਾਂ ਯਾਦ ਆ ਜਾਣਗੀਆਂ ਜਿਹੜੀਆਂ ਤੁਸੀਂ ਕਰਨੀਆਂ ਸੀ, ਕੰਮ ਜਿਹੜੇ ਕਰਨੇ ਸੀ।

ਇਹ ਇਸ ਕਰਕੇ ਹੁੰਦਾ ਹੈ ਕਿਉਂਕਿ ਹੁਣ ਤੁਸੀਂ ਆਪਣੀ ਯਾਦਾਸ਼ਤ ਆਪਣੇ ਆਪ ਦੇ ਨੇੜੇ ਹੋ ਕੇ ਦੇਖ ਰਹੇ ਹੋ। ਪਰ ਜੇ ਤੁਸੀਂ ਚੁਪ ਕਰਕੇ ਬੈਠ ਜਾਓ, ਆਪਣਾ ਮੰਤਰ ਕਰਦੇ ਰਹੋ, ਤੁਸੀਂ ਦੇਖੋਗੇ, ਤੁਸੀਂ ਮਨ ਨੂੰ ਰੁਝਿਆ ਰਖ ਸਕਦੇ ਹੋ। ਇਸ ਰੁਝੇਵੇਂ ਵਿਚ ਹੀ ਤੁਸੀਂ ਸ਼ਾਂਤ ਹੋ ਜਾਓਗੇ, ਭਾਵੇਂ ਤੁਸੀਂ ਚੇਤਨਤਾ ਪਖੋਂ ਸ਼ਾਂਤ ਮਹਿਸੂਸ ਨਾ ਕਰੋ। ਮੰਤਰ ਕਰਨ ਨਾਲ ਤੁਸੀਂ ਅਰਧ ਚੇਤਨ ਮਨ ਤੇ ਸ਼ਾਂਤੀ ਮਹਿਸੂਸ ਕਰੋਗੇ। ਕਿਉਂਕਿ ਤੁਸੀਂ ਲਗਾਤਾਰ ਅਰਧ ਚੇਤਨ ਮਨ ਤੇ ਮੰਤਰ ਦਾ ਪ੍ਰਭਾਵ ਪਾਈ ਜਾ ਰਹੇ ਹੋ। ਇਸ ਤਰ੍ਹਾਂ ਕਰਨ ਨਾਲ, ਮੰਤਰ ਜਪਣ ਨਾਲ ਮੰਤਰ ਨੂੰ ਸ਼ਕਤੀਸ਼ਾਲ ਕਰਨ ਨਾਲ, ਤੁਸੀਂ ਮਨ ਨੂੰ ਸ਼ਕਤੀਸ਼ਾਲ ਕਰ ਰਹੇ ਹੋ। ਮਨ ਨੂੰ ਤਿਆਰ ਕਰ ਰਹੇ ਹੋ। ਜਦੋਂ ਤੁਹਾਨੂੰ ਲੋੜ ਪਵੇ, ਮਨ ਤੁਹਾਡੀ ਸਹਾਇਤਾ ਕਰ ਸਕੇ। ਇਹ ਸਭ ਤੋਂ ਜ਼ਰੂਰੀ ਚੀਜ਼ ਜਿਹੜੀ ਤੁਹਾਡੇ ਕੋਲ ਹੈ, ਤੁਹਾਡੇ ਅੰਦਰ ਹੈ, ਇਹ ਕੋਲ ਉਦੋਂ ਹੀ ਆਏਗੀ ਜਦੋਂ ਤੁਸੀਂ ਇਕੱਲੇ ਹੋਵੋਗੇ, ਇਹ ਸਾਡਾ ਸਭ ਤੋਂ ਉਤਮ ਮਿੱਤਰ ਹੈ, ਦੋਸਤ ਹੈ।

ਮੰਤਰ ਬਿਲਕੁਲ ਉਸ ਇਸਤ੍ਰੀ ਦੀ ਤਰ੍ਹਾਂ ਹੈ ਜਿਹੜੀ ਪੜਦਾ ਕਰਕੇ ਰਖਦੀ ਹੈ? ਇਸਤ੍ਰੀ ਪੜਦਾ ਕਿਉਂ ਕਰਕੇ ਰਖਦੀ ਹੈ। ਉਹ ਇਸ ਕਰਕੇ ਪੜਦਾ ਕਰਕੇ ਰਖਦੀ ਹੈ ਕਿਉਂਕਿ ਉਹ ਨਹੀਂ ਚਾਹੁੰਦੀ ਕਿ ਸਾਰੇ ਲੋਕ ਉਸ ਨੂੰ ਦੇਖਣ। ਉਹ ਚਾਹੁੰਦੀ ਹੈ ਕੇਵਲ ਉਸ ਦਾ ਪਿਆਰਾ ਹੀ ਉਸ ਨੂੰ ਦੇਖੇ। ਮੰਤਰ ਬਿਲਕੁਲ ਇਸ ਤਰ੍ਹਾਂ ਹੀ ਹੈ, ਜਿਹੜੇ ਨਹੀਂ ਜਾਣਦੇ ਉਹਨਾਂ ਲਈ ਮੰਤਰ ਬਿਲਕੁਲ ਬੇਅਰਥ ਹੈ, ਮੰਤਰ ਦੂਸਰਿਆਂ ਲਈ ਹੈ ਹੀ ਨਹੀਂ, ਤੁਹਾਡਾ ਮੰਤਰ ਕੇਵਲ ਤੁਹਾਡੇ ਲਈ ਹੀ ਹੈ। ਜਿਸ ਨੂੰ ਮੰਤਰ ਦਿਤਾ ਜਾਵੇ ਉਸ ਲਈ ਉਹ ਅਤਿ ਸ਼ਕਤੀਸ਼ਾਲ ਹੈ। ਸੋ ਪੜਦਾ ਦੂਸਰਿਆ ਲਈ ਹੈ, ਤੁਹਾਡੇ ਲਈ ਨਹੀਂ, ਵਾਸਤਵ ਵਿਚ ਤੁਹਾਨੂੰ ਮੰਤਰ ਦਾ ਜਾਪ ਸਮੇਂ ਕਰਕੇ ਮੰਤਰ ਨੂੰ ਸਿੱਧ ਕਰਕੇ ਉਸ ਦਾ ਪੜਦਾ ਹਟਾ ਦੇਣਾ ਚਾਹੀਦਾ ਹੈ। ਮੰਤਰ ਦਾ ਜਾਪ ਐਨਾ ਕਰੋ ਕਿ ਤੁਹਾਨੂੰ, ਜੀਵਨ ਦੀ ਡੂੰਘਾਈ, ਆਤਮ ਮਾਰਗ ਦੀ ਡੂੰਘਾਈ ਤਕ ਲੈ ਜਾਏ। ਪਹਿਲੇ ਮੰਤਰ ਜੀਭ ਨਾਲ ਕਰੋ, ਫੇਰ ਮੰਤਰ ਸੁਆਸਾਂ ਨਾਲ ਕਰੋ। ਫੇਰ ਮਨ ਵਿਚ ਕਰੋ। ਉਸ ਤੋਂ ਉਪਰੰਤ ਤੁਹਾਡਾ ਸਾਰਾ ਸਰੀਰ ਮੰਤਰ ਸੁਣੇ। ਇਸ ਤਰ੍ਹਾਂ ਸੁਣੋ ਜਿਵੇਂ ਤੁਹਾਡਾ ਸਾਰਾ ਸਰੀਰ ਹੀ ਕੰਨ ਹਨ, ਤੁਹਾਡੇ ਸਾਰੇ ਅੰਗ ਮੰਤਰ ਸੁਨਣ, ਸੁਣ ਰਹੇ ਹਨ। ਇਹ ਅਵਸਥਾ ਵੀ ਕੋਈ ਬਹੁਤ ਉਚੀ ਅਵਸਥਾ ਨਹੀਂ ਮੰਨੀ ਜਾਂਦੀ। ਸਭ ਤੋਂ ਉਚੀ ਅਵਸਥਾ ਹੈ ਜਦੋਂ ਮੰਤਰ ਮਨ ਵਿਚ ਰਚ ਜਾਏ, ਲੀਨ ਹੋ ਜਾਏ, ਅੰਤ ਵਿਚ ਮੰਤਰ ਅਨੰਦ ਦਾ ਸਾਗਰ ਬਣ ਜਾਂਦਾ ਹੈ। ਮਨ ਕੇਵਲ ਮੰਤਰ ਵਿਚ ਹੀ ਰਚਿਆ ਰਹਿੰਦਾ ਹੈ, ਮੰਤਰ ਵਿਚ ਹੀ ਸਮਾਇਆ ਰਹਿੰਦਾ ਹੈ।

ਸ਼ੁਰੂ-ਸ਼ੁਰੂ ਵਿਚ ਤੁਸੀਂ ਮੰਤਰ ਭੁੱਲ ਜਾਂਦੇ ਹੋ, ਮਨ ਕਿਥੇ ਹੋਰ ਭਟਕ ਜਾਂਦਾ ਹੈ। ਪਰ ਜਦੋਂ ਮੰਤਰ ਪਰਪੱਕ ਹੋ ਜਾਂਦਾ ਹੈ। ਜਦੋਂ ਤੁਹਾਨੂੰ ਮੰਤਰ ਦੀ ਝਰਨਾਹਟ ਪਹੁੰਚਣ ਲਗ ਪੈਂਦੀ ਹੈ, ਤੁਹਾਨੂੰ ਅੰਦਰ ਮਹਿਸੂਸ ਹੋਣ ਲਗ ਪੈਂਦਾ ਹੈ, ਤੁਹਾਨੂੰ ਮੰਤਰ ਦਾ ਪ੍ਰਭਾਵ, ਅਸਰ ਮਹਿਸੂਸ ਹੋਣ ਲਗ ਪੈਂਦਾ ਹੈ। ਤੁਹਾਡੀ ਸਾਰੀ ਹੋਂਦ ਮੰਤਰ ਵਿਚ ਸਮਾ ਜਾਂਦੀ ਹੈ। ਤੁਸੀਂ ਬਿਲਕੁਲ ਬਦਲੇ ਰੂਪ ਵਿਚ, ਪਰਿਵਤਨ ਹੋ ਜਾਂਦੇ ਹੋ। ਫੇਰ ਤੁਹਾਨੂੰ ਆਪਣੇ ਅੰਦਰ ਦੀ ਸ਼ਕਤੀ ਜਾਣ ਲੈਣੀ ਚਾਹੀਦੀ ਹੈ। ਪਰ ਇਕ ਗੱਲ ਸਦੀਵ ਯਾਦ ਰੱਖਣ ਦੀ ਲੋੜ ਹੈ ਕਿ ਇਸ ਸ਼ਕਤੀ ਨੂੰ, ਇਸ ਮੰਤਰ ਦੀ ਸ਼ਕਤੀ, ਅੰਦਰ ਦੀ ਸ਼ਕਤੀ, ਗੁਰੂ ਦੀ ਸ਼ਕਤੀ, ਨਾਲ ਕਦੀ ਵੀ ਹਉਮੈ ਵਿਚ ਨਾ ਆਓ। ਕਦੀ ਵੀ ਤੁਹਾਡੇ

ਅੰਦਰ ਹਉਮੈ ਨਹੀਂ ਆਉਣੀ ਚਾਹੀਦੀ। ਸ਼ਕਤੀ ਨਾਲ ਤੁਹਾਡੀ ਸਖਸ਼ੀਅਤ, ਤੁਹਾਡਾ ਵਿਅਕਤੀਤਵ ਪਰਿਵਰਤਿਤ ਹੋ ਜਾਣਾ ਚਾਹੀਦਾ ਹੈ। ਇਸੇ ਪਰਿਵਰਤਨ ਨੂੰ ਪ੍ਰਮਾਤਮਾ ਦੀ ਸ਼ਕਤੀ ਕਹਿੰਦੇ ਹਨ ਇਸੇ ਨੂੰ ਪ੍ਰਭੂ ਕ੍ਰਿਪਾ, ਗੁਰੂ ਕ੍ਰਿਪਾ ਕਹਿੰਦੇ ਹਨ। ਜਿਵੇਂ-ਜਿਵੇਂ ਤੁਸੀਂ ਅੰਤਰਮੁਖੀ ਹੁੰਦੇ ਜਾਂਦੇ ਹੋ, ਮਨ ਹੋਰ ਸੂਖਮ ਹੁੰਦਾ ਜਾਂਦਾ ਹੈ। ਹੌਲੀ-ਹੌਲੀ ਤੁਹਾਨੂੰ ਪਤਾ ਲਗੇਗਾ ਕਿ ਤੁਹਾਡੇ ਅੰਦਰ ਉਹ ਕੇਂਦਰ ਹੈ ਜਿਹੜਾ ਤੁਹਾਨੂੰ ਸ਼ਾਂਤੀ ਪ੍ਰਦਾਨ ਕਰਦਾ ਹੈ।

## ਸਮਾਜ ਵਿਚ ਇਸਤ੍ਰੀਆਂ ਦੀ ਭੂਮਿਕਾ

ਮੈਂ ਅੱਜ ਦੀਆਂ ਇਸਤ੍ਰੀਆਂ ਨੂੰ ਯਾਦ ਕਰਾਉਣਾ ਚਾਹੁੰਦਾ ਹਾਂ, ਉਹ ਆਪਣੀ ਪਦਵੀ ਭੁੱਲ ਗਈਆਂ ਹਨ। ਅਸੀਂ ਅੱਜ ਬੜੇ ਔਖੇ ਸਮੇਂ ਵਿਚੋਂ ਲੰਘ ਰਹੇ ਹਾਂ। ਵਾਸਤਵ ਵਿਚ ਅਸੀਂ ਸਭਿਅਤਾ ਦਾ ਉਹ ਰੂਪ ਦੇਖਣਾ ਚਾਹੁੰਦੇ ਹਾਂ ਜਿਸ ਵਿਚ ਅਸੀਂ ਸਾਰੇ ਇਕਮਿਕ ਹੋ ਕੇ ਪਿਆਰ ਨਾਲ ਰਹੀਏ, ਇਸ ਤੋਂ ਬਾਹਰ, ਇਸ ਤੋਂ ਵਾਂਝਾਂ ਕੋਈ ਨਾ ਰਹੇ, ਪਰ ਹੋ ਇਹ ਰਿਹਾ ਹੈ ਕਿ ਇਸ ਖੋਜ ਵਿਚ ਇਸਤ੍ਰੀ ਆਪਣੀ ਅੰਦਰ ਦੀ ਸ਼ਕਤੀ ਭੁੱਲ ਰਹੀ ਹੈ ਜਿਸ ਨਾਲ ਉਹ ਆਪਣੀ ਅਤਿ ਮਹੱਤਵਪੂਰਣ ਭੂਮਿਕਾ ਜਿਹੜੀ ਉਸ ਨੇ ਨਿਭਾਉਣੀ ਹੈ, ਉਹ ਵੀ ਭੁੱਲ ਰਹੀ ਹੈ। ਜੇਕਰ ਇਸਤ੍ਰੀ ਇਹ ਭੂਮਿਕਾ ਨਹੀਂ ਨਿਭਾਉਂਦੀ ਤਾਂ ਕਿਤੇ ਵੀ ਖੁਸ਼ੀ ਨਹੀਂ ਹੋ ਸਕਦੀ। ਜੇਕਰ ਇਸਤ੍ਰੀਆਂ ਸਮਾਜ ਵਿਚ ਬਦਲਾਉ ਲਿਆਉਣਾ ਚਾਹੁੰਦੀਆ ਹਨ, ਉਹ ਬਿਲਕੁਲ ਲਿਆ ਸਕਦੀਆਂ ਹਨ। ਇਸਤ੍ਰੀ ਹੀ ਸਮਾਜ ਦੀ ਨਿਰਮਾਤਾ ਹੈ। ਏਨਾ ਹੀ ਨਹੀਂ ਉਹ ਤਾਂ ਵਾਸਤਵ ਵਿਚ ਮਾਨਵਤਾ ਦੀ ਪ੍ਰਾਲਬਧ ਹੈ। ਇਸਤ੍ਰੀ ਘਰ ਬਣਾਉਂਦੀ ਹੈ, ਪਰਿਵਾਰ ਦੀ ਸੰਸਥਾ ਸਥਾਪਤ ਕਰਦੀ ਹੈ, ਬੱਚੇ ਪਾਲਦੀ ਹੈ, ਬੱਚਿਆਂ ਨੂੰ ਚੰਗੇ ਨਾਗਰਿਕ ਬਣਾਉਂਦੀ ਹੈ।

ਕੀ ਤੁਸੀਂ ਜਾਣਦੇ ਹੋ ਕਿ ਸਭ ਤੋਂ ਪਹਿਲਾਂ ਕ੍ਰਿਆ ਕਰਦਿਆਂ, ਕੰਮ ਕਰਦਿਆਂ ਮੈਡੀਟੇਸ਼ਨ ਕਿਸ ਨੇ ਸਿਖਾਈ। ਤੁਸੀਂ ਕਹੋ ਬੁੱਧ, ਈਸਾ, ਸ੍ਰੀ ਕ੍ਰਿਸ਼ਨ, ਵਾਸਤਵ ਵਿਚ ਮੈਡੀਟੇਸ਼ਨ ਦੀ ਬਾਨੀ ਤੇ ਮੁਖੀ ਇਸਤ੍ਰੀਆਂ ਹੀ ਹਨ। ਪੁਰਾਤਨ ਸਮੇਂ ਵਿਚ ਜਦੋਂ ਇਸਤ੍ਰੀਆਂ ਖੂਹ ਤੇ ਪਾਣੀ ਭਰਨ ਜਾਂਦੀਆ ਸੀ, ਇਕ ਦੂਸਰੇ ਨਾਲ ਗੱਲਬਾਤ ਕਰਦੀਆਂ, ਗਾਉਂਦੀਆਂ, ਗੱਪਾਂ ਮਾਰਦੀਆਂ, ਜਦੋਂ ਪਿੰਡ ਵਾਪਸ ਆਉਂਦੀਆਂ ਸਿਰ ਤੇ ਘੜਾ, ਇਕ ਘੜਾ ਬਾਂਹ ਵਿਚ, ਸਿਰ ਵਾਲੇ ਘੜੇ ਨੂੰ ਹੱਥ ਨਾਲ ਨਹੀਂ ਸੀ ਪਫੜਦੀਆਂ। ਇਹ ਕਰਨ ਵਾਸਤੇ ਤੁਹਾਨੂੰ ਪੂਰੀ-ਪੂਰੀ ਇਕਾਗਰਤਾ ਦੀ ਲੋੜ ਹੈ। ਪੂਰੇ ਕੰਟਰੋਲ ਦੀ ਲੋੜ ਹੈ। ਇਹ ਕੋਈ ਪਹੁੰਚਿਆ ਨਿਪੁੰਨ ਯੋਗੀ ਵੀ ਸ਼ਾਇਦ ਨਹੀਂ ਕਰ ਸਕਦਾ, ਉਹ ਘੜਾ ਚੁੱਕ ਕੇ ਗੱਲਾਂ ਵੀ ਕਰਦੀ ਹੈ, ਹਸਦੀ ਵੀ ਹੈ, ਪਰ ਘੜੇ ਹਿਲਦੇ ਤਕ ਨਹੀਂ। ਵਾਸਤਵ ਵਿਚ ਇਹ ਮੈਡੀਟੇਸ਼ਨ ਹੀ ਹੈ, ਤੁਸੀਂ ਸੰਸਾਰ ਵਿਚ ਰਹਿ ਕੇ, ਵਿਚਰ ਕੇ, ਉਸ ਤੋਂ ਉਪਰ ਭਾਵ ਬੇਲਾਗ ਰਹਿ ਸਕਦੇ ਹੋ, ਬਿਲਕੁਲ ਕੁਝ ਉਸ ਤਰ੍ਹਾਂ ਹੀ ਜਿਸ ਤਰ੍ਹਾਂ ਉਹ ਬੀਬੀ ਘੜੇ ਚੁੱਕ ਕੇ ਸਭ ਕੁਝ ਕਰਦੀ ਹੈ ਪਰ ਉਸ ਦੀ ਇਕਾਗਰਤਾ ਉਸੇ ਤਰ੍ਹਾਂ ਬਣੀ ਰਹਿੰਦੀ ਹੈ।

## ਇਸਤ੍ਰੀ - ਇਕ ਸ਼ਕਤੀ

ਇਸਤ੍ਰੀ ਤੋਂ ਬਿਨਾਂ ਪੁਰਖ ਅਧੂਰਾ ਹੈ, ਟੈਗੋਰ ਜਿਹੜੇ ਕਿ ਬਹੁਤ ਵੱਡੇ ਕਵੀ ਹੋਏ ਹਨ, ਉਹਨਾਂ ਨੇ ਲਿਖਿਆ ਹੈ, ਹੇ ਇਸਤ੍ਰੀ ਤੂੰ ਅਧੂਰੀ ਹੈਂ ਪਰ ਤੇਰਾ ਅਧੂਰਾ ਹੋਣਾ ਇਕ ਸੁਪਨਾ ਹੈ, ਉਹ ਸਪਨਾ ਜਿਹੜਾ ਹਰ ਪੁਰਖ ਦਾ ਹੈ, ਉਹ ਸੁਪਨੇ ਜਿਸ ਦੇ ਬਿਨਾਂ ਮਾਨਵਤਾ ਜੀ ਨਹੀਂ ਸਕਦੀ। ਲੋੜ ਹੈ ਇਸਤ੍ਰੀ ਨੂੰ ਆਪਣੀ ਪਦਵੀ, ਆਪਣਾ ਦਰਜਾ, ਆਪਣੀ ਥਾਂ ਸਮਝਣ ਦੀ, ਉਹ ਸੁਪਨਾ ਸਮਝਾਇਆ ਨਹੀਂ ਜਾ ਸਕਦਾ। ਵਾਸਤਵ ਵਿਚ ਉਹ ਹੀ ਇਸਤ੍ਰੀ ਹੈ। ਇਸਤ੍ਰੀ ਨੂੰ ਆਪਣੀ ਥਾਂ, ਆਪਣੀ ਪਦਵੀ ਦਾ ਪਤਾ ਹੋਣਾ ਚਾਹੀਦਾ ਹੈ। ਸਮਾਜ ਵਿਚ ਉਸ ਦਾ ਕੀ ਸਥਾਨ ਹੈ? ਮੈਂ ਇਸਤ੍ਰੀ ਨੂੰ ਸਦਾ ਇਕ ਮੰਦਰ ਹੀ ਜਾਣਿਆ ਹੈ। ਪੁਰਾਤਨ ਗ੍ਰੰਥਾਂ ਵਿਚ ਦਸਿਆ ਹੈ ਸ਼ਕਤੀ ਤੋਂ ਬਿਨਾਂ, ਇਸਤ੍ਰੀ ਸ਼ਕਤੀ ਤੋਂ ਬਿਨਾਂ, ਮਾਨਵਤਾ ਦੀ ਹੋਂਦ ਦਾ ਬਚਣਾ ਸੰਭਵ ਨਹੀਂ। ਸੰਸਾਰ ਦੇ ਸਾਰੇ ਨੇਤਾਵਾਂ ਦੇ ਪਿੱਛੇ ਇਸਤ੍ਰੀ ਦਾ ਹੀ ਬਲ ਹੈ। ਮਿਸਾਲ ਵਜੋਂ ਜੇ ਤੁਸੀਂ ਰਾਮ ਕ੍ਰਿਸ਼ਨ ਜੀ ਦੇ ਜੀਵਨ ਨੂੰ ਦੇਖੋ, ਪੜ੍ਹੋ, ਤੁਸੀਂ ਜਾਣੋਗੇ ਉਹ ਸੰਤ ਹੋਏ, ਉਚੇ ਉਠੇ, ਇਸਤ੍ਰੀ ਉਨ੍ਹਾਂ ਦੇ ਨਾਲ ਸੀ। ਇਸੇ ਤਰ੍ਹਾਂ ਕ੍ਰਿਸ਼ਨ ਜੀ ਪੂਜੇ ਜਾਂਦੇ ਹਨ ਰਾਧਾ ਕਰਕੇ, ਬੁੱਧ ਬਣੇ ਉਹਨਾਂ ਦੇ ਜੀਵਨ ਵਿਚ ਬਹੁਤ ਸਾਰੀਆਂ ਇਸਤ੍ਰੀਆਂ ਦੀ ਦੇਣ ਹੈ।

ਅੱਜ ਦੀ ਸਮੱਸਿਆ ਇਹ ਨਹੀਂ ਕਿ ਪੁਰਖ ਉਚਾ ਹੈ ਜਾਂ ਇਸਤ੍ਰੀ। ਜਿਥੋਂ ਤਕ ਮੈਂ ਦੇਖਦਾ ਹਾਂ ਇਸਤ੍ਰੀ ਹੀ ਪੁਰਖ ਤੋਂ ਉਚੀ ਹੈ, ਜੇਕਰ ਆਦਮੀ ਨੂੰ ਥੋੜ੍ਹੀ ਜਿਹੀ ਤਕਲੀਫ ਝੱਲਣੀ ਪਵੇ, ਉਹ ਕਾਫੀ ਔਖਾ ਹੋ ਜਾਂਦਾ ਹੈ, ਔਖੀ ਤਰ੍ਹਾਂ ਨਾਲ ਬਰਦਾਸ਼ਤ ਕਰਦਾ ਹੈ। ਪਰ ਇਸਤ੍ਰੀ ਨੌਂ ਮਹੀਨੇ ਬੱਚੇ ਨੂੰ ਪੇਟ ਵਿਚ ਰਖਦੀ ਹੈ, ਫੇਰ ਉਸ ਨੂੰ ਜਨਮ ਦਿੰਦੀ ਹੈ, ਦਰਦ ਸਹਿੰਦੀ ਹੈ, ਇਹ ਇਕ ਤਰ੍ਹਾਂ ਨਾਲ ਉਸ ਦਾ ਦੂਸਰਾ ਜਨਮ ਹੁੰਦਾ ਹੈ। ਇਹ ਕੇਵਲ ਇਸਤ੍ਰੀ ਹੀ ਕਰ ਸਕਦੀ ਹੈ, ਉਸ ਵਿਚ ਹੀ ਇਹ ਸਮਰੱਥਾ ਹੈ, ਕੇਵਲ ਇਸਤ੍ਰੀ ਵਿਚ ਹੀ ਧੀਰਜ ਹੈ, ਬਰਦਾਸ਼ਤ ਹੈ, ਸਹਿਣ ਸ਼ਕਤੀ ਹੈ। ਇਸਤ੍ਰੀ, ਮਨੋਵਿਗਿਆਨ ਪੱਖੋ, ਡਾਕਟਰੀ ਪੱਖੋਂ ਮਨੁੱਖ ਤੋਂ ਉਚੀ ਹੈ, ਉਤਮ ਹੈ। ਬਹੁਤ ਘੱਟ ਇਸਤ੍ਰੀਆਂ ਨੂੰ ਦਿਲ ਦਾ ਦੌਰਾ ਪੈਂਦਾ ਹੈ ਕਿਉਂਕਿ ਉਹ ਹਰ ਦੁਖ ਨੂੰ, ਗਮ ਨੂੰ ਆਪਣੇ ਅੰਦਰ ਪੀ ਜਾਂਦੀਆਂ ਹਨ, ਉਹ ਦੁਖ ਸਹਿ ਲੈਂਦੀਆਂ ਹਨ ਪਰ ਆਦਮੀ ਨੂੰ ਇਕ ਛਿਕ ਵੀ ਆ ਜਾਏ, ਥੋੜ੍ਹੀ ਸਿਰ ਦਰਦ ਹੋ ਜਾਏ, ਉਹ ਤਾਂ ਬੱਚੇ ਦੀ ਤਰ੍ਹਾਂ ਹੰਗਾਮਾ ਪਾ ਲੈਂਦੇ ਹਨ।

*'ਚਲਦਾ.......।'*

(ਪੰਨਾ 50 ਦੀ ਬਾਕੀ)

ਮੋਹ ਗੁਬਾਰ=ਗਾੜ੍ਹਾ ਹਨੇਰਾ ਹੋ ਕੇ ਛਾਇਆ ਹੋਇਆ ਹੈ।

**ਲੋਭੀਅਨ ਕਉ ਸੇਵਦੇ ਪੜਿ ਵੇਦਾ ਕਰੈ ਪੂਕਾਰ॥**

ਅਗਿਆਨੀ ਜੀਵ ਲੋਭੀ ਬਣ ਕੇ ਲੋਭੀਅਨ=ਲਾਲਚੀਆਂ ਕਉ=ਨੂੰ ਹੀ ਸੇਵਦੇ=ਸੇਵਨਾ ਕਰਦੇ ਹਨ ਵਾ: ਲੋਭੀ ਪੁਰਸ਼ ਅਨ=ਹੋਰਨਾਂ ਕਉ=ਨੂੰ ਹੀ ਸੇਵਦੇ=ਸੇਵਨਾ ਕਰਦੇ ਹਨ, ਭਾਵ ਲੋਭ ਵਸ ਮਨੁੱਖ ਲੋਭੀਆਂ ਦੀ ਹੀ ਸੇਵਾ 'ਚ ਲੱਗਾ ਹੋਇਆ ਆਪਣੇ ਜੀਵਨ ਦਾ ਕੀਮਤੀ ਸਮਾਂ ਵਿਅਰਥ ਗਵਾ ਰਿਹਾ ਹੈ ਕਿ ਫਲਾਣਾ ਸੰਤ ਸਾਨੂੰ ਇਹ ਪਦਾਰਥ ਦੇਵੇਗਾ, ਧਨ ਦੇਵੇਗਾ, ਵਡਿਆਈ ਦੇਵੇਗਾ, ਉਹ ਬੜਾ ਕਰਨੀ ਵਾਲਾ ਹੈ। ਪਰ ਉਹ ਨਹੀਂ ਜਾਣਦੇ ਜਿਵੇਂ ਅਸੀਂ ਲਾਲਚ ਵਸ ਉਸ ਦੀ ਸੇਵਾ ਕਰਦੇ ਹਾਂ ਤੇ ਉਹ ਸਾਥੋਂ ਵੀ ਵੱਧ ਲਾਲਚੀ ਹੈ। ਨਾਲੇ ਲੋਭੀ ਪੰਡਿਤ ਵੇਦਾਂ ਨੂੰ ਪੜ੍ਹੀ ਜਾਂਦੇ ਹਨ ਤੇ ਨਾਲੇ ਲੋਭ ਵਸ ਧਨ ਵਾਸਤੇ ਪੁਕਾਰ=ਫਰਿਆਦਾਂ ਕਰੈ=ਕਰੀ ਜਾਂਦੇ ਹਨ।

**ਬਿਖਿਆ ਅੰਦਰਿ ਪਚਿ ਮੁਏ ਨਾ ਉਰਵਾਰੁ ਨਾ ਪਾਰੁ॥**

ਐਸੇ ਪੁਰਸ਼ ਬਿਖਿਆ=ਮਾਇਆ ਅੰਦਰਿ ਪਚਿ=ਖੱਚਿਤ ਹੋ ਕੇ ਹੀ ਮੁਏ=ਮਰ ਰਹੇ ਹਨ। ਨਾ ਉਨ੍ਹਾਂ ਦਾ ਉਰਵਾਰੁ=ਇਹ ਲੋਕ ਸੁਧਰਿਆ ਤੇ ਨਾ ਹੀ ਪਾਰੁ=ਪਰਲੋਕ ਸੁਧਰਿਆ।

**ਮਾਇਆ ਮੋਹਿ ਵਿਸਾਰਿਆ ਜਗਤ ਪਿਤਾ ਪ੍ਰਤਿਪਾਲਿ॥**

ਮਾਇਆ ਦੇ ਮੋਹ 'ਚ ਫਸ ਕੇ ਉਨ੍ਹਾਂ ਨੇ ਉਸ ਪ੍ਰਭੂ ਨੂੰ ਵਿਸਾਰਿਆ=ਭੁਲਾ ਛੱਡਿਆ ਹੈ, ਜੋ ਸਾਰੇ ਜਗਤ ਦਾ ਪਿਤਾ=ਪਿਓ ਹੈ ਤੇ ਸਭਨਾ ਦੇ ਪ੍ਰਤਿ=ਤਾਂਈ ਪਾਲਿ=ਪਾਲਣ ਕਰਨ ਵਾਲਾ ਹੈ।

**ਬਾਝਹੁ ਗੁਰੂ ਅਚੇਤੁ ਹੈ; ਸਭ ਬਧੀ ਜਮਕਾਲਿ॥**

ਸਤਿਗੁਰਾਂ ਤੋਂ ਬਾਝਹੁ=ਬਿਨਾਂ, ਜੀਵ ਅਚੇਤੁ=ਭੁੱਲੇ ਹੋਏ ਹਨ, ਭਾਵ ਅਗਿਆਤ ਹਨ ਕਿ ਸਾਰੀ ਸ੍ਰਿਸ਼ਟੀ ਜੰਮਣ ਮਰਣ 'ਚ ਜਮਕਾਲ ਦੀ ਬੱਧੀ=ਬੰਨ੍ਹੀ ਹੋਈ ਹੈ।

**ਨਾਨਕ ਗੁਰਮਤਿ ਉਬਰੇ; ਸਚਾ ਨਾਮੁ ਸਮਾਲਿ॥੪॥੧੦॥੪੩॥**

ਸਤਿਗੁਰੂ ਜੀ ਫੁਰਮਾਉਂਦੇ ਹਨ ਕਿ ਹੇ ਭਾਈ! ਜਿਨ੍ਹਾਂ ਨੇ ਗੁਰਾਂ ਦੀ ਮਤਿ ਧਾਰਨ ਕੀਤੀ ਹੈ, ਉਹ ਜੰਮਣ ਮਰਨ ਤੋਂ ਉਬਰੇ=ਬਚ ਗਏ ਹਨ ਕਿਉਂਕਿ ਉਨ੍ਹਾਂ ਨੇ ਸੱਚੇ ਪ੍ਰਭੂ ਦੇ ਨਾਮ ਨੂੰ ਸਮਾਲਿ=ਯਾਦ ਕੀਤਾ ਭਾਵ ਸਿਮਰਿਆ ਹੈ।

'ਚਲਦਾ........।'

## ਰਤਵਾੜਾ ਸਾਹਿਬ ਅਸਥਾਨ ਦੇ ਪ੍ਰੋਗਰਾਮ

**ਸਾਰੇ ਐਤਵਾਰ – ਸਮਾਂ-12.00 ਤੋਂ 4.00 ਵਜੇ ਤੱਕ ।**
**ਪੂਰਨਮਾਸ਼ੀ – (17 ਜੂਨ ਦਿਨ, ਸੋਮਵਾਰ)**
**ਇਸ ਮਹੀਨੇ ਪਿਆਰੇ ਮਹਾਂਪੁਰਸ਼ਾਂ ਦਾ ਜਨਮ ਦਿਵਸ ਹੋਣ ਕਰਕੇ ਦਿਨ ਵਿਚ 10 ਤੋਂ 4 ਵਜੇ ਤੱਕ ਵਿਸ਼ੇਸ਼ ਗੁਰਮਤਿ ਸਮਾਗਮ ਹੋਵੇਗਾ।**
**ਸੰਗਰਾਂਦ – ਆਸਾੜ੍ਹ, 15 ਜੂਨ, ਦਿਨ ਸ਼ਨਿੱਚਰਵਾਰ (ਸਮਾਂ ਸਵੇਰੇ 5.30 ਤੋਂ 8.00 ਵਜੇ ਤੱਕ)**
**ਅੰਮ੍ਰਿਤ ਸੰਚਾਰ – ਮਹੀਨੇ ਦੇ ਪਹਿਲੇ ਐਤਵਾਰ ਨੂੰ ਦਿਨੇ 11 ਵਜੇ ਹੁੰਦਾ ਹੈ।**


## INTERNET MEDIA AND LIVE TELECAST

**Website :- www.ratwarasahib.in**
**Website :- www.ratwarasahib.org**
**Instagram : - RATWARA SAHIB (https://instagram.com/ratwara.sahib/)**
**You Tube :- https://www.youtube.com/user/babalakhbirsingh**
**Facebook:- https://www.facebook.com/ratwarasahib1**
**Twitter:- https://mobile.twitter.com/ratwarasahib1**
**Apps (for both apple & andriod) : Ratwara sahib ji & ratwara sahib TV**
**E-mail :- sratwarasahib.in@gmail.com** *Contact - 9569455861, 9417912900, 9814612900*

# ਜ਼ਰੂਰੀ ਬੇਨਤੀ

'ਆਤਮ ਮਾਰਗ' ਮੈਗਜ਼ੀਨ ਦੀ ਮੈਂਬਰਸ਼ਿਪ/ਰਿਨਿਊਲ ਜਾਂ ਦਸਵੰਧ ਪੰਜਾਬ ਐਂਡ ਸਿੰਧ ਬੈਂਕ ਦੀ ਕਿਸੇ ਵੀ ਸ਼ਾਖਾ ਰਾਹੀਂ ਹੇਠ ਲਿਖੇ ਬੈਂਕ ਖਾਤਿਆਂ ਵਿਚ ਭੇਜ ਸਕਦੇ ਹੋ।

## ਭਾਰਤ (INDIA)

### ਆਤਮ ਮਾਰਗ ਮੈਗਜ਼ੀਨ ਦੀ ਮੈਂਬਰਸ਼ਿਪ/ਰਿਨਿਊਲ ਭੇਜਣ ਲਈ

**VGRMCT/Atam Marg Magazine**
**S/B A/C No. 12861000000003** **RTGS/IFSC Code - PSIB0021286**
**Branch Code - C1286**

### ਦਸਵੰਧ ਭੇਜਣ ਲਈ –

**Vishav Gurmat Roohani Mission Charitable Trust**
**SB A/C No. 12861100000005** **RTGS/IFSC Code - PSIB0021286**
**Branch Code - C1286**

## ਵਿਦੇਸ਼ (Abroad)

**Vishav Gurmat Roohani Mission Charitable Trust**
**Punjab National Bank**
**SB A/C No. 0779000100179603**
**RTGS/IFSC Code - PUNB0077900, SWIFT CODE - PUNBINBBMOH**
**Branch Code - 077900**

ਜੇਕਰ ਚੈਕ ਜਾਂ ਬੈਂਕ ਡਰਾਫਟ ਰਾਹੀਂ ਮਾਇਆ ਭੇਜਣੀ ਹੋਵੇ ਤਾਂ ਉਪਰੋਕਤ ਅਨੁਸਾਰ **Gurudwara Ishar Parkash Ratwara Sahib, P.O. Mullanpur Garibdas. Distt SAS Nagar (Mohali) - 140901** ਨੂੰ ਭੇਜਿਆ ਜਾਵੇ ਜੀ। ਜੇਕਰ **Online** ਮਾਇਆ ਭੇਜਣੀ ਹੋਵੇ ਤਾਂ ਮਾਇਆ ਦਾ ਵੇਰਵਾ ਦਿੰਦੇ ਹੋਏ, ਆਪਣਾ ਨਾਂ ਅਤੇ ਪੂਰਾ ਪਤਾ ਮੋਬਾਈਲ ਨੰ: +91 98889 10777 'ਤੇ **sms** ਕੀਤਾ ਜਾਵੇ।

**ਬੇਨਤੀ ਹੈ ਕਿ ਜੇ ਆਪ ਜੀ ਹੁਣ ਤੱਕ ਆਤਮ ਮਾਰਗ ਪਤ੍ਰਿਕਾ ਦੇ ਮੈਂਬਰ ਨਹੀਂ ਬਣੇ ਤਾਂ ਇਸ ਫਾਰਮ ਨੂੰ ਭਰ ਕੇ ਮੈਂਬਰਸ਼ਿਪ ਪ੍ਰਾਪਤ ਕਰਨ ਦੀ ਕ੍ਰਿਪਾਲਤਾ ਕਰੋ ਜੀ। ਜੇ ਤੁਸੀਂ ਪਹਿਲਾਂ ਮੈਂਬਰ ਹੋ ਅਤੇ ਰਿਨਿਊਵਲ ਦਾ ਸਮਾਂ ਆ ਗਿਆ ਹੈ ਤਾਂ ਤੁਸੀਂ ਇਸ ਫਾਰਮ ਨੂੰ ਭਰ ਕੇ ਚੈਕ ਦੇ ਨਾਲ ਭੇਜੋ ਜੀ**
**ਕਿਰਪਾ ਕਰਕੇ ਚੈਕ ਜਾਂ ਬੈਂਕ ਡਰਾਫਟ "VGRMCT/ATAM MARG MAGAZINE" ਦੇ ਨਾਂ ਤੇ ਭੇਜਿਆ ਜਾਵੇ ਜੀ।**

☐ ਨਵੀਂ ਮੈਂਬਰਸ਼ਿਪ ☐ ਰਿਨਿਊਵਲ ☐ ਲਾਈਫ ਮੈਂਬਰਸ਼ਿਪ

**within India**

| Subscription Period | By Ordinary Post/Cheque | By Registered Post/Cheque |
|---|---|---|
| 1 Year | Rs. 300/320 | |
| 3 Year | Rs. 750/770 | |
| 5 Year | Rs. 1200/1220 | |
| Life | Rs 3000/3020 | |

***Foreign Membership***

| | Annual | Life |
|---|---|---|
| U.S.A. | 60 US$ | 600 US$ |
| U.K. | 40 £ | 400 £ |
| Canada | 80 Can $ | 800 Can $ |
| Australia | 80 Aus $ | 800 Aus $ |

ਪੁਰਾਣੇ ਅੰਕ ਮੰਗਵਾਉਣ ਲਈ ਟਿਕ ਕਰੋ ਜੀ: ਜਨਵਰੀ ☐ ਫਰਵਰੀ ☐ ਮਾਰਚ ☐ ਅਪ੍ਰੈਲ ☐ ਮਈ ☐ ਜੂਨ ☐ ਜੁਲਾਈ ☐ ਅਗਸਤ ☐ ਸਤੰਬਰ ☐ ਅਕਤੂਬਰ ☐ ਨਵੰਬਰ ☐ ਦਸੰਬਰ ☐

ਨਾਮ/Name ਅਤੇ ਪਤਾ/Address..........................................................................................

..........................................................................................................

..............................Pin Code.......................................Phone......................... E-mail :............................

ਮੈਂ......................ਰੁਪਏ ਮਨੀਆਰਡਰ/ਬੈਂਕ ਡਰਾਫਟ/ਚੈਕ ਨੰ.......................ਮਿਤੀ..........................ਰਾਹੀਂ ਭੇਜ ਰਿਹਾ ਹਾਂ।

ਦਸਖਤ......................

# ਸੰਤ ਵਰਿਆਮ ਸਿੰਘ ਚੈਰੀਟੇਬਲ ਹਸਪਤਾਲ, ਰਤਵਾੜਾ ਸਾਹਿਬ

**ਸਮਾਂ : ਸਵੇਰੇ 9.30 ਤੋਂ 2.00 ਤੱਕ (ਐਤਵਾਰ ਤੋਂ ਸ਼ੁਕਰਵਾਰ)**

**ਡਾਕਟਰਾਂ ਦਾ ਸਮਾਂ - ਸਵੇਰੇ 10.00 ਤੋਂ 12.00 ਤੱਕ**

**ਫੋਨ ਨੰ: 98786-95178, 92176-93845,**

| | ਡਾਕਟਰ ਦਾ ਨਾਮ | ਸਪੈਸ਼ਲਿਸਟ | ਦਿਨ |
|---|---|---|---|
| 1. | ਡਾ. ਜਸਬੀਰ ਕੌਰ | ਜਨਰਲ ਮੈਡੀਸਨ | ਸੋਮਵਾਰ |
| 2. | ਡਾ. ਗੁਰਿੰਦਰ ਕੌਰ ਕੰਗ | ਐਮ.ਡੀ (ਗਾਇਨੀ) | ਸੋਮਵਾਰ |
| 3. | ਡਾ. ਕੁਲਦੀਪ ਸਿੰਘ ਕੰਗ | ਐਮ.ਡੀ (ਅੱਖਾਂ ਦੇ ਮਾਹਿਰ) | ਸੋਮਵਾਰ |
| 4. | ਡਾ. ਹਰਬੰਸ ਸਿੰਘ | ਹੱਡੀਆਂ ਅਤੇ ਜੋੜਾਂ ਦੇ ਮਾਹਿਰ | ਮੰਗਲਵਾਰ |
| 5. | ਡਾ. ਤੇਜਿੰਦਰ ਸਿੰਘ | ਜਨਰਲ ਮੈਡੀਸਨ | " |
| 6. | ਸ੍ਰੀ ਮਾਈਕਲ ਜੀ | ਐਕਸਰੇ ਸਪੈਸ਼ਲਿਸਟ | ਮੰਗਲਵਾਰ ਅਤੇ ਵੀਰਵਾਰ |
| 7. | ਡਾ. ਜੇ. ਐਸ. ਗੁਜਰਾਲ | ਜਨਰਲ ਮੈਡੀਸਨ/ਬੱਚਿਆਂ ਦੇ ਸਪੈਸ਼ਲਿਸਟ | " |
| 8. | ਡਾ. ਆਰ.ਐਸ ਸੰਧੂ | ਹੱਡੀਆਂ ਅਤੇ ਜੋੜਾਂ ਦੇ ਸਪੈਸ਼ਲਿਸਟ | ਵੀਰਵਾਰ |
| 9. | ਡਾ. ਸੰਤੋਸ਼ ਅਨੇਜਾ | ਜਨਰਲ ਮੈਡੀਸਨ | " |
| 10. | ਡਾ. ਐਸ.ਕੇ ਬਾਂਸਲ | ਜਨਰਲ ਮੈਡੀਸਨ | ਸ਼ੁਕਰਵਾਰ |
| 11. | ਡਾ. ਵਰਿੰਦਰ ਸਿੰਘ | ਜਨਰਲ ਮੈਡੀਸਨ ਅਤੇ ਚਮੜੀ ਰੋਗਾਂ ਲਈ, ਏਅਰੋ ਸਪੇਸ ਮੈਡੀਸਨ | " |
| 12. | ਡਾ. ਜਿੰਦਲ | ਜਨਰਲ ਮੈਡੀਸਨ | " |
| 13. | ਡਾ. ਗੁਰਪ੍ਰੀਤ ਕੌਰ ਗਿੱਲ | ਹੋਮਿਉਪੈਥਿਕ | ਬੁੱਧਵਾਰ |
| 14. | ਡਾ. ਕੁਲਦੀਪ ਕੌਰ | ਦੰਦਾਂ ਦੇ ਸਪੈਸ਼ਲਿਸਟ | ਮੰਗਲਵਾਰ |

# ਲੈਬੋਰੇਟਰੀ ਟੈਸਟ ਅਤੇ ਹੋਰ ਸਹੂਲਤਾਂ

**1. ਬਲੱਡ ਟੈਸਟ, 2. ਸਾਰੇ ਬਲੱਡ ਸੈੱਲ ਕਾਊਂਟ ਟੈਸਟ 3. ਬਲੱਡ ਸ਼ੂਗਰ ਟੈਸਟ 4. ਕਿਡਨੀ ਟੈਸਟ 5. ਲਿਵਰ ਟੈਸਟ 6.ਲਿਪਿਡ ਪਰੋਫਾਈਲ ਟੈਸਟ 7. ਥਾਇਰਾਇਡ ਟੈਸਟ, 8. ਹਿਮਿਓਗਲੋਬਿਨ ਟੈਸਟ 9. ਪੇਸ਼ਾਬ ਟੈਸਟ (ਰੂਟੀਨ ਅਤੇ ਕਲਚਰ) 10. ਸਟੂਲ ਟੈਸਟ, 11. ਈ.ਸੀ.ਜੀ , 12. ਐਕਸਰੇ**

*** ਸਾਰੇ ਲੈਬੋਰੇਟਰੀ ਟੈਸਟ ਅੱਧੀ ਕੀਮਤ ਤੇ ਕੀਤੇ ਜਾਂਦੇ ਹਨ ਅਤੇ ਮਰੀਜ਼ਾਂ ਨੂੰ ਦਵਾਈਆਂ ਬਿਨਾਂ ਮੋਖ (ਫਰੀ) ਦਿਤੀਆਂ ਜਾਂਦੀਆਂ ਹਨ।**

**ਹਰ ਐਤਵਾਰ ਨੂੰ ਹਸਪਤਾਲ ਖੁੱਲ੍ਹਾ ਰਹਿੰਦਾ ਹੈ। ਸਮਾਂ 11.00 ਤੋਂ 1.00 ਤੱਕ।**
**ਹਰ ਸ਼ਨਿੱਚਰਵਾਰ ਨੂੰ ਛੁੱਟੀ ਹੁੰਦੀ ਹੈ ।**

# ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਵੱਲੋਂ ਲਿਖਤ ਅਤੇ ਪ੍ਰਕਾਸ਼ਿਤ ਪੁਸਤਕਾਂ ਜੋ ਕਿ ਰਤਵਾੜਾ ਸਾਹਿਬ ਉਪਲੱਬਧ ਹਨ।

| | ਪੁਸਤਕ ਦਾ ਨਾਮ | ਪੰਜਾਬੀ | ਹਿੰਦੀ |
|---|---|---|---|
| 1. | ਸੁਰਤਿ ਸਬਦਿ ਮਾਰਗ | 120/- | 70/- |
| 2. | ਕਿਵ ਕੂੜੈ ਤੁਟੈ ਪਾਲਿ | 120/- | 35/- |
| 3. | ਬਾਤ ਅਗੰਮ ਕੀ | 400/- | 400/- |
| 4. | ਕਿਵ ਸਚਿਆਰਾ ਹੋਈਐ - | 400/- | |
| 5. | ਹੋਵੈ ਅਨੰਦੁ ਘਣਾ | | 30/- |
| 6. | ਚਉਥੈ ਪਹਰਿ ਸਬਾਹ ਕੈ | 55/- | 60/- |
| 7. | ਸੁਰਤਿਆਂ ਉਪਜੈ ਚਾਉ | 40/- | 60/- |
| 8. | ਬਾਬਾਣੀਆਂ ਕਹਾਣੀਆਂ | 50/- | 50/- |
| 9. | ਸਰਬ ਪ੍ਰਿਅ ਗੁਰੂ ਗੋਬਿੰਦ ਸਿੰਘ | 10/- | 10/- |
| 10. | ਅੰਮ੍ਰਿਤ ਫੁਹਾਰ | 10/- | 10/- |
| 11. | ਅਗੰਮ ਅਗੋਚਰ ਦਾ ਮਾਰਗ | 60/- | 70/- |
| 12. | ਪੁਰਾਤਨ ਟੀਕਾ - ਜਪੁਜੀ ਸਾਹਿਬ | 30/- | |
| 13. | ਅਮਰ ਜੋਤਾਂ | 20/- | 15/- |
| 14. | ਹਿਮਾਲਿਆ ਦੇ ਸੰਤਾਂ ਦੇ ਸੰਗ ਨਿਵਾਸ | 100/- | |
| 15. | ਅਮਰ ਗਾਥਾ | 200/- | 100/- |
| 16. | ਧਰਮ ਯੁਧ ਕੇ ਚਾਇ | 50/- | |
| 17. | ਪਵਿੱਤਰ ਪੈਂਡਾ | 25/- | |
| 18. | ਭਗਤ ਪ੍ਰਹਿਲਾਦ | 10/- | 10/- |
| 19. | ਵੈਸਾਖੀ | 20/- | 10/- |
| 20. | ਸਾਜਨ ਚਲੇ ਪਿਆਰਿਆ | | 10/- |
| 21. | ਅਬਿਨਾਸੀ ਜੋਤ ਭਾਗ - 1 | 90/- | 90/- |
| 22. | ਅਬਿਨਾਸੀ ਜੋਤ ਭਾਗ - 2 | 90/- | |
| 23. | ਪੰਚ ਪਰਵਾਣ (ਦੋ ਭਾਗਾਂ ਦਾ ਸੰਗ੍ਰਹਿ) (ਰੂਹਾਨੀ ਗੁਲਦਸਤਾ ਭਾਗ 1 ਅਤੇ 2) | 200/ | |
| 24. | ਸੰਤ ਤੁਮਾਰੇ ਤੁਮਰੇ ਪ੍ਰੀਤਮ | 50/- | |
| 25. | ਗੁਰੂ ਅਮਰਦਾਸ ਪਰਸੀਐ | 100/- | |
| 26. | ਅਨੰਦਮਈ ਜੀਵਨ ਜਾਚ | 50/- | |
| 27. | ਪੱਤਰਕਾਰ ਦੇ ਪ੍ਰਸ਼ਨ ਮਹਾਂਪੁਰਸ਼ਾਂ ਵਲੋਂ ਉੱਤਰ | 60/- | |
| 28. | ਅਨੁਭਵੀ ਪ੍ਰਵਚਨ | 300/- | |
| 29. | ਅੰਦਰਲੀ ਖੋਜ | 300/- | |
| 30. | ਸਿਮਰਤ ਕਹਾਂ ਨਹੀਂ | 300/- | |
| 31. | ਰੂਹਾਨੀ ਪ੍ਰਵਚਨ | 35/- | |
| 32. | 'ਸੇਵਾ ਸਿਮਰਨ ਜੁਗਤੀਆਂ | 250/- | |
| 33. | 'ਮਾਨੁਖ ਤਨ ਦਾ ਪ੍ਰਯੋਜਨ' | 300/- | |
| 34. | ਜੀਵਨ ਜੁਗਤਿ | 440/- | |
| 35. | ਮਾਰਗ ਚੋਣ | 60/- | |
| 36. | ਮਨੋਭਾਵਾਂ ਦੀ ਰਚਨਾਤਮਕ ਵਰਤੋਂ | 50/- | |
| 37. | ਆਤਮ ਗਿਆਨ ਭਾਗ - 1 | 120/- | |
| 38. | ਜਨਮ ਪਦਾਰਥੁ ਸਫਲੁ ਹੋਇ | 120/- | |
| 39. | ਜਨ ਪਰਉਪਕਾਰੀ ਆਏ (ਭਾਗ -1) | 65/- | |
| 40. | ਜਨ ਪਰਉਪਕਾਰੀ ਆਏ (ਭਾਗ -2) | 65/- | |
| 41. | ਗੁਰ ਅੰਗਦ ਅਮਰ ਨਿਧਾਨ | 10/- | |
| 42. | ਕਲਜੁਗਿ ਜਹਾਜ ਅਰਜੁਨ ਗੁਰ | 100/- | |

| | ਪੁਸਤਕ ਦਾ ਨਾਮ | ਪੰਜਾਬੀ |
|---|---|---|
| 43. | ਧਰਮ ਹੇਤਿ ਸਾਕਾ | 20/- |
| 44. | ਮੰਝ ਗੁਰੂ ਕਾ ਬੋਹਿਥਾ | 30/- |
| 45. | ਜਾ ਕੈ ਮਨਿ ਗੁਰ ਕੀ ਪਰਤੀਤ | 30/- |
| 46. | ਗੁਰੂ ਗ੍ਰੰਥ ਜੀ ਮਾਨਿਓ | 10/- |
| 47. | ਬਾਬਾ ਬੰਦਾ ਸਿੰਘ ਬਹਾਦਰ | 10/- |
| 48. | ਤ੍ਰੈ ਸ਼ਤਾਬਦੀ | 20/- |
| 49. | ਆਤਮ ਗਿਆਨ ਭਾਗ - 2 | 120/- |
| 50. | ਆਤਮ ਗਿਆਨ ਭਾਗ - 3 | 120/- |
| 51. | ਭਗਵਤ ਗੀਤਾ ਦੀ ਚਿਰ ਸਥਾਈ... | 100/- |

| | English Version | Price |
|---|---|---|
| 1. | Baisakhi (**ਵੈਸਾਖੀ**) | . 5/- |
| 2. | How Rend The Veil of Untruth (**ਕਿਵ ਕੂੜੈ ਤੁਟੈ ਪਾਲਿ**) | . 70/- |
| 3. | Discourses on the Beyond-1 (**ਬਾਤ ਅਗੰਮ ਕੀ ਭਾਗ ੧**) | 50/- |
| 4. | Discourses on the Beyond -2 (**ਬਾਤ ਅਗੰਮ ਕੀ ਭਾਗ ੨**) | 50/- |
| 5. | Discourses on the Beyond -3 (**ਬਾਤ ਅਗੰਮ ਕੀ ਭਾਗ ੩**) | 50/- |
| 6. | Discourses on the Beyond -4 (**ਬਾਤ ਅਗੰਮ ਕੀ ਭਾਗ ੪**) | 60/- |
| 7. | Discourses on the Beyond -5 (**ਬਾਤ ਅਗੰਮ ਕੀ ਭਾਗ ੫**) | 60/- |
| 8. | The way to the imperceptible (ਅਗੰਮ ਅਗੋਚਰ ਦਾ ਮਾਰਗ) | 80/- |
| 9. | The Lights Immortal (ਅਮਰ ਜੋਤਾਂ) | 20/- |
| 10. | Transcendental Bliss (ਚਉਥੈ ਪਹਿਰ ਸਬਾਹ ਕੈ) | 70/- |
| 11. | How to Know Thy Real Self-(Vol-1) (**ਕਿਵ ਸਚਿਆਰਾ ਹੋਈਐ**) | 80/- |
| 12. | How to Know Thy Real Self-(Vol-2) (**ਕਿਵ ਸਚਿਆਰਾ ਹੋਈਐ**) | 80/- |
| 13. | How to Know Thy Real Self-(Vol-3) (**ਕਿਵ ਸਚਿਆਰਾ ਹੋਈਐ**) | 110/- |
| 14. | The Dawn of Khalsa Ideals | . 10/- |
| 15. | A Glimpse of His Holiness - Baba ji | . 5/- |
| 16. | Divine Word Contemplation Path', (**ਸੁਰਤਿ ਸਬਦਿ ਮਾਰਗ**) | 150/- |
| 17. | The Story of Immortality (**ਅਮਰ ਗਾਥਾ**) | 260/- |
| 18. | Why not thy contemplate the Lord? (ਸਿਮਰਤ ਕਹਾ ਨਹੀਂ ?) | 200/- |

**ਉਪਰੋਕਤ ਪੁਸਤਕਾਂ ਆਪ ਜੀ ਮਨੀਆਰਡਰ,ਚੈਕ ਜਾਂ ਬੈਂਕ ਡਰਾਫਟ ਰਾਹੀਂ ਰਤਵਾੜਾ ਸਾਹਿਬ ਤੋਂ ਮੰਗਵਾ ਸਕਦੇ ਹੋ ਜਾਂ ਟਰਸਟ ਦੇ ਅਕਾਊਂਟ ਵਿੱਚ ਸਿੱਧੀ ਮਾਇਆ ਜਮਾਂ ਕਰਵਾ ਕੇ ਮੋਬਾਇਲ ਨੰਬਰ 9417214391, 9417214379, 8437812900 ਤੇ ਸੂਚਿਤ ਕਰ ਸਕਦੇ ਹੋ।**

**A/c Name : VGRMCT / Atam Marg Magazine**

Punjab & Sind Bank - **S/B A/C No. 12861000000003**

**RTGS/IFSC Code - PSIB0021286\ , Branch Code - C1286**

**Our Address: VGRMCT, Gurdwara Ishar Parkash, Ratwara Sahib, (Near New Chandigarh) P.o. Mullanpur Garibdas, Teh. Kharar, Distt. S.A.S Nagar (Mohali) 140901, Pb. India**

(On the eve of birthday of Guru Hargobind Sahib)

# Destroyer of Evil Forces, The valiant Warrior the Benevolent Guru

## (ਦਲ ਭੰਜਨ ਗੁਰ ਸੂਰਮਾ ਵਡ ਜੋਧਾ ਬਹੁ ਪਰਉਪਕਾਰੀ)

*Sant Waryam Singh Ji*

When the True Emperor Guru Arjan Dev was bestowed the position of the Guru, Prithi Chand, who was his elder brother, was always making plans to have the Gurudom for himself by fair means or foul, but according to the Command of Guru Ramdas, Guru Arjan Dev alone was entitled to Gurudom. Prithi Chand took Guru Arjan's appointment very ill and he put many obstacles in the propagation of Guru's message. The one tenth part of the income (which every Sikh is expected to give for the spread of his religion & its activities) which normally came to the treasury of the Guru, after being collected by the *Massands* was now being realised by Prithi Chand through his own agents. His method was to stop the congregations from attending Guru Arjan's meetings, but later on sent them to partake of the *langar* of Guru *Maharaj*. When Bhai Gurdas arrived in Amritsar from Agra, he found that coarse food was being served at the *langar* and understood the matter from Mata Ganga Ji (Guru's wife). He alongwith some other Sikhs tried to bring Prithi Chand on the right path, by telling him that Gurudom was not the hereditary right of anyone. This blessing is bestowed by *Akal Purakh* Himself. But Prithi Chand did not accept any of such advice. Bhai Gurdas, taking eminent Sikh devotees with him intimated the true position to the Sikh masses. The religious people crowded to get a glimpse (*darshan*) of the Fifth True Emperor.

Guru Maharaj's marriage was 14 years old, but so far there was no issue. Once Mata Karma, wife of Prithi Chand severely taunted Mata Ganga Ji, when after Mata Ganga Ji had washed her *Kesha's* (long hair) some drops of water got sprinkled on Mata Karma. She had said, you yourself are a barren woman and you want to uproot my family line too (by this sprinkling of water from your hair). Prithi Chand too consoled his wife by saying Guru Arjan would have no child. All the property belongs to us. We are going to inherit the whole thing. Guru Arjan's family has neither a son nor daughter; no kin, no army. Mata Ganga Ji intimated the whole incident to Guru Arjan Dev and begged for the boon of a son. Guru Ji pointed towards Baba Buddha Ji, who was a holy man of realization having acquired perfect knowledge. Guru Ji ordained that he had already said in *Sukhmani Sahib* :

> *He, who prays for four cardinal boons, should apply himself to the service of the holymen.*
>
> ਚਾਰਿ ਪਦਾਰਥ ਜੇ ਕੋ ਮਾਗੈ।। ਸਾਧ ਜਨਾ ਕੀ ਸੇਵਾ ਲਾਗੈ।। ਅੰਗ - 266

**So you should serve the Guru's Sikh and receive his blessings. You are sure to get the gift of the son. Mata Ganga Ji, with the deepest faith carried the basket food on her head and went to Baba Buddha Ji walking all the distance on foot. Baba Ji was pleased and pronounced his blessings :**

*From your womb a great warrior will be born.*
*His valour and virtues nobody will equal.*
***ਤੁਮਰੇ ਗ੍ਰਿਹਿ ਪ੍ਰਗਟੇਗਾ ਜੋਧਾ,***
***ਜਾਕੋ ਬਲ ਗੁਨ ਕਿਨਹੂੰ ਨ ਸੋਧਾ।***

**Baba Ji said, just as I have crushed the onion, similarly the son (to be born) would shatter the skulls of the *Mughals*. He will be a leader of both spiritual power and worldly power. He will conquer countless enemies on the battlefield. Guru Maharaj felt very happy, on hearing Baba Buddha Ji's predictions to Mata Ganga. Prithi Chand made many attacks on the family with the help of magic and witch craft but with no result. The birth of the, Guru Hargobind took place on 9th June, 1595, at a place called *Wadali*. Prithi Chand resorted to very contemptible steps. The mid wife wished to poison the baby by making him drink poisoned milk. The midwife applied poison to her nipples; but Mata Ji heard the sound of child's weeping and reached there in time to stop the poisoning of the child. The poison was very strong and the midwife died of that very poison. She confessed that she had been sent to poison the child Prithi Chand.**

**Also Prithi Chand hatched a conspiracy to take the help of the snake-charmer. The serpent was dropped on Guru Hargobind; but he held the neck of the serpent in his hand and crushed it to death. In the same way, Prithi Chand arranged to kill the child, by sending poisoned curds through a Brahman. This Brahman felt a fetal pain in his stomach, of which he died. When that curd was given to a dog to eat, the dog died. It is recorded in history, that during his childhood, the child received the knowledge of the alphabet from Bhai Gurdas. In addition, he received training in the art of astrology, farming, the knowledge of political affairs, horsemanship, handling the spear and the gun. Military training was given to him by Jetha Ji.**

**When the Fifth Master was about to leave for Lahore to offer martyrdom, he exhorted Baba Buddha Ji to follow the traditional method of giving *Guru Gaddi*. He remarked that his end was near. According to Bhai Kesar Singh Chhibber :**

*Guru Arjan Dev made Bhai Gurdas sit besides himself and handed over to him the charge of (Guru) Hargobind Sahib.*
*He was convinced of his ultimate sacrifice.*
*He said, "I am moving to the court of Turks, Who will extend lame excuses. You will make Duaba region as your abode; I have to make a sacrifice, there is no doubt about it as this seems to be the Supreme Will."*
*He bowed before sangat and left.*
*He was now surrounded by degenerated cruel people.*
*After series of questions & answers, he was imprisoned and tortured.*
***ਹਰਿਗੋਬਿੰਦ ਦੀ ਬਾਹਿ ਪਕੜਾਈ। ਭਾਈ ਗੁਰਦਾਸ ਨੂੰ ਬੈਠ ਸਮਝਾਇਆ।***
***ਸਾਡਾ ਲਗੇਗਾ ਸੀਸ ਇਹ ਨਿਸਚਾ ਆਇਆ। ਅਸਾਂ ਹੋਇਆ ਤੁਰਕਾਂ ਵਿਚ ਜਾਣਾ।***
***ਉਨ੍ਹਾਂ ਕਰਨੀ ਹੈ ਹੁਜਤ। ਤੁਸਾਂ ਦੁਆਬੇ ਵਿਚ ਕਰਨਾ ਟਿਕਾਣਾਂ।***
***ਸਰੀਰ ਹੈ ਛੁਟਣਾ, ਸੰਸਾ ਨਹੀਂ ਕੋਈ। ਰਜਾਇ ਖਾਵੰਦ ਦੀ ਹੈ, ਇਸ ਤਰ੍ਹਾਂ ਹੋਈ।***
***ਸਾਹਿਬ ਮਥਾ ਟੇਕ ਵਿਦਿਆ ਹੋਇ ਗਏ। ਦੁਸ਼ਟ-ਚੌਕੜੀ ਵਿਚ ਆਵਤ ਭਏ।***
***ਜੁਆਬ ਸੁਆਲ ਬਹੁਤ ਹੀ ਹੋਇਆ। ਭਹੇ ਕੈਦ ਦੁਖ***

ਪਾਇਆ, ਸੁਖ ਖੋਇਆ। (ਬੰਸਾਵਲੀ ਨਾਮਾ)

While departing for Lahore, he guessed the seriousness of the occasion, and advised the child Guru Hargobind thus : Dear son, hard times are coming. The forces of evil are bent on uprooting the fundamental human rights. The house of Guru Nanak teaches the world : Live with truth, deal with love with all, and to protect human dignity as well as freedom. From True Emperor Guru Nanak, right upto our time, we have been leading a life of full peace and equanimity. We removed from the heart of man the fear of death and united him with *Akal Purakh*. We have made man cross death. Understanding the purpose of life has been started among the Sikhs of the Guru; they neither cause fear to anybody nor do they feel the fear from anyone. Dear son, one can feel peace and happiness in one's life, only if he neither causes fear to anyone nor suffers illegitimate fear of anyone. The highest purpose of life is that you live a life of happiness and playfulness, and enable the world to live a life of joys. The duty of a ruler is to protect one's fundamental rights, by meeting out justice to all. These *Moghal* rulers have forgotten this golden rule. They have bade farewell to justice and are inflicting various kinds of atrocities on people. To meekly suffer them is cowardice. We have taught the Sikhs of the Guru the knowledge to lead a life of purity. They have realised their Self. That (soul) can be cut neither by the sword, nor drowned in water, nor can it be burnt by fire, nor can it be killed by any other way. Guru's Sikhs leading the life according to Divine law are desirous of bringing happiness to people. Now these rulers have assumed the role of the butchers. By axing their basic rights, they have made the people very weak. Till now, these basic rights have been protected by love, affection and auspicious exhortations. But today's ruler is blind and deaf. He is not ready to hear this counsel of law.

So there are only two alternatives before man; one that he allows himself to be butchered like sheep and goats; and second, to practise force as an organisation against these rabid rulers, to teach them right thinking. People with self respect should be brought into prominence; and they as an organisation should employ their power to end such injustices. Till now, we have been preaching the lesson of peace; now it has become necessary to teach the lesson of force also, along with it; so you have yourself to bear arms and also create the Sikhs as a valiant community. Its spiritual aspect would be of a saint, but its worldly aspect should be that of a great warrior. Before now, a large number of great personalities, after acquiring the life of sanyas have moulded themselves into active selfless workers (Karam Yogis). Shri Krishan Maharaj and Shri Ram Chander were totally unattached. They took arms to give punishment to the evil persons in order to remove the troubles of the world and end the evil practices. When we go to Lahore, we will sacrifice our head, because we are not going to submit to unprincipled things. As a result of this, we will have to offer martyrdom.

And so it happened. Guru Ji was made to sit on burning round iron plate; he was boiled in boiling waters. The Sixth Master, when ascending the seat of Gurudom, wore the two swords of one spiritualism and second of a warrior. He wore a plume over his head dress and started sitting on the throne (to give the demonstration of being a true king). Mr. Cunningom states that this martyrdom of the Fifth master made a profound impression on the thinking of the

**Sikhs and instead of just advancing the devotional programme, they began embracing the way of martyrdom. In a short period, Guru Hargobind emerged as a military leader. While he was an eminent spiritual Guru, alongwith that, he also preached taking up arms and even offering martyrdom for achieving the success of the body (life). Mr. Scott writes that these worshippers of *Waheguru* were bestowed one common Gospel (*Guru Granth Sahib*), one central place of pilgrimage (Amritsar) and one set of rules of conduct (maryada) for all.**

**After the martyrdom of the Fifth True Master, Guru Arjan, the sentiment to give battle to the rulers also emerged in the hearts of the *Sikhs*. The Sikhs began to wear arms and determined to wipe out the evil forces. Whereas Guru Maharaj helped the Sikhs to enter exalted stages of martyrdom, alongwith that, he gave them the idea to conquer bodily weaknesses in order to employ the body for the welfare of the people, thereby making a success of this life. Bhai Gurdas ordains the changed situation thus, in his 39th var :**

*The first five Gurus held the hands of the people and the sixth Guru Hargobind is incomparable God-Guru.*
*He is the king of spirituality as well as temporality and is in fact irremovable emperor of all the kings.*
*Assimilating the unbearable knowledge of the earlier five cups (Gurus) in the inner core of his mind he remains merry and wise mediator for humanity.*
*In spite of the six philosophies and their sects in the strung of one philosophy.*
*He has churned the essence of the lives of celibate ascetics, the followers of truth, contented people, the siddhs and naths (yogis) and the (so called) incarnations of God.*
*All the eleven Rudrs remain in the ocean but those (divers) who seek life in death get the invaluable jewels.*
*All the twelve zodiac signs of sun, sixteen phases of moon and numerous constellations have provided a beautiful swing for him.*
*This Guru is omniscient yet he possesses a childlike innocence.*

ਦਸਤਗੀਰ ਹੁਇ ਪੰਜ ਪੀਰ ਹਰਿ ਗੁਰੁ ਹਰਿਗੋਬਿੰਦ ਅਤੋਲਾ।
ਦੀਨ ਦੁਨੀ ਦਾ ਪਾਤਸ਼ਾਹ ਪਾਤਸ਼ਾਹਾਂ ਪਾਤਸ਼ਾਹ ਅਡੋਲਾ।
ਪੰਜ ਪਿਆਲੇ ਅਜਰੁ ਜਰਿ ਹੋਇ ਮਸਤਾਨ ਸੁਜਾਣ ਵਿਚੋਲਾ।
ਤੁਰੀਆ ਚੜ੍ਹਿ ਜਿਣਿ ਪਰਮਤੱਤੁ ਛਿਅ ਵਰਤਾਰੇ ਕੋਲੋ ਕੋਲਾ।
ਛਿਅ ਦਰਸ਼ਨ ਛਿਅ ਪੀੜ੍ਹੀਆਂ ਇਕਸੁਦਰਸਨੁ ਅੰਦਰਿ ਗੋਲਾ।
ਜਤੀ ਸਤੀ ਸੰਤੋਖੀਆਂ ਸਿਧ ਨਾਥ ਅਵਤਾਰ ਵਿਰੋਲਾ।
ਗਿਆਰਹ ਰੁਦ੍ਰ ਸਮੁੰਦ੍ਰ ਵਿਚ ਮਰਿ ਜੀਵੇ ਤਿਸੁ ਰਤਨ ਅਮੋਲਾ।
ਬਾਰਹ ਸੋਲਾ ਮੇਲ ਕਰਿ ਵੀਹ ਇਕੀਹ ਚੜ੍ਹਾਉ ਹਿੰਡੋਲਾ।
ਅੰਤਰਜਾਮੀ ਬਾਲਾ ਭੋਲਾ।।

ਭਾਈ ਗੁਰਦਾਸ ਜੀ, ਵਾਰ 39/3

**This changed programme brought about a revolution. He created courage in the heart of each Sikh to live a life of self-respect. Now the congregations started offering weapons of war, military steeds, war materials in the service of the Guru. Congregations were held everyday, morning and evening. At dawn, there was inauguration of spiritualism in a full measure; and at the evening congregations, brave accounts of the warriors were sung. The heards of the cows were getting converted into lions. For the protection of the religious crops, a hedge was being created. Many devotees had doubts about this changed programme. Bhai Gurdas records**

**thus in the 24th *Pauri* of his 26th Var :**

*The earlier Gurus considered that to give instructions and to preach to the people, one has to sit at one place known as dharamsala, but this Guru (Hargobind) does not stick to one place.*
*Earlier emperors would visit the house of the Guru, but this Guru has been interned by the king in a fort.*
*The sangat coming to have his glimpse cannot find him in the palace (because generally he is not available).*
*Neither he is scared of anybody nor does he scare any one yet he is always on the move.*
*Earlier Gurus sitting on the seat instructed people to be content but this Guru rears dogs and goes out for hunting.*
*The Gurus used to listen to Gurbani but this Guru neither recites nor (regularly) listens to hymn-singing.*
*He does not keep his follower servants with him and rather maintains nearness with the wicked and the envious ones (Guru had kept Painde Khan nearby).*
*But the truth is never concealed and that is why on the lotus feet of the Guru, the mind of Sikhs hover like a greedy black-bee.*
*Guru Hargobind has borne the unbearable and he has not made himself manifest.*

ਧਰਮਸਾਲ ਕਰ ਬਹੀਦਾ ਇੱਕਤ ਥਾਂ ਨ ਟਿਕੈ ਟਿਕਾਯਾ।
ਪਾਤਸ਼ਾਹ ਘਰ ਆਂਵਦੇ ਗੜ੍ਹ ਚੜ੍ਹਿਆ ਪਤਿਸ਼ਾਹ ਚੜ੍ਹਾਯਾ।
ਉੱਮਤ ਮਹਿਲ ਨ ਪਾਵਦੀ ਨਠਾ ਫਿਰੈ ਨ ਡਰੈ ਡਰਾਯਾ।
ਮੰਜੀ ਬਹਿ ਸੰਤੋਖਦਾ ਕੁੱਤੇ ਰੱਖ ਸ਼ਿਕਾਰ ਖਿਲਾਯਾ।
ਬਾਣੀ ਕਰ ਸੁਣ ਗਾਂਵਦਾ ਕਥੈ ਨ ਸੁਣੈ ਨ ਗਾਂਵ ਸੁਣਾਯਾ।
ਸੇਵਕ ਪਾਸ ਨ ਰੱਖੀਅਨਿ ਦੋਖੀ ਦੁਸ਼ਟ ਆਗੂ ਮੁਹਿ ਲਾਯਾ।
ਸੱਚ ਨ ਲੁਕੈ ਲੁਕਾਇਆ ਚਰਣ ਕਵਲ ਸਿੱਖ ਭਵਰ ਲੁਭਾਯਾ।
ਅਜਰ ਜਰੈ ਨ ਆਪ ਜਣਾਯਾ।।

ਭਾਈ ਗੁਰਦਾਸ ਜੀ, ਵਾਰ – 26/24

*Around the agricultural field the bushes are kept as fence and around the garden acacia trees (for its safety) are planted.*
*The sandalwood tree is entwined by snakes and for the safety of treasure the lock is used and the dog also remains awake.*
*Thorns are known to live near flowers and during the holi revelry among the turbulent crowd one or two wise men also remain present.*
*As the jewel remains in the head of black cobra the philosopher's stone remains surrounded by stones.*
*In the garland of jewels on both the side of a jewel glass is kept to protect it and the elephant remains tied with the thread of love.*
*Lord Krishna for his love for the devotees goes to Vidur's home when hungry and the latter offers him beans of sag, a green leafy vegetable.*
*The Sikh of the Guru becoming black bee of the lotus feet of the Guru, ought to attain good fortune in the holy congregation.*
*He should further know that cup of the love of the Lord is got after very hard labour.*

ਖੇਤੀ ਵਾੜ ਸੁ ਢਿੰਗਰੀ ਕਿੱਕੁਰ ਆਸ ਪਾਸ ਜਿਉਂ ਬਾਗੈ।।
ਸੱਪ ਲਪੇਟੇ ਚੰਨਣੈ ਬੂਹੇ ਜੰਦਾ ਕੁਤਾ ਜਾਗੈ।।
ਕਵਲੈ ਕੰਡੇ ਜਾਣੀਅਨਿ ਸਿਆਣਾ ਇਕ ਕੋਈ ਵਿਚ ਫਾਗੈ।।
ਜਿਉਂ ਪਾਰਸ ਵਿਚ ਪੱਥਰਾਂ ਮਣਿ ਮਸਤਕਿ ਜਿਉਂ ਕਾਲੈ ਨਾਗੈ।।
ਰਤਨ ਸੋਹੈ ਗਲ ਪੋਤ ਵਿਚ ਮੈਗਲ ਬੱਧਾ ਕੱਚੈ ਧਾਗੈ।।
ਭਾਵ ਭਗਤਿ ਭੁਖ ਜਾਇ ਘਰ ਬਿਦਰ ਖਵਾਲੈ ਪਿੱਨੀ ਸਾਗੈ।।
ਚਰਣ ਕਵਲ ਗੁਰ ਸਿੱਖ ਭਉਰ ਸਾਧਸੰਗਤ ਸਹਲੰਗ ਸਭਾਗੈ।।
ਪਿਰਮ ਪਿਆਲੈ ਦੁੱਤਰੁ ਝਾਗੈ।।

ਭਾਈ ਗੁਰਦਾਸ ਜੀ, ਵਾਰ – 26/25

# Baba Banda Singh Bahadur

*Bhai Gurbakhsh Singh Ji*

## The Early Life

He was born in October 1670 in a Rajput family doing farming in village Rajouri, district Punch, State of Kashmir. He was named Lachman Dev. As a child he was very fond of horse riding, martial art, hunting and was expert in use of bow and arrow and other weapons used in wars at that time.

At the age of 15 years while hunting a she-deer and tearing the belly of the deer, he saw twin unborn off springs writhing in pain and dying in front of his eyes. He was so much moved of this happening that he left hunting and became an ascetic. His father was a kind religious person and used to give free food and shelter to the visiting saints, sadhus and holy persons. Lachman Dev's attention turned towards them.

He became follower of Sadhu Ram Daas of Ram Thamman near Lahore (now in Pakistan). After some time he followed Janaki Daas. His name was changed to Madho Daas. While moving from place to place, he reached Punchvati near Nasik in Maharashtra and became follower Sadhu Aughhar Nath. Madho Daas served Aughhar Nath with full devotion for 5 years. Aughhar Nath pleased with his services, bestowed him with all his virtues, occult powers and even his own created holy book. Aughhar Nath expired in 1691. Thus at the age of 21 years, Madho Daas, the Rajput youth attained miraculous powers and reached Nander to set up his own Ashram.

Thus living at Nander since the last 16 years, in the year 1708, a the age of 38 years, Madho Daas with lot of miraculous powers and fame was a master of a big Ashram and was very proud of his wisdom, meditation, occult powers and fame. He started insulting, putting down all saints, sadhus, intellectuals, faquirs etc. who so ever came to his Dera.

## The Prevailing Circumstances in 1704

Guru Gobind Singh Ji left Anandpur Sahib in Dec 1704 along with his family and the Sikhs in the most compelling and incomparable circumstances. The 10 lakh forces of Mugal and their aiding Pahari Kings had assured the Guru that no one will be harmed when he left Anand Pur, but had attacked him from all sides and on one side the river Sarsa was in spate. Even though Guru Gobind Singh Ji lost his four sons and unlimited Sikhs, he was still in high spirits and took all this as Will of God. His determination - never to compromise with the circumstances - but stand erect like a rock while doing his duty towards mankind was unshrinkable. While moving from North of Punjab towards South of Punjab he sent "Zaffar Nama" a letter of victory to Aurangzeb, the king of India through Bhai Daya Singh. This made Aurangzeb to repent for his sins. This is clear from his last letter to his son Kaam Bakash. It stated- "I came

alone in this world but without blemish. Now I am going with full of sins. I do not know about myself what will happen to me-my soul. I am full of evil deeds. When arrested in the court of God, I do not know what punishment I will meet." These lasting words of Aurangzeb had been engraved on his grave at his Makbra in Aurangabad.

Aurangzeb died in 1707 AD. An in-fight for the throne occurred in between his sons. His eldest son Bahadar Shah sought Guru's help. Bagadar Shah was a Shia Muslim. He promised Guru Gobind Singh Ji to hand over all who committed atrocities and were guilty. With the help of Guru, he became the next king of Hindustan in 1707. Even after that atrocities were going on in Punjab unabated and Bahadar Shah failed to fulfill his promises to the Guru perhaps for fears of unrest among the Muslim masses.

## Banda Singh coming in the fold of Guru Gobind Singh Ji

While moving towards South at Jai pur, a Mahant Jait Ram came to pay his respect to the Guru. Guru Sahib asked him to suggest for some good and holy persons. Mahant Jait Ram suggested some names and advised not to go to Madho Daas Bairagi, as he was very egoistic and insulted one and all. Instead, the Guru decided to face Madho Daas first of all rather than anybody else.

In September 1708 Guru Gobind Singh Ji along with few Sikhs reached at the Ashram of Madho Daas Bairagi, At that time he was not in his dera . The Guru took his seat and the Sikhs spread all over the Dera to arrange and cook food. Followers of Madho Daas ran and informed him of all about the happenings. Madho Daas used all his occult powers to insult, harass and let-down the Guru but failed in all his efforts. Full of rage, he came running to the Dera and shouted at the Guru " Who are you, and how come you have entered my Ashram? The Guru very calmly replied " You have all the power, you should know."

He said that he knew nothing about him. The Guru asked him to be calm and think it over. After some time, he said" Is it that you are Guru Gobind Singh?" The Guru replied : "Yes I am, now tell me, who are you?" His hands were folded and he said to the Guru" I am your Banda (slave)." Banda also means a good human being. The Guru said" If you are my Banda, then work as a Banda ( a good human being). He assured Guru Sahib to do as per his advice.

